# ਔਰਤ ਦੀ ਭੂਮਿਕਾ



ਬੈਟੀ ਬਰਟਨ ਚੋਟ

# THE ROLE OF WOMAN

## Author: Betty Burton Choate

**Punjabi Translation**

**by:**

Earnest Gill


**Published by:**

**Earnest Gill**

POST BOX 44

Chandigarh -160017

India

whatsapp 8284850007

hindibiblecourse@gmail.com

basicbiblecourse@gmail.com



# ਦੋ ਸ਼ਬਦ

ਔਰਤ ਦੀ ਭੂਮਿਕਾ ਤੇ ਕਿਤਾਬ ਅੱਜ ਦੇ ਦੌਰ ਵਿਚ ਬਾਈਬਲ ਨੂੰ ਖ਼ੁਦਾ ਦਾ ਵਚਨ ਮੰਨਣ ਵਾਲਿਆਂ ਲਈ ਇਕ ਵੱਡੀ ਰਾਹਤ ਦਾ ਕੰਮ ਕਰਦੀ ਹੈ।

ਘਰ ਵਿਚ ਹੋਵੇ ਜਾਂ ਕਲੀਸੀਆ ਵਿਚ, ਸਿਸਟਰ ਬੈਟੀ ਚੋਟ ਨੇ ਵਚਨ ਦੇ ਮੁਤਾਬਕ ਔਰਤ ਦੇ ਯੋਗਦਾਨ ਨੂੰ ਬਾਖੂਬੀ ਪੇਸ਼ ਕੀਤਾ ਹੈ। ਔਰਤਾਂ ਜੇ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਪੂਰਾ ਕਰਨ ਤਾਂ ਉਹ ਕਲੀਸੀਆ ਦੇ ਨਾਲ–ਨਾਲ ਬੇਹਤਰ ਸਮਾਜ ਦਾ ਨਿਰਮਾਣ ਵੀ ਕਰਣਗੀਆਂ।

ਹੱਥਲੀ ਪੁਸਤਕ ਅੰਗ੍ਰੇਜ਼ੀ ਤੋਂ ਇਲਾਵਾ ਦੁਨੀਆਂ ਦੀਆਂ ਹੋਰ ਭਾਸ਼ਾਵਾਂ ਵਿਚ ਪਹਿਲਾਂ ਵੀ ਛਪ ਚੁਕੀ ਹੈ। ਪੰਜਾਬੀ ਬੋਲਣ ਸਮਝਣ ਵਾਲਿਆਂ ਲਈ ਆਪਣੀ ਭਾਸ਼ਾ ਵਿਚ ਅਜਿਹੀ ਪੁਸਤਕ ਦਾ ਹੋਣਾ ਜ਼ਰੂਰੀ ਹੈ।

ਹਰ ਪਾਠ ਦੇ ਅਖ਼ੀਰ ਵਿਚ ਚਰਚਾ ਕਰਨ ਲਈ ਸਵਾਲ ਦਿੱਤੇ ਗਏ ਹਨ। ਤੁਸੀਂ ਇਨ੍ਹਾਂ ਸਵਾਲਾਂ ਨੂੰ ਬਾਈਬਲ ਦੀ ਰੌਸਨੀ ਵਿਚ ਰੱਖ ਕੇ ਚਰਚਾ ਕਰੋ ਅਤੇ ਫਿਰ ਆਪਣੇ ਦਿੱਤੇ ਜਵਾਬਾਂ ਨੂੰ ਕਿਤਾਬ ਦੇ ਅਖ਼ੀਰ ਵਿਚ ਦਿੱਤੇ ਗਏ ਜਵਾਬਾਂ ਦੇ ਨਾਲ ਮਿਲਾਓ ਅਤੇ ਵੇਖੋ ਕਿ ਤੁਹਾਡੇ ਵਿਚਾਰ ਬਾਈਬਲ ਦੇ ਨਾਲ ਮਿਲਦੇ ਹਨ ਜਾਂ ਨਹੀਂ। ਜੇ ਮਿਲਦੇ ਹਨ ਤਾਂ ਉਸ ਨੂੰ ਮੰਨ ਕੇ ਓਸੇ ਤਰ੍ਹਾਂ ਕਰੋ। ਆਸ ਹੈ ਕਿ ਤੁਸੀਂ ਇਸ ਕਿਤਾਬ ਵਿਚ ਲੇਖਿਕਾ ਵੱਲੋਂ ਕੀਤੇ ਗਏ ਬਾਈਬਲ ਦੇ ਡੂੰਘੇ ਅਧਿਐਨ ਦਾ ਲਾਹਾ ਲੈਂਦੇ ਹੋਏ ਸਾਰੇ ਇਸ ਨੂੰ ਆਪਣੀ ਜ਼ਿੰਦਗੀ ਵਿਚ ਬੇਹਤਰ ਢੰਗ ਨਾਲ ਅਮਲ ਵਿਚ ਲਿਆ ਸਕੋਗੇ।

ਖ਼ੁਦਾ ਤੁਹਾਨੂੰ ਬਰਕਤ ਦਵੇ
ਅਰਨਸਟ ਗਿੱਲ



# ਭੂਮਿਕਾ

ਔਰਤ ਹੋਣਾ, ਫੇਰ ਵਿਆਹੁਤਾ ਹੋ ਕੇ ਕਿਸੇ ਦੀ ''ਅਰਧਾਂਗਣੀ'' ਬਣਨਾ, ਬੱਚਿਆਂ ਅਤੇ ਦੋਹਤ ਅਤੇ ਪੋਤ ਦਾ ਹੋਣਾ ਅਤੇ ਉਸ ਤੋਂ ਵੀ ਵੱਧ ਕੇ ਮਸੀਹੀ ਹੋਣਾ, ਅਜਿਹੀ ਜ਼ਿੰਦਗੀ ਦਾ ਹੋਣਾ ਜਿੱਥੋਂ ਤਕ ਵੀ ਹੋ ਸਕੇ ਸੰਸਾਰ ਵਿਚ ਖ਼ੁਦਾ ਦੀ ਯੋਜਨਾ ਦੀ ਖ਼ੂਬਸੂਰਤੀ ਅਤੇ ਸੰਪੂਰਣਾ ਨੂੰ ਪਾਪ ਅਤੇ ਉਹਦੇ ਨਤੀਜਿਆਂ ਨਾਲ ਭਰੀ ਇਸ ਦੁਨੀਆਂ ਵਿਚ ਜਾਣਦਾ ਹੈ।

ਖ਼ੁਦਾ ਦੇ ਵਿਸ਼ਾਲ ਪਰਿਵਾਰ ਵਿਚ ਉਸ ਦੀ ਸੰਤਾਨ ਹੋਣ ਅਤੇ ਉਸ ਦੇ ਵਨ ਦੇ ਆਪਣੇ ਅਧਿਐਨ ਦੇ ਇਸ ਲਿਖਤੀ ਰੂਪ ਨੂੰ ਸਾਂਝਾ ਕਰਨ ਦੇ ਮਿਲੇ ਮੌਕੇ ਦੀ ਬਰਕਤ ਲਈ ਮੈਂ ਉਸ ਦੀ ਬੜੀ ਸ਼ੁਕਰਗੁਜ਼ਾਰ ਹਾਂ। ਮੇਰੀ ਦੁਆ ਹੈ ਕਿ ਇਹ ਪਾਠ ਉਨ੍ਹਾਂ ਸਾਰਿਆਂ ਲਈ ਜਿਹੜੇ ਇਨ੍ਹਾਂ ਨੂੰ ਪੜ੍ਹਨ, ਵੱਡੀ ਬਰਕਤ ਦਾ ਕਾਰਣ ਬਣਨ।

ਬੈਟੀ ਬਰਟਨ ਚੋਟ



# ਇਕ ਜਾਣ ਪਛਾਣ

ਇਸ ਕਿਤਾਬ ਦੀ ਜਾਣ ਪਛਾਣ ਲਿਖ ਸਕਣਾ ਸਚਮੁਚ ਵਿਚ ਖੁਸ਼ੀ ਦੀ ਗੱਲ ਹੈ। ਅਤੇ ਮੈਂ ਇਸ ਕਰਕੇ ਆਖਦਾ ਹਾਂ ਕਿ ਮੈਂ ਲੇਖਿਕਾ ਨੂੰ ਜਾਣਦਾ ਹਾਂ। ਮੈਂ ਉਸ ਦੇ ਪਿਛੋਕੜ ਤੋਂ ਕਾਵਫ਼ ਹਾਂ, ਮੈਂ ਔਰਤਾਂ ਦੀਆਂ ਮੁਸ਼ਕਿਲਾਂ ਅਤੇ ਉਨ੍ਹਾਂ ਦੀਆਂ ਲੋੜਾਂ ਦੇ ਸਬੰਧ ਵਿਚ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਉਸ ਦੀ ਕਾਬਲੀਅਤ ਨੂੰ ਜਾਣਦਾ ਮੈਂ ਜਾਣਦਾ ਹਾਂ ਕਿਉਂ ਜੋ ਉਹ ਮੇਰੀ ਪਤਨੀ ਹੈ। ਪਰ ਅਜਿਹਾ ਮੈਂ ਸਿਰਫ਼ ਇਸ ਕਰਕੇ ਨਹੀਂ ਆਖ ਰਿਹਾ ਕਿ ਉਹ ਮੇਰੀ ਪਤਨੀ ਹੈ ਬਲਕਿ ਇਸ ਲਈ ਆਖ ਰਿਹਾ ਹਾਂ ਕਿ ਜੋ ਮੈਨੂੰ ਪਤਾ ਹੈ ਕਿ ਇਹ ਗੱਲਾਂ ਸਹੀ ਹਨ।

ਇਹ ਲੇਖ ਮੂਲ ਵਿਚ ਭਾਰਤ ਵਿਚ ਛਪਣ ਵਾਲੇ ਸਾਡੇ ਕਈ ਰਸਾਲਿਆਂ ਵਿਚ ਛਪ ਛੁਕੇ ਹਨ। ਮੈਂ ਸਮੇਂ ਸਮੇਂ ਤੇ ਆਦਮੀ ਹੋਣ ਜਾਂ ਔਰਤਾਂ ਉਨ੍ਹਾਂ ਨੂੰ ਬੈਟੀ ਦੇ ਲੇਖਾਂ ਦੀ ਤਾਰੀਫ਼ ਕਰਦਿਆਂ ਸੁਣਿਆ ਹੈ। ਖ਼ਾਸਕਰ ਘਰ ਵਿਚ ਅਤੇ ਕਲੀਸੀਆ ਵਿਚ ਔਰਤਾਂ ਦੀ ਭੂਮਿਕਾ ਦੇ ਉਹਦੇ ਲੇਖਾਂ ਬਾਰੇ ਇਹ ਸਬਕ ਅਜਿਹੇ ਹਨ ਜਿਹੜੇ ਨਾ ਸਿਰਫ਼ ਭਾਰਤ ਵਿਚ ਬਲਕਿ ਪੂਰੀ ਦੁਨੀਆਂ ਵਿਚ ਬੜੇ ਹੀ ਜ਼ਰੂਰੀ ਹਹਨ। ਸਾਡੀ ਦੁਆ ਹੈ ਕਿ ਇਨ੍ਹਾਂ ਨੂੰ ਕਿਤਾਬ ਦਾ ਰੂਪ ਦੇਣ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਇਹ ਲੇਖ ਪੜ੍ਹਨ ਲਈ ਮਿਲ ਸਕਣ।

ਬੈਟੀ ਨਿੱਜੀ ਤਜ਼ਰਬੇ ਨਾਲ ਗੱਲ ਕਰਦੀ ਹੈ ਕਿਉਂ ਜੋ ਉਸ ਦਾ ਪਤੀ ਹੈ, ਬੱਚੇ ਹਨ ਅਤੇ ਦੋਹਤ ਪੋਤ ਵੀ ਹਨ। ਪਰ ਇਸ ਨਾਲੋਂ ਵੀ ਵੱਧ ਕੇ ਉਹ ਆਪਣੀ ਜ਼ਿੰਦਗੀ ਦੇ ਤਜ਼ਬਰੇ ਨਾਲ ਗੱਲ ਕਰਦੀ ਹੈ ਅਤੇ ਆਪਣੀ ਗੱਲ ਬਾਈਬਲ ਦੀ ਸਿੱਖਿਆ ਦੇ ਅਧਾਰ ਤੇ ਕਰਦੀ ਹੈ।

ਇਨ੍ਹਾਂ ਪਾਠਾਂ ਨੂੰ ਮੁਟਿਆਰਾਂ ਅਤੇ ਬਜ਼ੁਰਗ ਔਰਤਾਂ ਲਈ ਨਿੱਜੀ ਅਧਿਐਨ ਅਤੇ ਬਾਈਬਲ ਕਲਾਸ ਦੇ ਰੂਪ ਵਿਚ ਵਰਤਣ ਲਈ ਤਿਆਰ ਕੀਤਾ ਗਿਆ ਹੈ। ਫਿਰ ਵੀ ਯਾਦ ਰੱਖੋ ਕਿ ਕੋਈ ਕਿਤਾਬ ਜਾਂ ਸਮੱਗਰੀ ਉਦੋਂ ਤਕ ਕਿਸੇ ਕੰਮ ਦੀ ਨਹੀਂ ਹੁੰਦੀ ਜਦੋਂ ਤਕ ਤੁਸੀਂ ਆਪਣੀ ਨਿੱਜੀ ਜ਼ਿੰਦਗੀ ਵਿਚ ਅਤੇ ਆਪਣੀ ਪਾਰਿਵਾਰਿਕ ਜ਼ਿੰਦਗੀ ਵਿਚ ਅਮਲ ਵਿਚ ਨਹੀਂ ਲਿਆਂਉਂਦੇ। ਸਾਡੀ ਦੁਆ ਹੈ ਕਿ ਤੁਸੀਂ ਇਸ ਨੂੰ ਸਿਰਫ਼ ਨਿੱਜੀ ਜ਼ਿੰਦਗੀ ਵਿਚ ਹੀ ਨਹੀਂ ਬਲਕਿ ਪਾਰਿਵਾਰਿਕ ਜ਼ਿੰਦਗੀ ਵਿਚ ਵੀ ਅਮਲ ਵਿਚ ਲਿਆਓ।

ਇਨ੍ਹਾਂ ਪਾਠਾਂ ਤੇ ਤੁਹਾਡੇ ਵਿਚਾਰ ਲੈ ਕੇ ਬੈਟੀ ਨੂੰ ਚੰਗਾ ਲੱਗੇਗਾ ਅਤੇ ਉਮੀਦੇ ਹੈ ਕਿ ਇਸ ਨਾਲ ਉਹ ਹੋਰ ਵੀ ਸਬਕ ਤਿਆਰ ਕਰ ਸਕੇਗੀ।

ਜੇ.ਸੀ. ਚੋਟ (ਮਰਹੂਮ)
ਵਾਇਨੋਨਾ, ਮਿਸਿਸਿੱਪੀ
ਜੁਲਾਈ 16, 1999



# ਤਤਕਰਾ


| | | |
|---|---|---|
| 1 | ਭਲਾ ਔਰਤ ਆਦਮੀ ਨਾਲੋਂ ਘੱਟ ਹੈ? | 1 |
| 2 | ਰਚਨਾ ਦੀ ਤਰਤੀਬ ਅਤੇ ਮਨੁੱਖ ਦਾ ਡਿੱਗਣਾ | 5 |
| 3 | ਮਨੁੱਖ ਦੇ ਪਾਪ ਵਿਚ ਡਿੱਗਣ ਸਬੰਧੀ ਪਰਮੇਸ਼ੁਰ ਦੇ ਨਿਯਮ | 12 |
| 4 | ਇਸ ਦਾ ਕੀ ਮਤਲਬ ਹੈ ਕਿ ''ਉਹ ਬਾਲ ਜਣਨ ਦੇ ਵਸੀਲੇ ਨਾਲ ਬਚਾਈ ਜਾਵੇਗੀ?'' | 16 |
| 5 | ''ਆਦਮੀ ਲਈ ਉਹਦੇ ਵਰਗੀ ਸਹਾਇਕਣ'' ਤੋਂ ਕੀ ਭਾਵ ਹੈ? | 21 |
| 6 | ਭਲਾ ਔਰਤ ਐਲਡਰ ਜਾਂ ਡੀਕਨ ਬਣ ਸਕਦੀ ਹੈ? | 29 |
| 7 | ਭਲਾ ਔਰਤ ਮੰਡਲੀ ਵਿਚ ਪ੍ਰਚਾਰ ਕਰ ਸਕਦੀ ਹੈ? | 36 |
| 8 | ਭਲਾ ਔਰਤ ਸਿੱਖਿਆ ਦੇ ਸਕਦੀ ਹੈ? | 41 |
| 9 | ਜੇ ਕੋਈ ਆਦਮੀ ਹੀ ਔਰਤ ਨੂੰ ਮੰਡਲੀ ਵਿਚ ਬੋਲਣ ਲਈ ਕਹੇ? | 46 |
| 10 | ਭਲਾ ਬੰਦਗੀ ਦੌਰਾਨ ਔਰਤਾਂ ਲਈ ਸਿਰ ਕੱਜਣਾ ਲਾਜ਼ਮੀ ਹੈ? | 50 |
| 11 | ਭਲਾ ਮੰਡਲੀ ਵਿਚ ਔਰਤ ''ਬੋਲੀਆਂ'' ਬੋਲ ਸਕਦੀ ਹੈ? | 63 |
| 12 | ਮਾਤਾਓ, ਆਪਣੇ ਬਾਲਾਂ ਅਤੇ ਬਾਲੜੀਆਂ ਨੂੰ ਸਿਖਾਓ ਅਤੇ ਨਿਪੁਣ ਕਰੋ | 73 |
| 13 | ਔਰਤਾਂ ਦੀ ਭੂਮਿਕਾ ਕੀ ਹੈ? | 81 |
| | ਸਾਰੇ ਪਾਠਾਂ ਦੇ ਅਖ਼ੀਰ ਵਿਚ ਦਿੱਤੇ ਗਏ ਸਵਾਲਾਂ ਦੇ ਜਵਾਬ | 91 |



## ਪਾਠ 1

# ਭਲਾ ਔਰਤ ਆਦਮੀ ਨਾਲੋਂ ਘੱਟ ਹੈ?

ਕੁਝ ਲੋਕਾਂ ਦਾ ਕਹਿਣਾ ਹੁੰਦਾ ਹੈ ਕਿ ਆਦਮੀ, ਭਾਵੇਂ ਔਰਤ ਦਾ ਪਤੀ ਹੀ ਹੈ, ਪਰ ਫਿਰ ਵੀ ਔਰਤ ਉਸ ਦੀ ਗ਼ੁਲਾਮ ਨਾਲੋਂ ਵਧਕੇ ਕੁਝ ਨਹੀਂ ਹੈ। ਉਹਦਾ ਕੰਮ ਬੱਚੇ ਪੈਦਾ ਕਰਨਾ, ਘਰ ਦੀ ਸਾਂਭ ਸੰਭਾਲ ਕਰਨਾ ਅਤੇ ਖਾਣਾ ਤਿਆਰ ਕਰਨਾ ਹੀ ਹੈ। ਕੁਝ ਲੋਕ ਤਾਂ ਇਹ ਵੀ ਸਿਖਾਉਂਦੇ ਹਨ ਕਿ ਔਰਤ, ਔਰਤ ਦੇ ਰੂਪ ਵਿਚ ਬਚਾਈ ਨਹੀਂ ਜਾ ਸਕਦੀ। ਇਹਦੇ ਲਈ ਉਹਦੇ ਵਾਸਤੇ ਜ਼ਰੂਰੀ ਹੈ ਕਿ ਉਹ ਦੁਬਾਰਾ ਜਨਮ ਲਵੇ ਅਤੇ ਆਦਮੀ ਬਣੇ।

ਇਸ ਵਿਚਾਰ ਨੂੰ ਰੱਦਦੇ ਹੋਏ, ''ਵਿਮੈਨਜ਼ ਲਿਬਰੇਸ਼ਨ ਮੂਵਮੈਂਟ'' ਜੋ ਦੁਨੀਆਂ ਦੇ ਵਿਕਸਿਤ ਦੇਸ਼ਾਂ ਵਿਚ ਫੈਲ ਚੁੱਕੀ ਹੈ, ਦਾ ਐਲਾਨ ਹੈ ਕਿ ਔਰਤ ਹਰ ਪੱਖੋਂ ਆਦਮੀ ਦੇ ਬਰਾਬਰ ਹੈ। ਇਹ ਮੂਵਮੈਂਟ ਇਸ ਬਰਾਬਰੀ ਦਾ ਪੱਖ ਹੀ ਕਾਇਮ ਨਹੀਂ ਕਰਦੀ, ਬਲਕਿ ਇਸ ਦਾ ਮਕਸਦ ਤਾਂ ਦੁਨੀਆਂ ਵਿਚ ਔਰਤਾਂ ਨੂੰ ਮਰਦਾਂ ਨਾਲੋਂ ਵੱਧ ਇਖ਼ਤਿਆਰ ਦੁਆਉਣਾ ਹੈ। ਇਸ ਨੇ ਆਦਮੀ ਅਤੇ ਔਰਤ ਵਿਚਕਾਰ ਮੁਕਾਬਲੇ ਦੀ ਭਾਵਨਾ ਭਰ ਦਿੱਤੀ ਹੈ, ਜਿਸ ਦਾ ਨਤੀਜਾ ਦੁਸ਼ਮਣੀ ਅਤੇ ਕੜਵਾਹਟ ਹੀ ਹੈ।

***ਵਿਚਾਰ ਕਰਨ ਵਾਲੀ ਗੱਲ***

*ਤੁਹਾਨੂੰ ਕੀ ਲਗਦਾ ਹੈ ਕਿ ਲੋਕਾਂ ਦੇ ਵਿਹਾਰ ਵਿਚ ਐਨੀ ਇੰਤਿਹਾ ਕਿਉਂ ਆ ਗਈ ਹੈ? ਭਲਾ ਔਰਤਾਂ ਨਾਲ ਕੁਝ ਆਦਮੀਆਂ ਦੇ ਸਲੂਕ ਕਾਰਣ ਇਹ ਨਕਾਰਾਤਮਕ ਪ੍ਰਤੀਕਿਰਿਆ ਹੋਈ ਹੋਵੇਗੀ? ਭਲਾ ਤੁਹਾਨੂੰ ਲਗਦਾ ਹੈ ਕਿ ਦੁਨੀਆਂ ਵਿਚ ਜਿੱਥੇ ਵੀ ਵਿਹਾਰ ਵਿਚ ਇੰਤਿਹਾ ਹੋਈ ਹੈ ਉੱਥੇ ਸੱਭਿਆਚਾਰ ਤੇ ਅਸਰ ਪਿਆ ਹੈ ਅਤੇ ਲੋਕ ਪ੍ਰਭਾਵਿਤ ਹੋਏ ਹਨ?*

ਅਸੀਂ ਚਾਹੁੰਦੇ ਹਾਂ ਕਿ ਅਸੀਂ ਸਿੱਖੀਏ ਕਿ ਔਰਤ ਦੇ ਫ਼ਰਜ਼ ਅਤੇ ਆਦਮੀ ਨਾਲ ਉਸ ਦੇ ਸਬੰਧ ਬਾਰੇ ਖ਼ੁਦਾ ਕੀ ਕਹਿੰਦਾ ਹੈ। ਨਾ ਤਾਂ ਬੁੱਤਪ੍ਰਸਤੀ ਅਤੇ ਨਾ ਹੀ ਇਹ ਆਜ਼ਾਦੀ ਦੀ (ਲਿਬਰੇਸ਼ਨ) ਮੂਵਮੈਂਟ ਖ਼ੁਦਾ ਵੱਲੋਂ ਹੈ। ਪਰ ਬਾਈਬਲ ਵਿੱਚੋਂ ਸਾਨੂੰ ਸਾਫ਼ ਪਤਾ ਲਗਦਾ ਹੈ ਕਿ ਖ਼ੁਦਾ ਨੇ ਔਰਤ ਨੂੰ ਕੀ ਕੰਮ, ਭੂਮਿਕਾ ਅਤੇ ਦਰਜਾ ਦਿੱਤਾ ਹੈ।

ਭਲਾ ਔਰਤ ਆਦਮੀ ਨਾਲੋਂ ਘੱਟ ਹੈ? ਬਾਈਬਲ ਦੀ ਪਹਿਲੀ ਕਿਤਾਬ, ਉਤਪਤ ਵਿਚ ਅਸੀਂ ਇਸ ਦਾ ਜਵਾਬ ਦੇਖਦੇ ਹਾਂ। ਜਦ ਖ਼ੁਦਾ ਸਾਰੇ ਜੰਗਲੀ ਜੀਵਾਂ ਨੂੰ ਬਣਾ ਚੁਕਿਆ, ਤਾਂ ਅੰਤ ਵਿਚ ਉਸ ਨੇ ਆਦਮੀ ਨੂੰ ਬਣਾਇਆ ਅਤੇ ਉਨ੍ਹਾਂ ਨੂੰ *''ਆਦਮੀ ਕੋਲ ਲੈ ਗਿਆ, ਤਾਂ ਜੋ ਉਹ ਵੇਖੇ ਕਿ ਉਹ ਕਿਵੇਂ ਉਨ੍ਹਾਂ ਨੂੰ ਸੱਦੇਗਾ ਅਤੇ ਜੋ ਕੁਝ ਆਦਮੀ ਨੇ ਉਸ ਜੀਉਂਦੇ ਪ੍ਰਾਣੀ ਨੂੰ ਸੱਦਿਆ ਸੀ, ਸੋ ਉਹ ਦਾ ਨਾਉਂ ਹੋ ਗਿਆ। ਇਸ ਤਰ੍ਹਾਂ ਆਦਮੀ ਨੇ ਸਾਰੇ ਡੰਗਰਾਂ ਨੂੰ ਅਰ ਅਕਾਸ਼ ਦੇ ਪੰਛੀਆਂ ਨੂੰ ਅਰ ਜੰਗਲ ਦੇ ਸਾਰੇ ਜਾਨਵਰਾਂ ਦੇ ਨਾਓਂ ਦਿੱਤੇ ਪਰ ਆਦਮੀ ਲਈ ਅਜੇ ਕੋਈ ਸਹਾਇਕਣ ਉਹਦੇ ਵਰਗੀ ਨਹੀਂ ਮਿਲੀ''* (ਉਤਪਤ 2:19, 20)।

ਇਹ ਸ਼ਬਦ ਕਿ *''ਸਹਾਇਕਣ ਉਹਦੇ ਵਰਗੀ''* ਸਾਨੂੰ ਦੱਸਦੇ ਹਨ ਕਿ ਖ਼ੁਦਾ ਦੀ ਖ਼ਾਹਿਸ਼ ਸੀ ਕਿ ਉਹ ਔਰਤ ਨੂੰ ਆਦਮੀ ਦਾ ਸਾਥੀ ਅਤੇ ਮਦਦਗਾਰ ਬਣਾਵੇ, ਜੋ ਉਹ ਦੇ ਨਾਲ ਜਚਦਾ ਹੋਵੇ।

ਔਰਤ ਨੂੰ ਵਜੂਦ ਵਿਚ ਲਿਆਉਣ ਲਈ, *''...ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਗੂੜ੍ਹੀ ਨੀਂਦ ਭੇਜੀ, ਸੋ ਉਹ ਸੌਂ ਗਿਆ ਅਤੇ ਉਹਨੇ ਉਹਦੀਆਂ ਪਸਲੀਆਂ ਵਿੱਚੋਂ ਕੱਢ ਲਈ ਅਤੇ ਉਹ ਦੀ ਥਾਂ ਮਾਸ ਭਰ ਦਿੱਤਾ ਤਾਂ ਯਹੋਵਾਹ ਪਰਮੇਸ਼ੁਰ ਨੇ ਉਸ ਪਸਲੀ ਤੋਂ ਜਿਹੜੀ ਉਸ ਨੇ ਆਦਮੀ ਵਿੱਚੋਂ ਕੱਢੀ ਇਕ ਨਾਰੀ ਬਣਾਈ ਅਤੇ ਉਸ ਨੂੰ ਆਦਮੀ ਕੋਲ ਲੈ ਗਿਆ''* (ਉਤਪਤ 2:21, 22)।

ਆਦਮੀ ਨੇ ਉਸ ਔਰਤ ਨੂੰ ਜਿਹੜੀ ਖ਼ੁਦਾ ਨੇ ਬਣਾਈ ਸੀ, ਵੇਖਿਆ ਤਾਂ ਉਹਦੇ ਮੂੰਹੋਂ ਨਿੱਕਲਿਆ, *''ਇਹ ਹੁਣ ਮੇਰੀਆਂ ਹੱਡੀਆਂ ਵਿੱਚੋਂ ਹੱਡੀ ਹੈ ਅਰ ਮੇਰੇ ਮਾਸ ਵਿੱਚੋਂ ਮਾਸ ਹੈ। ਸੋ ਇਹ ਨਾਰੀ ਅਖਵਾਏਗੀ। ਕਿਉਂਜੋ ਇਹ ਨਰ ਵਿੱਚੋਂ ਕੱਢੀ ਗਈ ਹੈ''* (ਉਤਪਤ 2:23)।

ਉਤਪਤ ਦੀ ਕਿਤਾਬ ਦੇ ਇਸ ਹਵਾਲੇ ਵਿਚ ਅਖ਼ੀਰ ਵਿਚ ਇਹ ਕਿਹਾ ਗਿਆ, *''ਮਰਦ ਆਪਣੇ ਮਾਪੇ ਛੱਡ ਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਉਹ ਇਕ ਸਰੀਰ ਹੋਣਗੇ''* (ਉਤਪਤ 2:24)।

ਰਚਨਾ ਦੇ ਇਸ ਦ੍ਰਿਸ਼ ਤੋਂ ਸਾਨੂੰ ਕਈ ਗੱਲਾਂ ਪਤਾ ਲਗ ਸਕਦੀਆਂ ਹਨ:

- ਆਦਮ ਨੂੰ ਪਹਿਲਾਂ ਸਿਰਜਿਆ ਗਿਆ; ਇਸ ਕਰਕੇ ਉਹ ਔਰਤ ਤੋਂ ਪਹਿਲਾਂ ਸੀ।
- ਆਦਮ ਨੂੰ ਜ਼ਮੀਨ ਦੀ ਮਿੱਟੀ ਤੋਂ ਬਣਾਇਆ ਗਿਆ ਜਦ ਕਿ ਔਰਤ ਨੂੰ ਆਦਮ ਦੀ ਇਕ ਹੱਡੀ ਤੋਂ ਲੈ ਕੇ ਬਣਾਇਆ ਗਿਆ। ਇਸ ਲਈ, ਬੁਨਿਆਦੀ ਤੌਰ

ਤੇ ਉਹ ਪੁਰਖ ਦਾ ਇਕ ਭਾਗ ਹੈ।

- ਹੱਡੀ, ਆਦਮ ਦੇ ਸਿਰ ਵਿੱਚੋਂ ਨਹੀਂ ਲਈ ਗਈ। ਤਾਂਜੋ ਕਿਤੇ ਉਹ ਉਸਦੇ ਸਿਰ ਤੇ ਨਾ ਚੜ੍ਹ ਜਾਵੇ, ਨਾ ਹੀ ਔਰਤ ਨੂੰ ਆਦਮ ਦੇ ਪੈਰ ਦੀ ਹੱਡੀ ਤੋਂ ਬਣਾਇਆ। ਤਾਂ ਜੋ ਉਹ ਉਸ ਨੂੰ ਲਤਾੜ ਨਾ ਦਵੇ। ਇਸ ਦੇ ਉਲਟ ਉਸ ਨੂੰ ਆਦਮ ਦੀ ਪੱਸਲੀ ਵਿੱਚੋਂ ਬਣਾਇਆ ਗਿਆ, ਤਾਂ ਜੋ ਉਹ ਉਸ ਦੀ ਸਾਥੀ ਬਣ ਕੇ ਰਹੇ।
- ਖ਼ੁਦਾ ਨੇ ਬੁਨਿਆਦੀ ਤੌਰ ਤੇ ਪੁਰਖ ਅਤੇ ਤੀਵੀਂ ਨੂੰ ਇਕ ਸੰਪੂਰਣ ਦੇ ਦੋ ਅੱਧ ਬਣਾਇਆ। ਇਨ੍ਹਾਂ ਦੋਹਾਂ ਅੱਧਾਂ ਦੇ ਬਿਨਾਂ ਮਨੁੱਖਤਾ ਦਾ ਪ੍ਰਜਨਨ (ਪੈਦਾਵਾਰ) ਹੀ ਸੰਭਵ ਨਹੀਂ ਹੈ। ਇਸ ਲਈ ਮਨੁੱਖ ਜਾਤੀ ਨੂੰ ਬਣਾਈ ਰੱਖਣ ਲਈ ਇਨ੍ਹਾਂ ਦੋਹਾਂ ਅੱਧਾਂ ਦਾ ਹੀ ਮਹੱਤਵ ਹੈ ਅਤੇ ਇਨ੍ਹਾਂ ਦੋਹਾਂ ਦੇ ਹੀ ਯੋਗਦਾਨ ਦੀ ਲੋੜ ਹੈ।
- ਖ਼ੁਦਾ ਦੀ ਇੱਛਾ ਸੀ ਕਿ ਦੋਵੇਂ ਹੀ, ਭਾਵ ਆਦਮੀ ਅਤੇ ਔਰਤ ਪਰਿਵਾਰ ਦੇ ਹੋਰਨਾਂ ਜੀਆਂ ਨੂੰ ਛੱਡ ਕੇ ਇਕ ਨਵਾਂ ਪਰਿਵਾਰ ਬਣਾਉਣ।
- ਆਦਮੀ ਅਤੇ ਔਰਤ ਦੋਹਾਂ ਨੂੰ ਇਕੱਠਾ ਹੋਣਾ ਸੀ ਤਾਂ ਜੋ ਉਹ 'ਇਕ ਸਰੀਰ' ਭਾਵ ਇਕ ਸੰਪੂਰਣ (ਚੱਕਰ) ਦੇ ਦੋ ਅੱਧ ਬਣ ਜਾਣ।

***ਵਿਚਾਰ ਕਰਨ ਵਾਲੀ ਗੱਲ***

*ਉਨ੍ਹਾਂ ਕਾਰਣਾਂ ਤੇ ਵਿਚਾਰ ਕਰੋ ਕਿ ਪਤੀ ਪਤਨੀ ਨੂੰ ਆਪਣੇ ਮਾਪਿਆਂ ਤੋਂ ਅੱਡ ਕਿਉਂ ਰਹਿਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਵਿਚ ਜ਼ਿੰਮੇਵਾਰੀ, ਸਿਆਣਪ ਅਤੇ ਇਕ ਦੂਏ ਨਾਲ ਮੇਲ ਅਤੇ ਉਸ ਮੇਲ ਤੋਂ ਹੋਣ ਵਾਲੀ ਸੰਤਾਨ ਨਾਲ ਲਗਾਅ ਅਤੇ ਇਕ ਦੂਏ ਦੀ ਮਦਦ ਕਰਨ ਅਤੇ "ਪਰਿਵਾਰ" ਦੀ ਭਾਵਨਾ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ।*

ਸੋ, ਮੁੱਢ ਤੋਂ ਹੀ ਖ਼ੁਦਾ ਨੇ ਆਦਮੀ ਨੂੰ ਸੰਪੂਰਣ ਕਰਨ ਲਈ ਔਰਤ ਨੂੰ ਬਣਾਇਆ, ਉਸ ਦੇ ਨਾਲ ਰਹਿਣ ਲਈ ਇਕ ਮਦਦਗਾਰ। ਔਰਤ ਨੂੰ ਆਦਮੀ ਦੀ ਜ਼ਿੰਦਗੀ, ਪਰਿਵਾਰ, ਕੰਮ ਕਾਰ ਕਰਨ ਅਤੇ ਹੋਰਨਾਂ ਮਨੁੱਖਾਂ ਨਾਲ ਸਬੰਧਾਂ ਦੇ ਲਈ, ਬਿਲਕੁਲ ਢੁਕਵਾਂ ਬਣਾਇਆ ਗਿਆ। ਉਹ ਆਦਮੀ ਦੇ ਨਾਲ ਬਿਲਕੁਲ ਮੇਲ ਖਾਂਦੀ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਮੁਕੰਮਲ ਹੋਵੇ। ਸੱਚੀ ਗੱਲ ਤਾਂ ਇਹ ਹੈ ਕਿ ਬੁਨਿਆਦੀ ਤੌਰ ਤੇ ਔਰਤ ਨੂੰ ਆਦਮੀ ਦੇ ਵਜੂਦ ਨੂੰ ਬਣਾਈ ਰੱਖਣ ਲਈ ਬਣਾਇਆ ਗਿਆ ਸੀ, ਉਹ ਕਿਸੇ ਵੀ ਤਰ੍ਹਾਂ ਨਾਲ ਉਸ ਨਾਲੋਂ ਘੱਟ ਨਹੀਂ, ਜਾਂ ਉਸ ਦੀ ਕਦਰ ਘੱਟ ਨਹੀਂ ਹੈ।

# ਚਰਚਾ ਕਰਨ ਲਈ ਸਵਾਲ

1. ਔਰਤਾਂ ਦੇ ਸਬੰਧ ਵਿਚ ਕੁਝ ਆਦਮੀਆਂ ਦਾ ਕੀ ਮੰਨਣਾ ਹੈ?
2. ‘‘ਵਿਮੈਨਜ਼ ਲਿਬ੍ਰੇਸ਼ਨ ਮੂਵਮੈਂਟ’’ ਦਾ ਟੀਚਾ ਕੀ ਹੈ?
3. ਸੋਚ ਦੇ ਇਸ ਚਰਮ ਦੇ ਨਤੀਜੇ ਵਜੋਂ ਨਕਾਰਾਤਮਕ ਗੱਲ ਕਿਹੜੀ ਹੁੰਦੀ ਹੈ?
4. ਖ਼ੁਦਾ ਨੇ ਆਦਮ ਨੂੰ ਕਾਹਦੇ ਨਾਲ ਬਣਾਇਆ?
5. ਖ਼ੁਦਾ ਨੇ ਹੱਵ੍ਵਾ ਨੂੰ ਕਾਹਦੇ ਨਾਲ ਬਣਾਇਆ?
6. ਆਦਮ ਦੀ ਪੱਸਲੀ ਇਸ ਗੱਲ ਦਾ ਸੰਕੇਤ ਸੀ ਕਿ ਹੱਵ੍ਵਾ ਉਹਦੇ ਨਾਲ ................ ਹੋਵੇਗੀ। ਉਸ ਨੇ ਉਸ ਦੇ ਸਿਰ ਤੇ ਨਹੀਂ ਸੀ ........................; ਨਾ ਹੀ ਉਸ ਦੇ ਪੈਰਾਂ ਹੇਠ ...................... ਜਾਣਾ ਸੀ।
7. ਆਦਮੀ ਦੀ ਹੱਡੀ ਅਤੇ ਮਾਸ ਤੋਂ ਬਣਾਏ ਜਾਣ ਕਰਕੇ, DNA ਦਾ ਮਤਲਬ ਬਿਲਕੁਲ ਇਹੀ ਸੀ ਕਿ ਹੱਵ੍ਵਾ ਆਦਮ ਦਾ ਦੂਜਾ ਅੱਧ ਸੀ। ਵਿਆਹ ਵਿਚ ਇਹ ਨਮੂਨਾ ਠਹਿਰਾਇਆ ਜਾਣਾ ਸੀ ਕਿ ਪੁਰਖ ਅਤੇ ਔਰਤ ਆਪਣੇ ਮਾਪਿਆਂ ਨੂੰ ਛੱਡ ਕੇ ......... ............ ਬਣ ਜਾਣ।
8. ਪਹਿਲਾਂ ਕਿਸ ਨੂੰ ਬਣਾਇਆ ਗਿਆ ਸੀ? ਭਲਾ ਸਾਡੇ ਬੱਚਿਆਂ ਵਿਚ ਵੀ ‘‘ਪਲੋਠਾ’’ ਹੋਣ ਦੀ ਗੱਲ ਅਹਿਮ ਹੈ?
9. ਮਨੁੱਖ ਦੀ ਪ੍ਰਜਨਨ ਪ੍ਰਣਾਲੀ ਦਾ **ਭਾਗ** ਪੁਰਖ ਵਿਚ ਅਤੇ **ਪ੍ਰਤੀ-ਭਾਗ** ਔਰਤ ਵਿਚ ਰੱਖਿਆ ਗਿਆ ਸੀ। ਇਸ ਨਾਲ ਉਨ੍ਹਾਂ ਦੇ ਸਬੰਧ ਬਾਰੇ ਸਾਨੂੰ ਖ਼ੁਦਾ ਦੇ ਇਰਾਦੇ ਦਾ ਕੀ ਪਤਾ ਲਗਦਾ ਹੈ? ਉਨ੍ਹਾਂ ਦੇ ਇਕ ਦੂਜੇ ਦੀ ਲੋੜ ਦਾ ਕੀ ਪਤਾ ਲਗਦਾ ਹੈ?
10. ਖ਼ੁਦਾ ਦੀ ਸੋਚ ਮੁਤਾਬਿਕ ਭਲਾ ਸ਼ੁਰੂ ਵਿਚ ‘‘ਇਕ ਸੰਪੂਰਣ ਦੇ ਦੋ ਅੱਧ’’ ਪੂਰਣ ਹੋਣੇ ਸਨ?
11. ਖ਼ੁਦਾ ਦੀਆਂ ਦਿੱਤੀਆਂ ਹਦਾਇਤਾਂ ਨੂੰ ਮੰਨਦੇ ਹੋਏ ਕਿ ਉਹ ਪਰਿਵਾਰ ਦੀ ਇਕ ਅਲਹਿਦਾ ਇਕਾਈ ਬਣਾਉਣ ਲਈ ਆਪਣੇ ਮਾਪਿਆਂ ਨੂੰ ਛੱਡ ਦੇਣ, ਨਵੇਂ ਨਿਅਮ ਦੇ ਮਿਲਣ ਵਾਲੇ ਫ਼ਾਇਦਿਆਂ ਦੀ ਚਰਚਾ ਕਰੋ।



## ਪਾਠ 2

# ਰਚਨਾ ਦੀ ਤਰਤੀਬ ਅਤੇ ਮਨੁੱਖ ਦਾ ਡਿੱਗਣਾ

ਅਸੀਂ, ਜੋ ਮਸੀਹੀ ਹਾਂ, ਨਵੇਂ ਨੇਮ ਵਿਚਲੀ ਮਸੀਹ ਦੀ ਸ਼ਰ੍ਹਾ ਦੇ ਮਤਹਿਤ ਹਾਂ। ਨਵਾਂ ਨੇਮ ਜਿਹੜਾ ਪਰਮੇਸ਼ੁਰ ਨੇ ਆਪਣੇ ਬੱਚਿਆਂ ਨਾਲ ਬੰਨ੍ਹਿਆ ਹੈ, ਇਸ ਨੇ ਉਸ ਨੇਮ ਦੀ ਥਾਂ ਲੈ ਲਈ ਹੈ ਜਿਸ ਵਿਚ ਪੁਰਾਣੇ ਨੇਮ ਦੇ ਮਤਹਿਤ ਲੋਕ ਰਹਿੰਦੇ ਸਨ। ਪਰ ਇਤਿਹਾਸਕ ਪੱਖੋਂ ਸਾਡੇ ਉੱਤੇ ਮਨੁੱਖ ਦੀ ਹੋਂਦ ਦੇ ਸ਼ੁਰੂਆਤੀ ਕੁਝ ਸਾਲਾਂ ਦਾ ਅਸਰ ਹੈ।

ਪਹਿਲਾ ਕੁਰਿੰਥੀਆਂ ਅਤੇ ਪਹਿਲਾ ਤਿਮੋਥਿਉਸ ਵਿਚ ਲਿਖੀਆਂ ਗੱਲਾਂ ਵਿਚ, ਪਵਿੱਤਰ ਆਤਮਾ ਨੇ ਪੌਲੁਸ ਰਸੂਲ ਨੂੰ ਮਸੀਹੀ ਔਰਤਾਂ ਦੇ ਕੰਮ ਅਤੇ ਵਿਹਾਰ ਦੇ ਸਬੰਧ ਵਿਚ ਕੁਝ ਹੁਕਮ ਲਿਖਣ ਦੀ ਹਦਾਇਤ ਕੀਤੀ:

> ‘‘ਮੰਡਲੀਆਂ ਵਿਚ ਤੀਵੀਆਂ ਚੁੱਪ ਹੋ ਰਹਿਣ ਕਿਉਂ ਜੋ ਉਨ੍ਹਾਂ ਨੂੰ ਬੋਲਣ ਦੀ ਆਗਿਆ ਨਹੀਂ ਹੈ ਸਗੋਂ ਓਹ ਅਧੀਨ ਹੋ ਰਹਿਣ ਜਿਵੇਂ ਸ਼ਰਾ ਵੀ ਕਹਿੰਦੀ ਹੈ’’ ( 1 ਕੁਰਿੰਥੀਆਂ 14: 34)।
>
> ‘‘ਮੈਂ ਇਸਤ੍ਰੀ ਨੂੰ ਸਿੱਖਿਆ ਦੇਣ ਅਥਵਾ ਪੁਰਖ ਉੱਤੇ ਹੁਕਮ ਚਲਾਉਣ ਦੀ ਪਰਵਾਨਗੀ ਨਹੀਂ ਦਿੰਦਾ ਸਗੋਂ ਉਹ ਚੱਪ ਚਾਪ ਰਹੇ’’ ( 1 ਤਿਮੋਥਿਉਸ 2: 12)।

ਇਹ ਹੁਕਮ ਦੋ ਇਤਹਾਸਕ ਕਾਰਣਾ ਕਰਕੇ ਦਿੱਤੇ ਗਏ:

- ਹੱਵ੍ਵਾ ਤੋਂ ਪਹਿਲਾਂ ਆਦਮ ਨੂੰ ਬਣਾਇਆ ਗਿਆ ਸੀ ( 1 ਤਿਮੋਥਿਉਸ 2: 13)
- ਹੱਵ੍ਵਾ ਧੋਖੇ ਵਿਚ ਆਈ, ਜੋ ਮਨੁੱਖਤਾ ਦੇ ਪਾ ਵਿਚ ਡਿੱਗਣ ਦਾ ਕਾਰਣ ਸੀ ( ਆਇਤ 14)।

1 ਕੁਰਿੰਥੀਆਂ 11:8, 9, 11, 12, ਵਿਚ ਅਸੀਂ ਪੜ੍ਹਦੇ ਹਾਂ, *''ਕਿਉਂਕਿ ਪੁਰਖ ਔਰਤ ਤੋਂ ਨਹੀਂ ਸਗੋਂ ਔਰਤ ਪੁਰਖ ਤੋਂ ਹੋਈ ਅਤੇ ਨਾ ਪੁਰਖ ਔਰਤ ਦੇ ਲਈ ਉਤਪਨ ਹੋਇਆ, ਸਗੋਂ ਔਰਤ ਪੁਰਖ ਦੇ ਲਈ ਉਤਪਨ ਹੋਈ। ... ਤਾਂ ਵੀ ਪ੍ਰਭੂ ਵਿਚ ਨਾ ਔਰਤ ਪੁਰਖ ਤੋਂ ਅੱਡ ਹੈ ਅਤੇ ਨਾ ਪੁਰਖ ਔਰਤ ਤੋਂ ਅੱਡ। ਕਿਉਂਕਿ ਜਿਸ ਪਰਕਾਰ ਔਰਤ, ਪੁਰਖ ਤੋਂ ਹੈ, ਉਸੇ ਪਰਕਾਰ ਪੁਰਖ ਔਰਤ ਦੇ ਰਾਹੀਂ ਹੈ ਪਰ ਸੱਭ ਕੁਝ ਪਰਮੇਸ਼ੁਰ ਤੋਂ ਹੈ।''*

***ਵਿਚਾਰ ਕਰਨ ਵਾਲੀ ਗੱਲ***

*ਤੁਹਾਨੂੰ ਕੀ ਲਗਦਾ ਹੈ, "ਪੁਰਖ ਔਰਤ ਤੋਂ ਨਹੀਂ ਸਗੋਂ ਔਰਤ ਪੁਰਖ ਤੋਂ ਹੋਈ," "ਤਾਂ ਵੀ ਨਾ ਔਰਤ ਪੁਰਖ ਤੋਂ ਅੱਡ ਹੈ ਅਤੇ ਨਾ ਪੁਰਖ ਔਰਤ ਤੋਂ ਅੱਡ" ਦਾ ਤੁਹਾਡੇ ਲਈ ਕੀ ਮਤਲਬ ਹੈ? ਇਹਦਾ ਕੀ ਮਤਲਬ ਹੈ ਕਿ "ਸਭ ਕੁਝ ਪਰਮੇਸ਼ੁਰ ਤੋਂ ਹੈ?" ਭਲਾ ਇਸ ਦਾ ਖ਼ੁਦਾ ਦੇ ਇਖ਼ਤਿਆਰ ਜਾਂ ਉਸ ਦੀ ਯੋਜਨਾ ਜਾਂ ਦੋਹਾਂ ਨਾਲ ਕੋਈ ਸਬੰਧ ਹੈ?*

ਇਨ੍ਹਾਂ ਗੱਲਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਖ਼ੁਦਾ ਲਈ ਰਚਨਾ ਦੀ ਤਰਤੀਬ ਦਾ ਮਹੱਤਵ ਆਰੰਭ ਵਿਚ ਹੀ ਨਹੀਂ ਸੀ, ਸਗੋਂ ਉਸ ਦੀ ਤਰਤੀਬ ਦਾ ਢੰਗ ਅੱਜ ਵੀ ਪਰਿਵਾਰਾਂ ਵਿਚ ਕਾਇਮ ਹੈ, ਕਿਉਂਕਿ ਆਦਮੀ ਪਹਿਲਾਂ ਬਣਾਇਆ ਗਿਆ, ਅਤੇ ਉਸ ਨੂੰ ਔਰਤ ਦਾ ਸਿਰ ਮੰਨਿਆ ਗਿਆ।

ਕੋਈ ਵੀ ਮਨੁੱਖੀ ਸੰਗਠਨ, ਬਿਨਾਂ ਤਰਤੀਬ ਦੇ ਕੰਮ ਨਹੀਂ ਕਰ ਸਕਦਾ। ਉਸ ਵਿਚ ਕਿਸੇ ਨਾ ਕਿਸੇ ਨੂੰ ਇਖ਼ਤਿਆਰ ਦਿੱਤਾ ਜਾਣਾਂ ਜ਼ਰੂਰੀ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਇਖ਼ਤਿਆਰ ਮਿਲਦਾ ਹੈ, ਉਨ੍ਹਾਂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੇ ਮਤਹਿਤ ਲੋਕਾਂ ਦੇ ਕੰਮਾਂ ਲਈ ਜਵਾਬਦੇਹ ਹੋਣ। ਆਦਮੀ ਨੂੰ ਪਹਿਲਾਂ ਬਣਾਇਆ ਗਿਆ ਸੀ, ਇਸ ਕਰਕੇ ਉਸ ਨੂੰ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪੀ ਗਈ। 'ਰਹਿਨੁਮਾਈ' ਦਾ ਮਤਲਬ ਇਹ ਹੈ ਕਿ ਉਸ ਨੇ ਔਰਤ ਦੇ ਅੱਗੇ ਚੱਲਣਾ ਸੀ ਅਤੇ ਉਸ ਦੀ ਸਹੀ ਰਾਹ ਲਈ ਅਗਵਾਈ ਕਰਨੀ ਸੀ। 'ਜ਼ਿੰਮੇਵਾਰੀ' ਦਾ ਮਤਲਬ ਹੈ ਕਿ ਉਸ ਨੇ ਆਪਣੀ ਰਹਿਨੁਮਾਈ (ਲੀਡਰ ਬਣਨ) ਕਾਰਣ ਖ਼ੁਦਾ ਨੂੰ ਜੁਆਬ ਦੇਣਾ ਸੀ, ਭਾਵੇਂ ਉਹ ਔਰਤ ਨੂੰ ਸਹੀ ਰਾਹ ਤੇ ਖੜਦਾ ਤੇ ਭਾਵੇਂ ਗਲਤ ਰਾਹ ਤੇ।

ਦੂਜੇ ਪਾਸੇ ਆਦਮੀ ਦੀ ਜ਼ਿੰਮੇਵਾਰੀ ਅਤੇ ਰਹਿਨੁਮਾਈ ਦਾ ਇਹ ਮਤਲਬ ਨਹੀਂ ਸੀ ਕਿ ਔਰਤ ਦੀ ਕੋਈ ਅਹਿਮੀਅਤ ਨਹੀਂ। ਭਾਵੇਂ ਮੁੱਢ ਵਿਚ ਉਹ *''ਪੁਰਖ ਦੇ ਲਈ''* ਬਣਾਈ ਗਈ, ਪਰ ਜੇ ਉਹ ਬੱਚਿਆਂ ਨੂੰ ਜਨਮ ਨਾ ਦੇਵੇ ਤਾਂ ਮਨੁੱਖਤਾ ਦਾ ਕਾਇਮ ਰਹਿਣਾ ਵੀ ਸੰਭਵ ਨਹੀਂ। ਇਸ ਤਰ੍ਹਾਂ ਨਾਲ ਆਦਮੀ ਅਤੇ ਔਰਤ ਦੋਵੇਂ ਹੀ ਇਕ ਦੂਜੇ ਤੇ ਨਿਰਭਰ ਹਨ ਅਤੇ ਪਰਮੇਸ਼ੁਰ ਦੀ ਯੋਜਨਾ ਵਿਚ ਦੋਹਾਂ ਦਾ ਬਹੁਤ ਅਹਿਮ ਰੋਲ ਹੈ।

ਕਿਉਂਕਿ ਮਨੁੱਖ ਨੂੰ ਪਰਮੇਸ਼ੁਰ ਦੇ ਹੱਥ ਨੇ ਰਚਿਆ ਸੀ, ਅਤੇ ਉਸ ਵਿਚ ਪਾਪ ਨਹੀਂ

ਸੀ, ਇਸ ਕਰਕੇ ਉਹ ਮੁਕੰਮਲ ਸੀ। ਫਿਰ ਵੀ ਉਨ੍ਹਾਂ ਨੂੰ ਆਪਣੀ ਪਸੰਦ ਚੁਣਨ ਦੀ ਅਜ਼ਾਦੀ ਸੀ। ਪਰਮੇਸ਼ੁਰ ਨੇ ਕੁਝ ਨਿਯਮ ਬਣਾ ਦਿੱਤੇ, ਜਿਨ੍ਹਾਂ ਦਾ ਪਾਲਨ ਕਰਨਾ ਉਨ੍ਹਾਂ ਲਈ ਜ਼ਰੂਰੀ ਸੀ। ਇਨ੍ਹਾਂ ਨਿਯਮਾਂ ਨੂੰ ਤੋੜਨਾ, ਆਪਣੀ ਪਸੰਦ ਚੁਣਨ ਦੀ ਅਜ਼ਾਦੀ ਨੂੰ ਵਰਤੋਂ ਵਿਚ ਲਿਆਉਣਾ, ਇਸ ਸਭ ਦਾ ਮਤਲਬ ਸੀ ਕਿ ਸੰਪੂਰਣਤਾ ਦੀ ਹਾਲਤ ਤੋਂ ਡਿੱਗਣਾ ਅਤੇ ਪਾਪੀ ਬਣ ਜਾਣਾ। ਖ਼ੁਦਾ ਨੇ ਆਰੰਭ ਵਿਚ ਹੀ ਇਹ ਚਿਤਾਵਨੀ ਦੇ ਦਿੱਤੀ ਸੀ ਕਿ ਪਾਪ ਦੇ ਕਾਰਣ ਮੌਤ ਆਵੇਗੀ, ਇਹ ਮੌਤ ਜਿਸਮਾਨੀ ਵੀ ਹੋਵੇਗੀ ਅਤੇ ਰੂਹਾਨੀ ਵੀ। *''ਤਾਂ ਯਹੋਵਾ ਪਰਮੇਸ਼ੁਰ ਨੇ ਆਦਮੀ ਨੂੰ ਆਗਿਆ ਦਿੱਤੀ ਕਿ ਬਾਗ਼ ਦੇ ਹਰ ਬਿਰਛ ਤੋਂ ਨਿਸੰਗ ਖਾਈਂ। ਪਰ ਭਲੇ ਬੁਰੇ ਦੀ ਪਛਾਣ ਦੇ ਬਿਰਛ ਤੋਂ ਨਾ ਖਾਈਂ। ਕਿਉਂਕਿ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ''* (ਉਤਪਤ 2:16, 17)।

**_ਵਿਚਾਰ ਕਰਨ ਵਾਲੀ ਗੱਲ_**

*ਖ਼ੁਦਾ ਜਦ ਸਮੇਂ ਵਿਚ ਅੱਗੇ ਝਾਕ ਕੇ ਇਹ ਵੇਖ ਸਕਦਾ ਸੀ ਕਿ ਮਨੁੱਖ ਪਾਪ ਕਰੇਗਾ, ਤਾਂ ਤੁਹਾਨੂੰ ਕੀ ਲਗਦਾ ਹੈ ਕਿ ਖ਼ੁਦਾ ਨੇ ਉਸ ਨੂੰ ਪਸੰਦ ਚੁਣਨ ਦੀ ਸਮਰੱਥਾ ਕਿਉਂ ਦਿੱਤੀ? ਪਾਪ ਦੇ ਨਾਲ ਮੌਤ ਹੀ ਕਿਉਂ ਜੁੜੀ ਹੋਈ ਹੈ? ਇਸ ਹਕੀਕਤ ਤੇ ਵਿਚਾਰ ਕਰੋ ਕਿ ਜ਼ਿੰਦਗੀ ਸਿਰਫ਼ ਖ਼ੁਦਾ ਵਿਚ ਹੈ। ਫਿਰ ਵੀ ਆਪਣੇ ਸੁਭਾਅ ਦੇ ਪਾਕ ਹੋਣ ਦੇ ਬਾਵਜੂਦ ਉਹ ਕਿਸੇ ਪਾਪੀ ਭਾਂਡੇ ਨੂੰ ਜ਼ਿੰਦਗੀ ਦੇਣਾ ਜਾਰੀ ਨਹੀਂ ਰੱਖ ਸਕਦਾ। ਪਾਪ ਨੂੰ ਆਪਣੇ ਅੰਦਰ ਲੈਣ ਦੇ ਆਪਣੇ ਕਾਰੇ ਦੇ ਕਾਰਣ ਮਨੁੱਖ ਨੇ ਜ਼ਿੰਦਗੀ ਦੇ ਆਪਣੇ ਦੇਣ ਵਾਲੇ ਭਾਵ ਖ਼ੁਦਾ ਕੋਲ ਜਾਣ ਤੋਂ ਆਪਣੇ ਆਪ ਨੂੰ ਡੱਕ ਲਿਆ। ਮੌਤ ਇਸ ਦਾ ਪੱਕਾ ਨਤੀਜਾ ਹੋਣੀ ਸੀ, ਕਿਉਂ ਜੋ ਜਿੱਥੇ ਜ਼ਿੰਦਗੀ ਨਹੀਂ ਹੈ ਉੱਥੇ ਮੌਤ ਹੁੰਦੀ ਹੈ। ਤਾਂ ਫਿਰ ਮਨੁੱਖ ਨੂੰ ਮੌਤ ਤੋਂ ਕਿਵੇਂ ਹਟਾਇਆ ਜਾ ਸਕਦਾ ਹੈ ਕਿ ਉਹਦੀ ਸੰਗਤ ਖ਼ੁਦਾ ਦੇ ਨਾਲ ਫੇਰ ਤੋਂ ਬਹਾਲ ਹੋ ਸਕੇ ਤਾਂ ਜੋ ਉਹ ਜ਼ਿੰਦਗੀ ਦੇ ਆਪਣੇ ਦੇਣ ਵਾਲੇ ਨਾਲ ਫੇਰ ਤੋਂ ਮਿਲ ਸਕੇ? ਰੋਮੀਆਂ 6:23; 8:11 ਅਤੇ ਇਬਰਾਨੀਆਂ 9:14, 15 ਵਿਚਲੇ ਹਵਾਲਿਆਂ ਨੂੰ ਵੇਖੋ।*

ਪਰ ਜਦ ਸ਼ੈਤਾਨ ਸੱਪ ਦੇ ਰੂਪ ਵਿਚ ਬਾਗ ਵਿਚ ਆਇਆ ਤਾਂ ਉਸ ਨੇ ਹੱਵ੍ਹਾ ਨੂੰ ਪੁੱਛਿਆ, *''ਭਲਾ, ਪਰਮੇਸ਼ੁਰ ਨੇ ਸੱਚਮੁੱਚ ਆਖਿਆ ਹੈ ਕਿ ਬਾਗ਼ ਦੇ ਕਿਸੇ ਬਿਰਛ ਤੋਂ ਤੁਸੀਂ ਨਾ ਖਾਓ?''* (ਉਤਪਤ 3:1ਅ)।

ਹੱਵ੍ਹਾ ਦਾ ਜਵਾਬ ਸੀ, *''ਬਾਗ਼ ਦੇ ਬਿਰਛਾਂ ਦੇ ਫਲ਼ ਤਾਂ ਅਸੀਂ ਖਾਂਦੇ ਹਾਂ। ਪਰ ਜਿਹੜਾ ਬਿਰਛ ਬਾਗ਼ ਦੇ ਵਿਚਕਾਰ ਹੈ, ਉਸ ਦੇ ਫਲ਼ ਤੋਂ ਪਰਮੇਸ਼ੁਰ ਨੇ ਆਖਿਆ ਹੈ, 'ਤੁਸੀਂ ਨਾ ਖਾਇਓ, ਨਾ ਉਹਨੂੰ ਹੱਥ ਲਾਓ, ਅਜਿਹਾ ਨਾ ਹੋਵੇ ਕਿ ਤੁਸੀਂ ਮਰ ਜਾਓ''* (ਉਤਪਤ 3:2, 3)।

ਪਰ ਸੱਪ ਨੇ ਕਿਹਾ, *''ਤੁਸੀਂ ਕਦੀ ਨਾ ਮਰੋਗੇ। ਸਗੋਂ ਪਰਮੇਸ਼ੁਰ ਜਾਣਦਾ ਹੈ ਕਿ ਜਿਸ ਦਿਨ ਤੁਸੀਂ ਉਸ ਤੋਂ ਖਾਓਗੇ, ਤੁਹਾਡੀਆਂ ਅੱਖੀਆਂ ਖੁੱਲ੍ਹ ਜਾਣਗੀਆਂ ਅਤੇ ਤੁਸੀਂ ਪਰਮੇਸ਼ੁਰ ਵਾਂਗ ਭਲੇ ਬੁਰੇ ਦੀ ਸਿਆਣ ਵਾਲੇ ਹੋ ਜਾਓਗੇ।''*

ਹੱਵ੍ਹਾ, ਜੋ ਸ਼ੈਤਾਨ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਹੀ ਸੀ, ਉਸ ਦੀਆਂ ਗੱਲਾਂ ਵਿਚ ਆ ਗਈ ਕਿ ਉਹ ਬਿਰਛ ਖਾਣ ਲਈ ਚੰਗਾ ਹੈ ਅਤੇ ਅੱਖੀਆਂ ਨੂੰ ਭਾਉਂਦਾ ਹੈ ਅਤੇ ਇਹ ਫਲ ਖਾਣ ਨਾਲ ਉਹ ਵੀ ਪਰਮੇਸ਼ੁਰ ਵਾਂਗ ਸਿਆਣੇ ਹੋ ਜਾਣਗੇ। *''ਤਾਂ ਉਸ ਨੇ ਉਹਦੇ ਫਲ਼ ਤੋਂ ਲਿਆ ਤੇ ਆਪ ਖਾਧਾ ਨਾਲੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਖਾਧਾ''* (ਉਤਪਤ 3:3–6)।

ਜਿਵੇਂ ਕਿ 1 ਤਿਮੋਥਿਉਸ 2:14 ਵਿਚ ਲਿਖਿਆ ਹੈ ਕਿ ਹੱਵ੍ਹਾ ਨੇ ਸ਼ੈਤਾਨ ਦੀਆਂ ਗੱਲਾਂ ਵਿਚ ਆ ਕੇ ਧੋਖਾ ਖਾਧਾ। ਉਸ ਨੇ ਬਿਲਕੁਲ ਉਹੀ ਕੀਤਾ ਜੋ ਕੁਝ ਕਰਨ ਲਈ ਸ਼ੈਤਾਨ ਨੇ ਉਸ ਨੂੰ ਹੌਸਲਾ ਦਿੱਤਾ ਸੀ, ਇਸ ਤਰ੍ਹਾਂ ਪਾਪ ਉਸ ਦੇ ਰਾਹੀਂ ਸੰਸਾਰ ਵਿਚ ਆਇਆ।

ਖ਼ੁਦਾ ਨੇ ਔਰਤ ਨੂੰ ਇਕ ਖ਼ਾਸ ਯੋਜਨਾ ਦੇ ਤਹਿਤ ਬਣਾਇਆ ਸੀ ਤਾਂ ਜੋ ਉਹ ਖਾਸ ਕੰਮ ਨੂੰ ਪੂਰਾ ਕਰੇ ਜਿਹੜਾ ਖ਼ੁਦਾ ਨੇ ਉਸ ਨੂੰ ਦਿੱਤਾ ਸੀ। ਉਹ ਕੰਮ; ਆਪਣੇ ਪਤੀ ਦੇ ਸਹਿਯੋਗ ਅਤੇ ਘਰ ਵਿਚ ਬੱਚਿਆਂ ਦੀ ਸੰਭਾਲ ਕਰਨਾ ਸੀ (1 ਤਿਮੋਥਿਉਸ 5:14; ਤੀਤੁਸ 2:4–5)। ਔਰਤ ਨੂੰ ਭਰੋਸੇਮੰਦ ਹੋਣ, ਨੇਕ ਚਲਨ ਅਤੇ ਆਪਣੇ ਪਰਿਵਾਰ ਦੀ ਭਲਾਈ ਦਾ ਕੰਮ ਮਿਲਿਆ ਹੈ।

ਸੀ. ਐਸ. ਲੁਈਸ ਨੇ ਆਪਣੀ ਕਿਤਾਬ *ਮਿਅਰ ਕ੍ਰਿਸਚਿਐਨਿਟੀ* ਵਿਚ ਪੁਰਖਾਂ ਅਤੇ ਔਰਤਾਂ ਦੀ ਭੂਮਿਕਾ ਦੇ ਸਬੰਧ ਵਿਚ ਬਹੁਤ ਵਧੀਆ ਗੱਲ ਦੱਸੀ ਹੈ:

> ''ਜੇ ਸਿਰ ਦਾ ਹੋਣਾ ਲਾਜ਼ਮੀ ਹੈ ਤਾਂ ਆਦਮੀ ਹੀ ਕਿਉਂ? ਪਹਿਲੀ ਗੱਲ ਤਾਂ ਇਹ ਹੈ ਕਿ ਕੀ ਕੋਈ ਗੰਭੀਰ ਇੱਛਾ ਹੈ ਕਿ ਸਿਰ ਔਰਤ ਹੀ ਹੋਵੇ? ਜਿੱਥੋਂ ਤਕ ਮੈਨੂੰ ਸਮਝ ਆਉਂਦੀ ਹੈ, ਔਰਤ ਜਿਹੜੀ ਆਪਣੇ ਘਰ ਦਾ ਸਿਰ (ਮੁਖੀ) ਬਣਨਾ ਚਾਹੁੰਦੀ ਹੈ, ਆਮ ਤੌਰ ਤੇ ਇਹੀ ਗੱਲ ਆਪਣੇ ਗੁਆਂਢ ਦੇ ਘਰ ਵਿਚ ਹੋਣ ਤੇ ਉਸ ਦੀ ਤਾਰੀਫ਼ ਨਹੀਂ ਕਰਦੀ। ਵਧੇਰੇ ਸੰਭਾਵਨਾ ਤਾਂ ਇਹੀ ਹੈ ਕਿ ਉਹ ਕਹੇਗੀ, 'ਵਿਚਾਰਾ ...। ਸਮਝ 'ਚ ਨਹੀਂ ਆਉਂਦਾ ਕਿ ਉਸ ਨੇ ਉਸ ਚੁੜੇਲ ਨੂੰ ਐਨਾਂ ਸਿਰ ਤੇ ਕਿਉਂ ਚੜ੍ਹਾ ਰੱਖਿਐ।' ਮੈਨੂੰ ਨਹੀਂ ਲਗਦਾ ਕਿ ਜੇ ਉਹਦੇ ਧਿਆਨ ਵਿਚ ਉਹਦੇ ਆਪਣੇ 'ਸਿਰ' ਬਣਨ ਦੀ ਗੱਲ ਲਿਆਂਦੀ ਜਾਵੇ ਤਾਂ ਉਹ ਇਸ ਨੂੰ ਮੰਨਣ ਨੂੰ ਤਿਆਰ ਹੋਵੇਗੀ। ਪਤੀਆਂ ਉੱਤੇ ਪਤਨੀਆਂ ਦੀ ਹਕੂਮਤ ਦੀ ਗੱਲ ਵਿਚ ਕੁਝ ਤਾਂ ਗੜਬੜ ਹੈ, ਕਿਉਂ ਜੋ ਪਤਨੀਆਂ ਆਪ ਇਸ ਤੋਂ ਸ਼ਰਮਸਾਰ ਹੁੰਦੀਆਂ ਅਤੇ ਪਤੀਆਂ ਨੂੰ ਤੁੱਛ ਜਾਣਦੀਆਂ ਹਨ ਜਿਸ ਉੱਤੇ ਉਹ ਹੁਕਮ ਚਲਾਉਂਦੀਆਂ ਹਨ।
>
> ਪਰ ਇਕ ਹੋਰ ਕਾਰਣ ਹੈ; ਅਤੇ ਮੈਂ ਇੱਥੇ ਬਿਲਕੁਲ ਇਕ ਕੁਆਰੇ ਦੇ ਰੂਪ ਵਿਚ ਗੱਲ ਕਰਦਾ ਹਾਂ ਕਿਉਂ ਜੋ ਇਹੀ ਇਕ ਕਾਰਣ ਹੈ ਕਿ ਤੁਸੀਂ ਅੰਦਰ ਨਾਲੋਂ ਬਾਹਰੋਂ ਕਿਤੇ ਬੇਹਤਰ ਵੇਖ ਸਕਦੇ ਹੋ। ਬਾਹਰੀ ਸੰਸਾਰ ਨਾਲ ਪਰਿਵਾਰ ਦੇ ਸਬੰਧ ਜਿਨ੍ਹਾਂ ਨੂੰ ਇਸ ਦੀ ਵਿਦੇਸ਼ ਨੀਤੀ ਕਿਹਾ ਜਾ ਸਕਦਾ ਹੈ, ਆਖਰੀ ਆਸਰੇ ਭਾਵ ਪੁਰਖ ਉੱਤੇ ਨਿਰਭਰ ਹੋਣੇ ਚਾਹੀਦੇ ਹਨ। ਕਿਉਂ ਜੋ ਬਾਹਰ ਵਾਲਿਆਂ ਨਾਲ ਕਿਤੇ ਵੱਧ ਨਿਰਪੱਖ ਹੋਣਾ ਚਾਹੀਦਾ ਹੈ, ਅਤੇ ਉਹ ਹੁੰਦਾ ਵੀ ਹੈ। ਔਰਤ ਆਮ ਤੌਰ ਤੇ ਦੁਨੀਆਂ ਨਾਲ ਆਪਣੇ ਬੱਚਿਆਂ ਅਤੇ ਪਤੀ ਦੀ ਖ਼ਾਤਿਰ ਲੜਦੀ–ਝਗੜਦੀ ਰਹਿੰਦੀ ਹੈ। ਸੁਭਾਵਕ ਹੈ ਕਿ ਇਕ ਅਰਥ ਵਿਚ ਉਹਦੇ ਲਈ ਹੋਰਨਾਂ ਸਭ ਦਾਅਵਿਆਂ ਨਾਲੋਂ ਉਨ੍ਹਾਂ ਦੇ ਦਾਅਵੇ ਬਹੁਤੇ ਅਹਿਮ ਹਨ, ਜੋ ਕਿ ਸਹੀ ਵੀ ਹੈ। ਉਹ ਉਨ੍ਹਾਂ ਦੀਆਂ ਦਿਲਚਸਪੀਆਂ ਦੀ ਖ਼ਾਸ ਸੰਚਾਲਕ ਹੈ। ਪਤੀ ਦਾ ਕੰਮ ਇਹ ਵੇਖਣਾ ਹੈ ਕਿ ਉਹਦੀ ਇਹ ਸੁਭਾਵਕ ਤਰਜੀਹ ਕਿਤੇ ਸਿਰ ਨਾ ਚੜ੍ਹ ਜਾਵੇ।

> ਪਤਨੀ ਦੀ ਬੇਹੱਦ ਪਰਿਵਾਰ ਭਗਤੀ ਤੋਂ ਹੋਰਨਾਂ ਲੋਕਾਂ ਦਾ ਬਚਾਅ ਕਰਨ ਲਈ ਪਤੀ ਦੀ ਗੱਲ ਆਖ਼ਰੀ ਹੈ।
>
> ਜੇ ਕਿਸੇ ਨੂੰ ਇਸ ਉੱਤੇ ਕੋਈ ਸ਼ੱਕ ਹੈ ਤਾਂ ਮੈਂ ਇਕ ਸਿੱਧਾ ਜਿਹਾ ਸਵਾਲ ਪੁੱਛਦਾ ਹਾਂ। ਜੇ ਤੁਹਾਡੇ ਕੁੱਤੇ ਨੇ ਗੁਆਂਢੀਆਂ ਦੇ ਬੱਚੇ ਨੂੰ ਕੱਟ ਦਿੱਤਾ ਹੋਵੇ ਜਾਂ ਤੁਹਾਡੇ ਬੱਚੇ ਨੂੰ ਗੁਆਂਢੀਆਂ ਦੇ ਕੁੱਤੇ ਨੂੰ ਕੱਟ ਦਿੱਤਾ ਹੋਵੇ ਤਾਂ ਤੁਸੀਂ ਉਸ ਘਰ ਦੇ ਮਾਲਕ ਨਾਲ ਗੱਲ ਕਰਨ ਲਈ ਜਾਓਗੇ ਜਾਂ ਫਿਰ ਮਾਲਕਣ ਨਾਲ? ਜਾਂ ਤੁਸੀਂ ਵਿਆਹੁਤਾ ਔਰਤ ਹੋ ਤਾਂ ਮੈਨੂੰ ਤੁਹਾਨੂੰ ਇਕ ਸਵਾਲ ਪੁੱਛਦਾ ਹਾਂ ਕਿ ਤੁਸੀਂ ਆਪਣੇ ਪਤੀ ਦੀ ਜਿੰਨੀ ਤਾਰੀਫ਼ ਕਰਦੀ ਹੋ, ਕਿ ਤੁਸੀਂ ਨਹੀਂ ਚਾਹੋਗੀ ਕਿ ਉਸ ਦੀ ਵੱਡੀ ਨਾਕਾਮੀ ਇਹ ਹੈ ਕਿ ਉਹ ਗੁਆਂਢੀਆਂ ਦੇ ਖਿਲਾਫ਼ ਤੁਹਾਡੇ ਅਤੇ ਆਪਣੇ ਹੱਕਾਂ ਲਈ ਓਨੇ ਜੋਸ਼ ਨਾਲ ਨਹੀਂ ਲੜਦਾ ਜਿੰਨੇ ਜੋਸ਼ ਨਾਲ ਤੁਹਾਨੂੰ ਲਗਦਾ ਹੈ ਕਿ ਉਸ ਨੂੰ ਲੜਨਾ ਚਾਹੀਦਾ ਹੈ? ਥੋੜ੍ਹਾ ਜਿਹਾ ਸਕੂਨ ਦਿੰਦਾ ਹੈ ਨਾ?''

ਆਪਣੇ ਸੁਭਾਅ ਦੀਆਂ ਇਨ੍ਹਾਂ ਖ਼ੂਬੀਆਂ ਕਰਕੇ ਹੀ ਖ਼ੁਦਾ ਦਾ ਹੁਕਮ ਮੰਨਣ ਦੀ ਲੋੜ ਨਾਲੋਂ ਵਧਕੇ, ਉਸ ਨੂੰ ਲੱਗਾ ਹੋਵੇਗਾ ਕਿ ਉਹਦੇ ਪਰਿਵਾਰ ਲਈ ਇਹ ਚੰਗੀ ਪਸੰਦ ਹੈ, ਹੱਵ੍ਹਾ ਨੇ ਸ਼ੈਤਾਨ ਦੀ ਗੱਲ ਸੁਣੀ ਹੋਵੇਗੀ। ਉਹਦੀ ਇਹ ਦਲੀਲ ਗਲਤ ਸੀ ਅਤੇ ਉਸ ਦੇ ਹੁਕਮ ਤੋੜਨ ਕਰਕੇ ਸਮੁੱਚੀ ਮਨੁੱਖਜਾਤੀ ਉੱਤੇ ਬਰਬਾਦੀ ਆਣ ਪਈ।

ਇਸ ਦੁੱਖਭਰੀ ਕਹਾਣੀ ਵਿਚ ਅਸੀਂ ਵੇਖਿਆ ਹੈ ਕਿ ਪਹਿਲੀ ਵਾਰ ਔਰਤ ਨੇ ਆਪਣੇ ਪਤੀ ਹੱਥੋਂ ਅਗਵਾਈ ਲੈ ਕੇ ਉਸ ਨੂੰ ਉਸੇ ਤਰ੍ਹਾਂ ਹੀ ਕਰਨ ਲਈ ਕਿਹਾ। ਇਸ ਗੱਲ ਦਾ ਬਾਈਬਲ ਵਿਚ ਕੋਈ ਸੰਕੇਤ ਨਹੀਂ ਹੈ ਕਿ ਉਸ ਫਲ਼ ਦੇ ਖਾਣ ਤੋਂ ਪਹਿਲਾਂ ਹੱਵ੍ਹਾ ਨੇ ਆਦਮ ਕੋਲੋਂ ਉਸ ਦੀ ਸਲਾਹ ਮੰਗੀ ਹੋਵੇਗੀ। ਨਾ ਹੀ ਇਸ ਗੱਲ ਦਾ ਕੋਈ ਸੰਕੇਤ ਹੈ ਕਿ ਆਦਮ ਨੇ ਹੱਵ੍ਹਾ ਨੂੰ ਰੋਕਣ ਦੀ ਕੋਈ ਕੋਸ਼ਿਸ਼ ਕੀਤੀ ਹੋਵੇਗੀ। ਸਗੋਂ ਲਿਖਤ ਦੱਸਦੀ ਹੈ ਕਿ ਉਹ ਵੀ ਹੱਵ੍ਹਾ ਦੇ ਨਾਲ ਸੀ। ਕਿੰਨਾ ਵੱਡਾ ਦੁਖਾਂਤ ਹੈ ਇਹ ਕਿ ਪਰਿਵਾਰ ਲਈ ਰਹਿਨੁਮਾਈ ਦੀ ਜਿਹੜੀ ਯੋਜਨਾ ਖ਼ੁਦਾ ਨੇ ਬਣਾਈ ਸੀ, ਉਸ ਨੂੰ ਤੋੜ ਦਿੱਤਾ ਗਿਆ, ਜਿਸ ਦਾ ਨਤੀਜਾ ਸਾਰੀ ਮਨੁੱਖ ਜਾਤੀ ਦਾ ਪਾਪ ਵਿਚ ਡਿੱਗਣਾ ਹੋਇਆ।

## ਚਰਚਾ ਲਈ ਸਵਾਲ

1. ਮਸੀਹੀ ਹੋਣ ਕਰਕੇ ਅਸੀਂ .................. ਵਿਚ ਲਿਖੇ ............... ਦੇ ਤਹਿਤ ਰਹਿੰਦੇ ਹਾਂ।
2. ਮਸੀਹੀ ਔਰਤ ਦੇ ਕੰਮ ਅਤੇ ਵਿਹਾਰ ਦੇ ਸਬੰਧ ਵਿਚ ਨਵੇਂ ਨੇਮ ਦੇ ਹੁਕਮ ਕਿਨ੍ਹਾਂ ਦੋ ਇਤਿਹਾਸਕ ਤੱਥਾਂ ਤੇ ਅਧਾਰਿਤ ਹਨ?
3. ਭਲਾ ਪੁਰਖ ਨੂੰ ਔਰਤ ਦੇ ਲਈ ਬਣਾਇਆ ਗਿਆ ਸੀ? ਔਰਤ ਨੂੰ ਪੁਰਖ ਦੇ ਲਈ ਬਣਾਇਆ ਗਿਆ ਸੀ? ਭਲਾ ਦੋਹਾਂ ਵਿੱਚੋਂ ਕੋਈ ਵੀ ਦੂਜੇ ਨਾਲੋਂ ਅਜ਼ਾਦ ਰਹਿ ਕੇ ਕੰਮ ਕਰ ਸਕਦਾ ਹੈ?
4. ਆਦਮ ਅਤੇ ਰਚਨਾ ਦੇ ਸਬੰਧ ਵਿਚ ''ਰਹਿਨੁਮਾਈ'' ਅਤੇ ''ਜ਼ਿੰਮੇਵਾਰੀ'' ਤੋਂ

ਕੀ ਭਾਵ ਹੈ?

5. ਰਹਿਨੁਮਾਈ ਦੀ ਭੂਮਿਕਾ ਪੁਰਖ ਨੂੰ ਦਿੱਤੇ ਜਾਣ ਨਾਲ ਭਲਾ ਔਰਤ ਮਹੱਤਵਹੀਣ ਹੋ ਜਾਣੀ ਸੀ? ਕਿਉਂ ਨਹੀਂ?
6. ਮਨੁੱਖ ਨੂੰ ਪਸੰਦ ਚੁਣਨ ਦੀ ਸਮਰੱਥਾ ਕਿਉਂ ਦਿੱਤੀ ਗਈ?
7. ਖ਼ੁਦਾ ਨੇ ਆਦਮ ਅਤੇ ਹੱਵ੍ਹਾ ਨੂੰ ਚਿਤਾਵਨੀ ਦਿੱਤੀ ਕਿ ਹੁਕਮ ਤੋੜਨ ਨਾਲ ਪਾਪ ਕੀ ਲਿਆਵੇਗਾ?
8. ਇਸ ਭਰੋਸੇ ਵਜੋਂ ਕਿ ਮਨਾਹੀ ਕੀਤਾ ਗਿਆ ਫਲ਼ ਖਾਣ ਨਾਲ ਉਨ੍ਹਾਂ ਲਈ ਕੀ ਫ਼ਾਇਦਾ ਹੋਵੇਗਾ, ਸ਼ੈਤਾਨ ਨੇ ਹੱਵ੍ਹਾ ਨੂੰ ਕੀ ਆਖਿਆ?
9. ਹੱਵ੍ਹਾ ਨੂੰ ਯਕੀਨ ਹੋ ਗਿਆ ਕਿ ਬਿਰਛ ........................... ਲਈ ਚੰਗਾ ਹੈ ਅਤੇ ......................... ਨੂੰ ਭਾਉਂਦਾ ਹੈ। ਅਤੇ ਇਹ ਫਲ਼ ਖਾਣ ਨਾਲ ਉਹ ਵੀ ........................... ਵਾਂਗ ਸਿਆਣੇ ਹੋ ਜਾਣਗੇ।
10. ਖ਼ੁਦਾ ਵੱਲੋਂ ਔਰਤ ਨੂੰ ਦਿੱਤੇ ਕੰਮ ਨੂੰ ਕਰਨ ਦੀਆਂ ਖ਼ਾਸ ਗੱਲਾਂ ਦੱਸੋ ਜਿਸ ਵਿਚ ਉਸ ਨੂੰ ਆਪਣੇ ਪਤੀ ਨਾਲ ਸਹਿਯੋਗੀ ਬਣਨ ਲਈ ਬੱਚਿਆਂ ਅਤੇ ਘਰ ਦੀ ਦੇਖਭਾਲ ਦਾ ਜ਼ਿੰਮਾ ਸੌਂਪਿਆ ਗਿਆ।
11. ਇਹ ਔਰਤ ਦੇ ਕਿਸ ਕੰਮ ਨੂੰ ਕਰਨ ਦਾ ਪਹਿਲਾ ਮਾਮਲਾ ਹੈ? ਇਹ ਪੁਰਖ ਦੇ ਇਸ ਕੰਮ ਨੂੰ ਕਰਨ ਦਾ ਪਹਿਲਾ ਮਾਮਲਾ ਹੈ?
12. ਉਨ੍ਹਾਂ ਵੱਲੋਂ ਰਹਿਨੁਮਾਈ ਦੇ ਖ਼ੁਦਾ ਦੇ ਨਿਯਮਾਂ ਨੂੰ ਤੋੜਨ ਦਾ ਨਤੀਜਾ ਕੀ ਹੋਇਆ?



## ਪਾਠ 3

# ਮਨੁੱਖ ਦੇ ਪਾਪ ਵਿਚ ਡਿੱਗਣ ਸਬੰਧੀ ਪਰਮੇਸ਼ੁਰ ਦੇ ਨਿਯਮ

ਰਚਨਾ ਦੇ ਸ਼ੁਰੂ ਤੋਂ ਹੀ ਖ਼ੁਦਾ ਦੀ ਇਹ ਯੋਜਨਾ ਸੀ ਕਿ ਆਦਮੀ ਪਰਿਵਾਰ ਦਾ ਮੁਖੀ ਹੋਵੇ। ਪਰ, ਔਰਤ ਵੱਲੋਂ ਜੋ ਹੁਕਮ ਤੋੜਿਆ ਗਿਆ ਉਸ ਦੇ ਕਾਰਣ ਨਵੇਂ ਨੇਮ ਅਤੇ ਨਵੀਆਂ ਹੱਦਾਂ ਬੰਨ੍ਹੀਆਂ ਗਈਆਂ।

ਜਦ ਹੱਵ੍ਹਾ ਅਤੇ ਆਦਮ ਨੇ ਉਹ ਫਲ਼ ਖਾ ਲਿਆ ਜਿਸ ਦੀ ਖ਼ੁਦਾ ਨੇ ਮਨਾਹੀ ਕੀਤੀ ਸੀ, ਤਾਂ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਉਨ੍ਹਾਂ ਨੇ ਪਾਪ ਕੀਤਾ ਹੈ, ਅਤੇ ਪਹਿਲੀ ਵਾਰ ਉਨ੍ਹਾਂ ਨੂੰ ਖ਼ੁਦਾ ਤੋਂ ਡਰ ਲੱਗਿਆ।

*''ਤਾਂ ਉਨ੍ਹਾਂ ਨੇ ਯਹੋਵਾਹ ਪਰਮੇਸ਼ੁਰ ਦੀ ਅਵਾਜ ਸੁਣੀ ਜਦ ਉਹ ਬਾਗ਼ ਵਿਚ ਠੰਢੇ ਵੇਲੇ ਫਿਰਦਾ ਸੀ ਅਤੇ ਉਸੇ ਮਰਦ ਅਤੇ ਉਸੇ ਤੀਵੀਂ ਨੇ ਬਾਗ਼ ਦੇ ਬਿਰਛਾਂ ਦੇ ਵਿਚਕਾਰ ਯਹੋਵਾਹ ਪਰਮੇਸ਼ੁਰ ਦੇ ਸਾਹਮਣਿਓਂ ਆਪਣੇ ਆਪ ਨੂੰ ਲੁਕਾਇਆ। ਤਦ ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਪੁਕਾਰ ਕੇ ਆਖਿਆ, 'ਤੂੰ ਕਿੱਥੇ ਹੈਂ?'*

*ਉਸ ਨੇ ਆਖਿਆ, 'ਤੇਰੀ ਅਵਾਜ਼ ਬਾਗ਼ ਵਿਚ ਸੁਣ ਕੇ ਮੈਂ ਡਰ ਗਿਆ ਕਿਉਂ ਜੋ ਮੈਂ ਨੰਗਾ ਹਾਂ, ਸੋ ਮੈਂ ਆਪਣੇ ਆਪ ਨੂੰ ਲੁਕੋਇਆ।'*

*ਤਦ ਉਸ ਨੇ ਆਖਿਆ, 'ਕਿਨ ਤੈਨੂੰ ਦੱਸਿਆ ਕਿ ਤੂੰ ਨੰਗਾ ਹੈਂ? ਜਿਸ ਬਿਰਛ ਤੋਂ ਮੈਂ ਤੈਨੂੰ ਹੁਕਮ ਦਿੱਤਾ ਕਿ ਉਸ ਤੋਂ ਨਾ ਖਾਈਂ ਕੀ ਤੂੰ ਉਸ ਤੋਂ ਖਾਧਾ?' ''* ਤਦ ਯਹੋਵਾਹ ਪਰਮੇਸ਼ੁਰ ਨੇ ਤੀਵੀਂ ਨੂੰ ਆਖਿਆ, *''ਤੂੰ ਇਹ ਕੀ ਕੀਤਾ?''*

ਪਰਤਾਵੇ ਵਿਚ ਪੈਣ ਦੀ ਇਸ ਦੁੱਖ ਭਰੀ ਕਹਾਣੀ ਵਿਚ, ਔਰਤ ਨੇ ਪਰਿਵਾਰ ਦੀ ਅਗਵਾਈ ਆਪਣੇ ਹੱਥ ਵਿਚ ਲੈ ਲਈ ਅਤੇ ਆਦਮ ਨੇ ਉਸ ਨੂੰ ਨਹੀਂ ਡੱਕਿਆ। ਪਰ ਜਦ ਖ਼ੁਦਾ ਉੱਥੇ ਆਖਿਆ, ਤਾਂ ਭਲਾ ਉਸ ਨੇ ਉਨ੍ਹਾਂ ਨੂੰ ਦਿੱਤੀ ਜ਼ਿੰਮੇਵਾਰੀ ਵਿਚ ਕੋਈ

ਤਬਦੀਲੀ ਕੀਤੀ?

ਨਹੀਂ। ਖ਼ੁਦਾ ਨੇ ਤਾਂ ਆਦਮ ਨੂੰ ਹੀ ਪੁੱਛਿਆ। ਭਲਾ ਖ਼ੁਦਾ ਨੂੰ ਪਤਾ ਲੱਗ ਚੁਕਾ ਸੀ ਕਿ ਉਨ੍ਹਾਂ ਨੇ ਪਾਪ ਕੀਤਾ ਹੈ? ਅਤੇ ਉਸ ਨੂੰ ਪਤਾ ਸੀ ਕਿ ਪਾਪ ਕਿਸਨੇ ਕੀਤਾ ਹੈ? ਬੇਸ਼ੱਕ ਉਸ ਨੂੰ ਪਤਾ ਸੀ, ਕਿਉਂਕਿ ਖ਼ੁਦਾ ਅੰਤਰਯਾਮੀ ਹੈ। ਖ਼ੁਦਾ ਨੇ ਤਾਂ ਆਦਮੀ ਨੂੰ ਪਰਿਵਾਰ ਦਾ ਮੁਖੀ ਬਣਾਇਆ ਸੀ ਅਤੇ ਉਸ ਨੂੰ ਸਹੀ ਅਗਵਾਈ ਦੇਣ ਲਈ ਜ਼ਿੰਮੇਵਾਰੀ ਦਿੱਤੀ ਅਤੇ ਇਸੇ ਲਈ ਉਸ ਨੇ ਆਦਮ ਨੂੰ ਹੀ ਉਨ੍ਹਾਂ ਦੇ ਕੀਤੇ ਕੰਮ ਬਾਰੇ ਪੁੱਛਿਆ। ਖ਼ੁਦਾ ਦੀ ਦਿੱਤੀ ਤਰਤੀਬ ਨੂੰ ਤੁੱਛ ਜਾਣਨ ਦੀ ਇਸ ਪਹਿਲੀ ਘਟਨਾ ਤੋਂ ਸਾਨੂੰ ਸਿੱਖਣਾ ਚਾਹੀਦਾ ਹੈ ਕਿ ਆਦਮੀ ਭਾਵੇਂ ਜੋ ਕੁਝ ਮਰਜ਼ੀ ਕਰੇ ਪਰ ਨਾ ਤਾਂ ਖ਼ੁਦਾ ਬਦਲਦਾ ਹੈ ਅਤੇ ਨਾ ਹੀ ਉਸ ਦਾ ਤਰੀਕਾ ਬਦਲਦਾ ਹੈ।

ਅਸਲ ਵਿਚ ਰੋਮੀਆਂ 5 ਅਧਿਆਇ ਵਿਚ ਅਸੀਂ ਪੜ੍ਹਦੇ ਹਾਂ, '' ਇਸ ਲਈ ਜਿਵੇਂ ਇਕ ਮਨੁੱਖ ਤੋਂ ਪਾਪ ਸੰਸਾਰ ਵਿਚ ਆਇਆ ਅਤੇ ਪਾਪ ਤੋਂ ਮੌਤ ਆਈ...''; ''... ਕਿਉਂਕਿ ਜਦ ਇਕ ਦੇ ਅਪਰਾਧ ਤੋਂ ਬਹੁਤ ਲੋਕ ਮਰ ਗਏ...''; ''ਜਦੋਂ ਉਸ ਇਕ ਦੇ ਅਪਰਾਧ ਕਰਕੇ ਉਸ ਇਕ ਦੇ ਰਾਹੀਂ ਮੌਤ ਨੇ ਰਾਜ ਕੀਤਾ...।'' ਪਰਮੇਸ਼ੁਰ ਨੇ ਸੰਜੋਗ ਨਾਲ ਜਾਂ ਲਾਪਰਵਾਹੀ ਨਾਲ ''ਔਰਤ'' ਦੀ ਥਾਂ ''ਆਦਮੀ'' ਦਾ ਸ਼ਬਦ ਨਹੀਂ ਵਰਤਿਆ। ਲਿਖਤ ਵਿਚ ਇਸ ਅਧਿਆ ਵਿਚ ਤਿੰਨਾਂ ਗੱਲਾਂ ਦਾ ਬਾਰ ਬਾਰ ਕਿਹਾ ਜਾਣਾ ਸਾਨੂੰ ਦਸ ਰਿਹਾ ਹੈ ਕਿ ਮੰਨਾਂ ਕੀਤੇ ਹੋਏ ਫਲ ਨੂੰ ਖਾਣ ਵਿਚ ਪਹਿਲ ਭਾਵੇਂ ਹੱਵਾ ਨੇ ਹੀ ਕੀਤੀ ਸੀ ਪਰ ਪਹਿਲਾਂ ਆਦਮ ਦੇ ਪਰਿਵਾਰ ਵਿਚ ਲਿਡਰਸ਼ਿਪ ਦੇ ਆਪਣੇ ਇਖ਼ਤਿਆਰ ਦੀ ਵਰਤੋਂ ਨਾ ਕਰਨ ਕਰਕੇ ਹੀ ਪਾਪ ਸੰਸਾਰ ਵਿਚ ਆਇਆ। ਪਰਮੇਸ਼ੁਰ ਦੀ ਪੁਸਤਕ ਵਿਚ ਮਨੁੱਖਜਾਤੀ ਉੱਤੇ ਪਾਪ ਅਤੇ ਉਸ ਦੇ ਨਤੀਜੇ ਦਾ ਆਉਣਾ ਔਰਤ ਦੇ ਰਾਹੀਂ ਨਹੀਂ ਬਲਕਿ ਆਦਮੀ ਦੇ ਰਾਹੀਂ ਹੋਇਆ ਹੈ।

ਪਹਿਲਾ ਅਪਰਾਧ ਹੋਣ ਦੇ ਨਤੀਜੇ ਵਜੋਂ ਖ਼ੁਦਾ ਨੇ ਸੱਪ, ਔਰਤ ਅਤੇ ਆਦਮੀ ਲਈ ਨਵੇਂ ਨਿਅਮ ਅਰ ਸਜ਼ਾਵਾਂ ਦੱਸ ਦਿੱਤੀਆਂ। ਪਰ ਸਾਡੀ ਦਿਲਚਸਪੀ ਹੱਵ੍ਹਾ ਨੂੰ ਕਹੇ ਗਏ ਉਹ ਬਚਨ ਹਨ, *''...ਮੈਂ ਤੇਰੇ ਗਰਭ ਦੀ ਪੀੜ ਬਹੁਤ ਵਧਾਵਾਂਗਾ; ਪੀੜ ਨਾਲ ਤੂੰ ਬੱਚੇ ਜਣੇਂਗੀ; ਅਤੇ ਤੇਰੇ ਪਤੀ ਵੱਲ ਤੇਰੀ ਚਾਹ ਹੋਵੇਗੀ ਅਤੇ ਉਹ ਤੇਰੇ ਉੱਤੇ ਹੁਕਮ ਚਲਾਵੇਗਾ''* (ਉਤਪਤ 3: 16)।

***ਵਿਚਾਰ ਕਰਨ ਵਾਲੀ ਗੱਲ***

*ਮੌਤ ਭਾਵੇਂ ਸਰੀਕ ਹੋਵੇ ਤੇ ਭਾਵੇਂ ਆਤਮਿਕ, ਇਹਦਾ ਕਾਰਣ ਪਾਪ ਹੀ ਸੀ। ਫਿਰ ਵੀ ਦੁੱਖ ਅਤੇ ਤਕਲੀਫ਼ ਔਰਤ ਤੇ ਹੀ ਕਿਉਂ ਪਾਏ ਗਏ? ਭਲਾ ਇਨ੍ਹਾਂ ਦੋਹਾਂ ਦਾ ਮੌਤ ਨਾਲ ਕੋਈ ਸਬੰਧ ਹੈ? ਅਸਲ ਵਿਚ ਭਲਾ ਤਿੰਨੇ ਹੀ ਪੂਰਣ ਜਾਂ ਮੁਕੰਮਲ ਦੇ ਭਾਗ ਨਹੀਂ ਹਨ?*

ਪਾਪ ਦੇ ਕਾਰਣ ਇਸ ਸੰਸਾਰ ਵਿਚ ਦੁੱਖ ਅਤੇ ਤਕਲੀਫ਼ਾਂ ਆਈਆਂ, ਅਤੇ ਔਰਤ ਨੂੰ ਜੋ ਮਨੁੱਖਤਾ ਦਾ ਜਜ਼ਬਾਤੀ ਅਤੇ ਨਾਜ਼ੁਕ ਹਿੱਸਾ ਹੈ, ਇਸ ਦਾ ਵਧੇਰੇ ਭਾਰ ਝੱਲਣਾ ਪਿਆ। ਇਸ ਦੇ ਨਾਲ, ਉਸ ਦੀ ਚਾਹ ਉਹਦੇ ਪਤੀ ਵੱਲ ਹੋਣ ਕਾਰਣ ਉਹ ਉਸ ਦੇ ਇਖ਼ਤਿਆਰ ਹੇਠ ਆਉਣੀ ਸੀ ਅਤੇ ਉਸ ਨੇ ਉਸ ਉੱਤੇ 'ਹੁਕਮ' ਚਲਾਉਣਾ ਸੀ।

1 ਪਤਰਸ 3:1–7 ਵਿਚ ਅਸੀਂ ਮਸੀਹੀ ਪਤਨੀਆਂ ਅਤੇ ਪਤੀਆਂ ਨੂੰ ਕੁਝ ਹੋਰ ਹੁਕਮ ਪੜ੍ਹਦੇ ਹਾਂ। *''ਇਸੇ ਪਰਕਾਰ ਹੇ ਪਤਨੀਓ, ਆਪਣਿਆਂ ਪਤੀਆਂ ਦੇ ਅਧੀਨ ਹੋਵੋ ਭਈ ਜੇ ਕੋਈ ਵਚਨ ਨਾ ਵੀ ਮੰਨਦੇ ਹੋਣ ਤਾਂ ਓਹ ਵਚਨ ਤੋਂ ਬਿਨਾ ਆਪਣੀਆਂ ਪਤਨੀਆਂ ਦੀ ਚਾਲ ਢਾਲ ਦੇ ਕਾਰਣ ਖਿੱਚੇ ਜਾਣ। ਜਿਸ ਵੇਲੇ ਓਹ ਤੁਹਾਡੀ ਪਵਿੱਤਰ ਚਾਲ ਢਾਲ ਨੂੰ ਜੋ ਅਦਬ ਦੇ ਨਾਲ ਹੋਵੇ ਵੇਖ ਲੈਣ। ਅਤੇ ਤੁਹਾਡਾ ਸ਼ਿੰਗਾਰ ਸਿਰ ਗੁੰਦਣ ਅਤੇ ਸੋਨੇ ਦੇ ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ ਬਾਹਰਲਾ ਨਾ ਹੋਵੇ। ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਓਸ ਅਵਨਾਸ਼ੀ ਸ਼ਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ। ਕਿਉਂ ਜੋ ਇਸੇ ਤਰਾਂ ਅਗਲੇ ਸਮਿਆਂ ਵਿਚ ਪਵਿੱਤਰ ਇਸਤਰੀਆਂ ਜਿਹੜੀਆਂ ਪਰਮੇਸ਼ੁਰ ਉੱਤੇ ਆਸ ਰੱਖਦੀਆਂ ਸਨ ਆਪਣਿਆਂ ਪੁਰਸ਼ਾਂ ਦੇ ਅਧੀਨ ਹੋ ਕੇ ਆਪਣੇ ਆਪ ਨੂੰ ਸ਼ਿੰਗਾਰਦੀਆਂ ਸਨ। ਜਿਵੇਂ ਸਾਰਾਹ ਅਬਰਾਹਾਮ ਨੂੰ ਸੁਆਮੀ ਕਹਿ ਕੇ ਉਹ ਦੇ ਅਧੀਨ ਰਹੀ ਜਿਹ ਦੀਆਂ ਤੁਸੀਂ ਬੱਚੀਆਂ ਹੋਈਆਂ ਜੇ ਸ਼ੁਭ ਕਰਮ ਕਰਦੀਆਂ ਅਤੇ ਕਿਸੇ ਪਰਕਾਰ ਦੇ ਡਹਿਲ ਨਾਲ ਨਾ ਡਰਦੀਆਂ ਹੋਵੇ। ਇਸੇ ਤਰਾਂ ਹੇ ਪਤੀਓ, ਬੁੱਧ ਦੇ ਅਨੁਸਾਰ ਆਪਣੀਆਂ ਪਤਨੀਆਂ ਨਾਲ ਵੱਸੋ ਅਤੇ ਇਸਤਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕੇ ਅਤੇ ਇਹ ਭੀ ਭਈ ਤੁਸੀਂ ਦੋਵੇਂ ਜੀਵਨ ਦੀ ਬਖ਼ਸ਼ੀਸ਼ ਦੇ ਸਾਂਝੇ ਅਧਕਾਰੀ ਹੋ ਉਹ ਦਾ ਆਦਰ ਕਰੋ ਤਾਂ ਜੋ ਤੁਹਾਡੀਆਂ ਪ੍ਰਾਰਥਨਾਵਾਂ ਰੁਕ ਨਾ ਜਾਣ।''*

ਇਨ੍ਹਾਂ ਆਇਤਾਂ ਵਿਚ ਸਾਨੂੰ ਪਤਾ ਲਗਦਾ ਹੈ ਕਿ ਖ਼ੁਦਾ ਨੇ ਪਰਿਵਾਰ ਦੀ ਭਲਿਆਈ ਲਈ ਇਖ਼ਤਿਆਰ ਦੀ ਜੋ ਤਰਤੀਬ ਆਦਮੀ ਨੂੰ ਮੁਖੀ ਬਣਾ ਕੇ ਦਿੱਤੀ ਸੀ, ਉਹ ਮਸੀਹ ਦੇ ਆਉਣ ਜਾਂ ਉਸ ਦਾ ਨਵਾਂ ਨੇਮ ਸ਼ੁਰੂ ਹੋਣ ਨਾਲ ਖ਼ਤਮ ਨਹੀਂ ਹੋਈ। ਮਸੀਹੀ ਔਰਤਾਂ ਨੂੰ ਵੀ ਹੁਕਮ ਹੈ ਕਿ ਉਹ ਆਪਣੇ ਪਤੀਆਂ ਦੇ ਅਧੀਨ ਰਹਿਣ ਅਤੇ ਪਤੀਆਂ ਲਈ ਵੀ ਜ਼ਰੂਰੀ ਹੈ ਕਿ ਉਹ ਉਨ੍ਹਾਂ ਨੂੰ ਪ੍ਰੇਮ ਅਤੇ ਬੁੱਧ ਨਾਲ ਅਗਵਾਈ ਦੇਣ।

ਪਰ ਕੋਈ ਕਹਿ ਸਕਦਾ ਹੈ, ''ਫ਼ਰਜ਼ ਕਰੋ ਕਿ ਕੋਈ ਔਰਤ ਆਪਣੇ ਪਤੀ ਨਾਲੋਂ ਵੱਧ ਸਿਆਣੀ ਹੋਵੇ ਜਾਂ ਉਹ ਆਦਮੀ ਨਾਲੋਂ ਬੇਹਤਰ ਅਗਵਾਈ ਦੇ ਸਕਦੀ ਹੋਵੇ ਤਾਂ ਕੀ ਅਜਿਹੀ ਹਾਲਤ ਵਿਚ ਉਸ ਔਰਤ ਨੂੰ ਮੁਖੀ ਬਣਨਾ ਠੀਕ ਨਹੀਂ ਰਹੇਗਾ?''

ਇਖ਼ਤਿਆਰ ਦੀ ਇਸ ਤਰਤੀਬ ਨੂੰ ਸਮਝਦੇ ਹੋਏ ਖ਼ੁਦਾ ਨੇ ਪਰਿਵਾਰ ਲਈ ਇਹ ਨਿਯਮ ਦਿੱਤਾ ਤਾਂ ਜੋ ਆਦਮੀ ਅਤੇ ਔਰਤ ਆਪਣੀ ਪਸੰਦ ਦਾ ਸਾਥੀ ਚੁਣਨ ਵਿਚ ਬੜੀ ਚੌਕਸੀ ਵਰਤਣ। ਜੇ ਕੋਈ ਬਲਵਾਨ ਔਰਤ ਕਿਸੇ ਕਮਜ਼ੋਰ ਆਦਮੀ ਨਾਲ ਵਿਆਹ ਕਰਦੀ ਹੈ ਤਾਂ ਉਸ ਦੀ ਆਪਣੀ ਇਹ ਜ਼ਿੰਮੇਵਾਰੀ ਹੈ ਕਿ ਉਹ ਉਸ ਦੀ ਸਹਾਇਕਣ (ਜਿਸ ਨੂੰ ਪਰਮੇਸ਼ੁਰ ਨੇ ਇਸੇ ਲਈ ਬਣਾਇਆ ਹੈ) ਬਣ ਕੇ ਉਸਦਾ ਹੌਸਲਾ ਵਧਾਏ ਤਾਂ ਜੋ ਉਸ ਦਾ

ਪਤੀ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਹੋਰ ਕਮਜ਼ੋਰ ਨਾ ਹੋਵੇ।

ਪਰ ਇਨ੍ਹਾਂ ਆਇਤਾਂ ਵਿੱਚੋਂ ਸਾਨੂੰ ਪਤਾ ਲਗਦਾ ਹੈ ਕਿ ਇਖ਼ਤਿਆਰ ਦਾ ਇਹ ਆਸਾਨ ਜਿਹਾ ਫ਼ੈਸਲਾ ਇਕੱਲੇ ਆਦਮੀ ਅਤੇ ਔਰਤ ਉੱਤੇ ਹੀ ਨਹੀਂ ਛੱਡਿਆ ਗਿਆ।

- ਔਰਤ ਦਾ ਕੋਮਲ ਅਤੇ ਗੰਭੀਰ ਮਨ, ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ।
- ਅਤੇ ਆਦਮੀ ਅਤੇ ਉਸ ਦੀ ਪਤਨੀ ਵਿਚ ਸਹੀ ਸਬੰਧ ਹੋਣ ਨਾਲ ਇਸ ਗੱਲ ਦਾ ਸੰਦੇਸ਼ ਮਿਲਦਾ ਹੈ, ਤਾਂ ਜੋ *''ਪ੍ਰਾਰਥਨਾਵਾਂ ਰੁਕ ਨਾ ਜਾਣ।''*
- ਪਤੀ/ਪਤਨੀ ਦਾ ਸਬੰਧ ਸਿਰਫ਼ ਉਨ੍ਹਾਂ ਦੋਹਾਂ ਵਿਚਕਾਰ ਹੀ ਸੀਮਤ ਨਹੀਂ ਹੈ, ਸਗੋਂ, ਜਦ ਉਹ ਇਕ ਦੂਜੇ ਦੇ ਸਬੰਧ ਵਿਚ ਉਸ (ਪਰਮੇਸ਼ੁਰ) ਦੇ ਹੁਕਮ ਨੂੰ ਪੂਰਾ ਕਰਦੇ ਹਨ, ਤਾਂ ਉਹਨੂੰ ਖੁਸ਼ੀ ਹੁੰਦੀ ਹੈ। ਕਿਸੇ ਵੀ ਗੱਲ ਵਿਚ ਖ਼ੁਦਾ ਦੇ ਨਿਯਮ ਨੂੰ ਪਾਸੇ ਰੱਖ ਕੇ ਅਸੀਂ ਉਸ ਨੂੰ ਖੁਸ਼ ਨਹੀਂ ਕਰ ਸਕਦੇ। ਇਖ਼ਤਿਆਰ ਸਬੰਧੀ ਪਰਮੇਸ਼ੁਰ ਨੇ ਸੰਖੇਪ ਵਿਚ ਅਤੇ ਸਪੱਸ਼ਟ ਰੂਪ ਵਿਚ ਨਿਯਮ ਬਣਾਇਆ ਹੈ।
- 1 ਕੁਰਿੰਥੀਆਂ 11:3 ਵਿਚ ਅਸੀਂ ਪੜ੍ਹਦੇ ਹਾਂ ਜਿੱਥੇ ਪੌਲੁਸ ਲਿਖਦਾ ਹੈ, *''ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਜਾਣ ਲਵੋ ਕਿ ਹਰੇਕ ਪੁਰਖ ਦਾ ਸਿਰ ਮਸੀਹ ਹੈ ਅਤੇ ਇਸਤਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ।''*

***ਵਿਚਾਰ ਕਰਨ ਵਾਲੀ ਗੱਲ***

*ਮਾਪਿਆਂ ਦੇ ਰੂਪ ਵਿਚ ਬੇਟੇ ਬੇਟੀਆਂ ਦੀ ਪਰਵਰਿਸ਼ ਕਰਦਿਆਂ ਇਹ ਕਿੰਨਾਂ ਅਹਿਮ ਹੈ ਕਿ ਵਿਆਹ ਵਿਚ ਬਣੇ ਇਖ਼ਤਿਆਰ ਅਤੇ ਰਿਸ਼ਤਿਆਂ ਦੇ ਇਨ੍ਹਾਂ ਸੰਜੀਦਾ ਪਹਿਲੂਆਂ ਨੂੰ ਅਸੀਂ ਸਹੀ ਤਰੀਕੇ ਨਾਲ ਸਿਖਾਈਏ। ਭਾਵ ਅਸੀਂ ਆਪਣੀਆਂ ਤਰਜੀਹਾਂ ਦੇ ਰੂਪ ਵਿਚ ਨਹੀਂ ਬਲਕਿ ਖ਼ੁਦਾ ਵੱਲੋਂ ਦਿਤੇ ਅਸੂਲਾਂ ਦੇ ਮਤਾਬਿਕ ਉਨ੍ਹਾਂ ਦੀ ਤਰਬੀਅਤ ਕਰੀਏ? ਬਚਪਨ ਤੋਂ ਲੈ ਕੇ ਵਿਆਹ ਦੇ ਸਮੇਂ ਤਕ ਦਿੱਤੀ ਗਈ ਭਾਰੀ ਸਿੱਖਿਆ ਜੀਵਨ ਸਾਥੀ ਦੀ ਚੋਣ ਕਰਨ ਦੇ ਵਿਚਾਰ ਬਨਾਉਣ ਵਿਚ ਮਦਦਗਾਰ ਨਹੀਂ ਸਾਬਤ ਹੋਵੇਗੀ? ਭਲਾ ਇਸ ਨਾਲ ਬੱਚਿਆਂ ਵਿਚ ਹੋਰ ਚੇਤਨਾ ਨਹੀਂ ਆਵੇਗੀ ਕਿ ਵਿਆਹ ਦੋ ਜਣਿਆਂ ਵਿਚਕਾਰ ਇਕ ਮੁਆਹਿਦਾ ਹੈ ਅਤੇ ਇਸ ਕਰਕੇ ਇਸ ਨਾਲ ਜੁੜੀ ਹਰ ਗੱਲ ਖ਼ੁਦਾ ਦੇ ਨਿਯਮ ਦੇ ਮਤਹਿਤ ਹੋਣੀ ਲਾਜ਼ਮੀ ਹੈ?*

## ਚਰਚਾ ਲਈ ਸਵਾਲ

1. ਸੰਸਾਰ ਦੇ ਮੁੱਢ ਤੋਂ, ਕੁਦਰਤੀ ਤਰਤੀਬ ਦੇ ਮੁਤਾਬਿਕ ਖ਼ੁਦਾ ਨੇ ਕੀ ਚਾਹਿਆ ਸੀ?
2. ਔਰਤ ਦੀ ਅਗਵਾਈ ਵਿਚ ਅਪਰਾਧ ਹੋਣ ਕਰਕੇ ਕੀ ਹੋਇਆ?
3. ਆਦਮ ਅਤੇ ਹੱਵ੍ਹਾ ਵੱਲੋਂ ਕੀਤੇ ਗਏ ਪਾਪ ਦਾ ਜਵਾਬ ਖ਼ੁਦਾ ਨੇ ਕਿਸ ਤੋਂ ਮੰਗਣਾ ਚਾਹਿਆ? ਕਿਉਂ?
4. ਖ਼ੁਦਾ ਦੇ ਇੰਤਜ਼ਾਮ ਦੀ ਪਹਿਲੀ ਵਾਰ ਬੇਪਰਵਾਹੀ ਤੋਂ ਸਾਨੂੰ ਆਦਮ ਤੋਂ ਕੀ ਸਿੱਖਣ ਦੀ ਲੋੜ ਹੈ?
5. ਖ਼ੁਦਾ ਦੇ ਵਚਨ ਦੇ ਮੁਤਾਬਿਕ ਪਾਪ ਸੰਸਾਰ ਵਿਚ ਕਿਹਦੇ ਰਾਹੀਂ ਆਇਆ?
6. ਖ਼ੁਦਾ ਨੇ ਹੱਵ੍ਹਾ ਨੂੰ ਦੱਸਿਆ ਕਿ ਉਹਦੇ ਲਈ ਕਿਹੜੀਆਂ-ਕਿਹੜੀਆਂ ਦੋ ਗੱਲਾਂ

ਵਧਾਵੇਗਾ?

7. ਆਪਣੇ ਪਤੀ ਨਾਲ ਉਹਦੇ ਸਬੰਧ ਬਾਰੇ ਔਰਤ ਲਈ ਉਸ ਨੂੰ ਕਿਹੜੀਆਂ ਦੋ ਗੱਲਾਂ ਆਖੀਆਂ?
8. ਹੱਵ੍ਹਾ ਨੂੰ ਚਿਤਾਵਨੀ ਦਿੱਤੀ ਗਈ ਕਿ ਉਸ ਨੇ ............................ ਨਾਲ ਬੱਚਿਆਂ ਨੂੰ ਜਨਮ ਦੇਣਾ ਸੀ ਜੋ ਕਿ ਉਹਦੇ ਲਈ ਦਿੱਤੀ ਗਈ ਇਕ ਸਜ਼ਾ ਦਾ ਹਿੱਸਾ ਸੀ।
9. ਭਲਾ ਉਤਪਤ ਦੀ ਕਿਤਾਬ ਵਿਚ ਸ਼ੁਰੂ ਹੋਇਆ ਅਤੇ ਬਿਆਨਿਆ ਗਿਆ ਪਤੀ/ਪਤਨੀ ਸਬੰਧ ਅੱਜ ਮਸੀਹੀ ਯੁਗ ਵਿਚ ਵੀ ਬਰਕਰਾਰ ਹੈ?
10. ਪਤਰਸ ਨੇ ਖ਼ੁਦਾ ਦਾ ਭੌਅ ਮੰਨਣ ਵਾਲੀ ਔਰਤ ਦਾ ਬਿਆਨ ਕਿਵੇਂ ਕੀਤਾ ਹੈ?
11. ਮਸੀਹੀ ਪੁਰਖਾਂ ਨੂੰ ਆਪਣੀਆਂ ਪਤਨੀਆਂ ਦੀ ਅਗਵਾਈ ਕਿਵੇਂ ਕਰਨੀ ਚਾਹੀਦੀ ਹੈ?
12. ਜੇ ਲੱਗੇ ਕਿ ਪਤਨੀ ਅਗਵਾਈ ਕਰਨ ਵਿਚ ਪਤੀ ਨਾਲੋਂ ਬੇਹਤਰ ਹੈ ਤਾਂ ਭਲਾ ਉਸ ਨੂੰ ਅਗਵਾਈ ਆਪਣੇ ਹੱਥ ਵਿਚ ਲੈ ਲੈਣੀ ਚਾਹੀਦੀ ਹੈ?
13. 1 ਕੁਰਿੰਥੀਆਂ 11:3 ਵਿਚ ਪੌਲੁਸ ਨੇ ਇਖ਼ਤਿਆਰ ਦੀ ਤਰਤੀਬ ਕਿਵੇਂ ਦੱਸੀ?



# ਪਾਠ 4

## ਇਸ ਦਾ ਕੀ ਮਤਲਬ ਹੈ ਕਿ

# ‘‘ਉਹ ਬਾਲ ਜਣਨ ਦੇ ਵਸੀਲੇ ਨਾਲ ਬਚਾਈ ਜਾਵੇਗੀ’’ ?

*‘‘ਤਾਂ ਵੀ ਬਾਲ ਜਣਨ ਦੇ ਵਸੀਲੇ ਨਾਲ ਉਹ ਬਚਾਈ ਜਾਵੇਗੀ ਜੇ ਉਹ ਨਿਹਚਾ ਅਤੇ ਪ੍ਰੇਮ ਅਤੇ ਪਵਿੱਤਰਤਾਈ ਵਿਚ ਸੰਜਮ ਨਾਲ ਟਿਕੀਆਂ ਰਹਿਣ’’* (1 ਤਿਮੋਥਿਉਸ 2: 15)।

ਜਦ ਅਸੀਂ ਬਾਈਬਲ ਵਿੱਚੋਂ ਇਸ ਆਇਤ ਨੂੰ ਪੜ੍ਹਦੇ ਹਾਂ ਤਾਂ ਸਾਡਾ ਧਿਆਨ ਉਤਪਤ ਦੀ ਕਿਤਾਬ ਦੇ ਤੀਜੇ ਅਧਿਆਇ ਤੇ ਜਾਂਦਾ ਹੈ, ਜਿੱਥੇ ਬਾਗ–ਏ–ਅਦਨ ਵਿਚ ਆਦਮ ਅਤੇ ਹੱਵ੍ਹਾ ਨੇ ਹੁਕਮ ਤੋੜਿਆ ਸੀ।

***ਵਿਚਾਰ ਕਰਨ ਵਾਲੀ ਗੱਲ***

*“ਬਾਲ ਜਣਨ ਦੇ ਵਸੀਲੇ ਨਾਲ ਉਹ ਬਚਾਈ ਜਾਵੇਗੀ’’ ਦੇ ਅਰਥ ਨੂੰ ਤੁਸੀਂ ਕਿਵੇਂ ਸਮਝਾਓਗੇ? ਬਾਲ ਜਣਨ ਦੇ ਵਾਅਦੇ ਵਿਚ ਨਿਹਚਾ, ਪ੍ਰੇਮ, ਪਵਿੱਤਰਤਾਈ ਅਤੇ ਸੰਜਮ ਕਿਵੇਂ ਆਉਣਗੇ?*

ਜਦ ਖ਼ੁਦਾ ਨੇ ਹੱਵ੍ਹਾ ਦੇ ਪਾਪ ਕਾਰਣ ਉਸ ਨੂੰ ਸਰਾਪ ਦਿੱਤਾ ਤਾਂ ਉਸ ਨੇ ਕਿਹਾ ਕਿ ਉਹ ਔਰਤ ਦੇ ਗਰਭ ਦੀ ਪੀੜ ਨੂੰ ਬਹੁਤ ਵਧਾਵੇਗਾ ਅਤੇ ਪੀੜ ਨਾਲ ਹੀ ਉਹ ਬੱਚੇ ਜਣੇਗੀ। ਉਸ ਨੇ ਇਹ ਵੀ ਕਿਹਾ ਕਿ ਉਹ ਤੀਵੀਂ ਤੇ ਸੱਪ ਅਤੇ ਤੀਵੀਂ ਦੀ ਸੰਤਾਨ ਅਤੇ ਸੱਪ ਦੀ ਸੰਤਾਨ ਵਿਚ ਵੈਰ ਪਾਵੇਗਾ। *''ਉਹ ਤੇਰੇ (ਸੱਪ ਦੇ) ਸਿਰ ਨੂੰ ਫੇਵੇਂਗਾ ਅਤੇ ਤੂੰ ਉਹ (ਤੀਵੀਂ ਦੀ ਸੰਤਾਨ) ਦੀ ਅੱਡੀ ਨੂੰ ਡੰਗ ਮਾਰੇਂਗਾ''* (ਉਤਪਤ 3:15)। ਇਸ ਨੂੰ ਆਉਣ ਵਾਲੇ ਮੁਕਤੀਦਾਤੇ, ਜਿਸ ਨੇ ਤੀਵੀਂ ਤੋਂ ਪੈਦਾ ਹੋਣਾ ਸੀ ਪਹਿਲੀ ਨਬੂਵਤ ਮੰਨਿਆ ਜਾਂਦਾ ਹੈ।

ਇਸ ਤਰ੍ਹਾਂ, ਜਿਸ ਔਰਤ ਦੇ ਹੁਕਮ ਤੋੜਨ ਕਾਰਣ ਪਾਪ ਸੰਸਾਰ ਵਿਚ ਆਇਆ ਸੀ, ਉਸੇ ਔਰਤ ਦੇ ਰਾਹੀਂ ਪਾਪ ਦਾ ਇਲਾਜ ਕੁਆਰੀ ਮਰੀਅਮ ਦੀ ਕੁੱਖੋਂ ਯਿਸੂ ਮਸੀਹ ਦੇ ਜਨਮ ਨਾਲ ਹੋਣਾ ਸੀ। ਇਸ ਤਰ੍ਹਾਂ ਬਾਲ ਬਣਨ ਦੇ ਨਾਲ ਮਨੁੱਖਤਾ ਦੀ ਮੁਕਤੀ ਦਾ ਰਾਹ ਉਹ ਦੇ ਹੁਕਮ ਮੰਨਣ ਨਾਲ ਹੁੰਦਾ ਹੈ।

ਪਰ ਇਸ ਦੇ ਨਾਲ ਹੀ ਬਾਲ ਜਣਨ ਦੇ ਰਾਹੀਂ ਬਚਾਏ ਜਾਣ ਦੇ ਦੋ ਹੋਰ ਮਤਲਬ ਹਨ, ਜੇ ਉਹ ਖ਼ੁਦਾ ਦੀਆਂ ਵਫ਼ਾਦਾਰ ਬਣੀਆਂ ਰਹਿਣ।

ਪਰਮੇਸ਼ੁਰ ਨੇ ਜਿੱਥੇ ਆਦਮ ਨੂੰ, ਅਰਥਾਤ ਨਰ ਨੂੰ, ਪਰਿਵਾਰ ਦੀਆਂ ਸੰਸਾਰਕ ਲੋੜਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਦਿੱਤੀ, ਉੱਥੇ ਹੀ ਉਸ ਨੇ ਔਰਤ ਨੂੰ ਘਰ ਅਤੇ ਬੱਚਿਆਂ ਦੀ ਦੇਖਭਾਲ ਦਾ ਜ਼ਿੰਮਾ ਸੌਂਪਿਆ। 1 ਤਿਮੋਥਿਉਸ 5:14 ਵਿਚ ਔਰਤ ਨੂੰ *''ਵਿਆਹ ਕਰਨ, ਧੀਆਂ ਪੁੱਤਰ ਜਣਨ, ਗ੍ਰਹਿਸਥ ਦਾ ਕੰਮ ਕਰਨ ...''* ਦੀ ਜ਼ਿੰਮੇਵਾਰੀ ਸੌਂਪੀ ਗਈ। ਤੀਤੁਸ 2:4, 5 ਵਿਚ ਬਜ਼ੁਰਗ ਮਸੀਹੀ ਔਰਤਾਂ ਨੂੰ ਹਦਾਇਤ ਕੀਤੀ ਗਈ ਕਿ ਉਹ *''ਮੁਟਿਆਰਾਂ ਨੂੰ ਅਜਿਹੀ ਮੱਤ ਦੇਣ ਜੋ ਓਹ ਆਪਣੇ ਪਤੀਆਂ ਨਾਲ ਪ੍ਰੇਮ ਰੱਖਣ ਅਤੇ ਬਾਲ ਬੱਚਿਆਂ ਨਾਲ ਪਿਆਰ ਕਰਨ। ਸੁਰਤ ਵਾਲੀਆਂ, ਸਤਵੰਤੀਆਂ, ਸੁਘੜ ਬੀਬੀਆਂ, ਨੇਕ ਅਤੇ ਆਪਣੇ ਪਤੀਆਂ ਦੇ ਅਧੀਨ ਹੋਣ ... ।''*

ਪਰਮੇਸ਼ੁਰ ਵੱਲੋਂ ਦਿੱਤੇ ਗਏ ਇਸ ਕੰਮ ਨੂੰ ਪੂਰਾ ਕਰ ਕੇ ਹੀ ਔਰਤ, ਉਸ ਦੇ ਹੁਕਮ ਨੂੰ ਪੂਰਾ ਕਰ ਕੇ ਉਸ ਨੂੰ ਕਬੂਲ ਹੋ ਸਕਦੀ ਹੈ। ਪਰਿਵਾਰ ਅਤੇ ਬੱਚਿਆਂ ਦੀ ਸੰਭਾਲ ਕਰਨ ਦੇ ਹੁਕਮ ਨੂੰ ਕਿਸੇ ਵੀ ਤਰ੍ਹਾਂ ਮਨਮਰਜ਼ੀ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ ਕਿਉਂਕਿ; ਔਰਤ ਦੇ ਛੁਟਕਾਰੇ ਦੀ ਯੋਜਨਾ ਦਾ ਇਕ ਹਿੱਸਾ ਹੈ। ਸੋ, ਔਰਤ, ਬਾਲ ਜਣਨ ਦੇ ਕਾਰਣ ਬਚਾਈ ਜਾਵੇਗੀ, ਜੇ ਉਹ ਨਿਹਚਾ ਵਿਚ ਬਣੀ ਰਹੇ। ...

***ਵਿਚਾਰ ਕਰਨ ਵਾਲੀ ਗੱਲ***

*ਕਿਸੇ ਔਰਤ ਨੂੰ ਕਿਸੇ ਹੋਰ ਵੱਲੋਂ "ਆਪਣੇ ਪਤੀ ਨਾਲ ਪ੍ਰੇਮ, ਆਪਣੇ ਬੱਚਿਆਂ ਨਾਲ ਪ੍ਰੇਮ"ਕਰਨਾ ਸਿਖਾਉਣ ਦੀ ਗੱਲ ਅਟਪਟੀ ਲੱਗੇਗੀ। ਤੁਹਾਡੀ ਆਪਣੀ ਜ਼ਿੰਦਗੀ ਵਿਚ ਭਲਾ ਤੁਹਾਨੂੰ ਅਜਿਹੀ ਸਿੱਖਿਆ ਦੀ ਲੋੜ ਪਈ ਹੈ? ਕੰਮ ਕਾਜੀ ਪਤਨੀਆਂ ਅਤੇ ਮਾਤਾਵਾਂ ਅਤੇ ਖਿੰਡਦੇ ਪਰਿਵਾਰਾਂ ਦੇ ਅੱਜ ਦੇ ਇਸ ਦੇ ਸਮਾਜ ਵਿਚ ਭਲਾ ਕੁਦਰਤੀ ਬੰਧਨ ਹੋਣਾ ਔਖਾ ਹੈ? ਭਲਾ "ਪ੍ਰੇਮ" ਖ਼ਾਸ ਤੌਰ ਤੇ ਜਜ਼ਬਾਤੀ ਗੱਲ ਹੈ ਜਾਂ ਇਸ ਵਿਚ ਇਕ ਮਾਂ ਦੇ ਆਪਣੇ ਪਰਿਵਾਰ ਦੀਆਂ ਲੋੜਾਂ ਦਾ ਧਿਆਨ ਰੱਖਣ, ਨਿਰਸਵਾਰਥ ਮਨੋਂ ਸੇਵਾ ਕਰਨ ਦੀ ਉਸ ਦੀ ਭਾਵਨਾਂ, ਆਪਣੀ ਚਿੰਤਾ ਕੀਤੇ ਬਗੈਰ ਨਿਰਸਵਾਰਥ ਭਾਵਨਾ ਨਾਲ ਖ਼ਿਆਲ ਰੱਖਣ ਦੀ ਉਸ ਦੀ ਤਮ੍ਹਾਂ ਹੈ।*

ਔਰਤ ਦੇ ਬਾਲ ਜਣਨ ਦੇ ਵਸੀਲੇ ਬਚਾਏ ਜਾਣ ਦਾ ਦੂਜਾ ਭਾਵ ਹੈ ਕਿ ਨਵਜੰਮੇ ਬੱਚਿਆਂ ਦੀ ਪਰਵਰਿਸ਼ ਕਰਨ ਦੌਰਾਨ ਉਸ ਦੇ ਆਪਣੇ ਰੂਹਾਨੀ ਜੀਵਨ ਵਿਚ ਕਈ ਤਰ੍ਹਾਂ ਦੀਆਂ ਔਕੜਾਂ ਆਉਂਣਗੀਆਂ। ਇਕ ਔਰਤ ਜੋ ਆਪਣੇ ਬੱਚਿਆਂ ਨੂੰ ਬੰਦਗੀ ਲਈ ਲਗਾਤਾਰ ਲੈ ਕੇ ਜਾਂਦੀ ਹੈ, ਉਸ ਨੂੰ ਉਨ੍ਹਾਂ ਦੀਆਂ ਲੋੜਾਂ ਦੀ, ਉਨ੍ਹਾਂ ਦੇ ਰੋਣ ਦੀ, ਉਨ੍ਹਾਂ ਦੇ ਰੌਲੇ ਦੀ, ਉਨ੍ਹਾਂ ਦੀ ਭੁੱਖ ਦੀ ਖ਼ਬਰ ਹੁੰਦੀ ਹੈ। ਉਹ ਜਦ ਵੀ ਬੰਦਗੀ ਕਰੇਗੀ, ਲਾਜ਼ਮੀ ਹੈ ਕਿ ਉਸ ਨੂੰ ਕੋਈ ਰੁਕਾਵਟ ਪਵੇਗੀ। ਇਸ ਤਰ੍ਹਾਂ ਸੰਤਾਂ ਨਾਲ ਬੰਦਗੀ ਲਈ ਜਾਂਦੇ ਉਸ ਨੂੰ ਕਈ ਸਾਲ ਲੰਘ ਸਕਦੇ ਹਨ, ਜਦੋਂ ਉਹ ਨੂੰ ਬੱਚਿਆਂ ਕਾਰਨ ਇਹ ਵੀ ਯਾਦ ਨਹੀਂ ਰਿਹਾ ਹੋਵੇਗਾ ਕਿ ਬੰਦਗੀ ਵਿਚ ਕੀ ਹੋਇਆ ਸੀ।

ਘਰ ਵਿਚ ਹੀ ਉਸ ਨੂੰ ਆਪਣੇ ਬੱਚਿਆਂ ਦੀਆਂ ਰੁਕਾਵਟਾਂ ਅਤੇ ਉਨ੍ਹਾਂ ਦੀਆਂ ਲੋੜਾਂ ਕਰਕੇ ਰੋਜ਼ ਬਾਈਬਲ ਪੜ੍ਹਨ ਨੂੰ ਅਤੇ ਦੁਆ ਕਰਨ ਲਈ ਸਮਾਂ ਕੱਡਣਾ ਔਖਾ ਰਿਹਾ ਹੋ ਸਕਦਾ ਹੈ। ਅਜਿਹੇ ਵੀ ਦਿਨ ਆਏ ਹੋ ਸਕਦੇ ਹਨ ਜਦ ਉਸ ਨੂੰ ਲੱਗਾ ਹੋਵੇ ਕਿ ਉਸ ਦਾ ਮਨ ਸੰਤੁਸ਼ਟ ਨਹੀਂ ਹੋਇਆ ਹੈ, ਤਦ ਨਿਰਸਵਾਰਥ ਹੋਣ ਦੀ ਇਸ ਪ੍ਰਕ੍ਰਿਆ ਵਿੱਚੋਂ ਦੀ ਲੰਘਦਿਆਂ, ਆਪਣੇ ਮਨ ਵਿਚ ਪਰਮੇਸ਼ੁਰ ਅਤੇ ਉਸ ਦੇ ਵਚਨ ਨੂੰ ਰੱਖਦਿਆਂ, ਸਿੱਖ ਸਕਦੀ ਹੈ ਜਿਸ ਨਾਲ ਬਾਈਬਲ ਪੜ੍ਹਨ ਅਤੇ ਬਿਨਾਂ ਰੁਕਾਵਟ ਦੁਆ ਲਈ ਮਿਨਟ ਅਤੇ ਘੰਟੇ ਕੱਢਣ ਦੇ ਮੌਕੇ ਦੀ ਕਮੀ ਲੱਗੀ ਹੋਵੇ।

ਖ਼ੁਦਾ ਨੂੰ ਪਤਾ ਸੀ ਕਿ ਨਵਜੰਮੇ ਅਤੇ ਛੋਟੇ ਬੱਚਿਆਂ ਦਾ ਸਹਾਰਾ ਅਤੇ ਉਨ੍ਹਾਂ ਦੀ ਲੋੜ ਕੀ ਹੋਵੇਗੀ। ਉਸ ਨੇ ਇਨ੍ਹਾਂ ਸਭ ਲੋੜਾਂ ਨੂੰ ਪੂਰਾ ਕਰਨ ਲਈ ਔਰਤ ਨੂੰ ਇਸ ਯੋਗ ਬਣਾਇਆ, ਉਸ ਵਿਚ ਪਰਮੇਸ਼ੁਰ ਦੀ ਰਚਨਾ ਨੂੰ ਹਲੀਮੀ, ਸਬਰ, ਨਰਮ ਦਿਲੀ, ਦਰਦ ਮਹਿਸੂਸ ਕਰਨ ਵਾਲਾ ਮਨ ਅਤੇ ਦ੍ਰਿੜ੍ਹਤਾ ਨਾਲ ਪ੍ਰੇਮ ਕਰਨ ਦੀ ਭਰਪੂਰੀ ਦੀ ਖ਼ੂਬੀ ਹੈ। ਇਹ ਔਰਤ ਦਾ ਹੀ ਸੁਭਾਅ ਹੈ ਕਿ ਜਿਸ ਵਿਚ ਆਦਮੀ ਦੇ ਸੁਭਾਅ ਦਾ ਕਿਤੇ ਮੇਲ ਨਹੀਂ ਹੈ। ਜਿਵੇਂ ਇਕ ਮਾਂ ਆਪਣੇ ਬੱਚਿਆਂ ਦੀ ਪਰਵਰਿਸ਼ ਹਰ ਰੋਜ਼ ਕਰਦੀ ਹੈ, ਉਸਦੇ ਲਈ

ਜ਼ਰੂਰੀ ਹੈ ਕਿ ਉਹ ਖ਼ੁਦਾ ਦੇ ਦਿੱਤੇ ਗੁਣਾਂ ਵਿਚ ਵੀ ਵਧੇ ਅਤੇ ਆਪਣੇ ਬੱਚਿਆਂ ਨਾਲ ਹੋਰ ਵੀ ਪਿਆਰ ਅਤੇ ਸਬਰ ਨਾਲ ਅਤੇ ਬੜੀ ਸਮਝਦਾਰੀ ਨਾਲ ਪੇਸ਼ ਆਵੇ। ਇਸ ਤਰ੍ਹਾਂ ਖ਼ੁਦਾ ਵੱਲੋਂ ਦਿੱਤੇ ਗਏ ਕੰਮ ਨੂੰ ਪੂਰਾ ਕਰ ਕੇ ਉਹ ਆਪਣੇ ਜੀਵਨ ਨੂੰ ਧਨੀ ਅਤੇ ਖ਼ੁਦਾ ਦੀ ਹੋਰ ਨਜ਼ਦੀਕੀ ਵਿਚ ਕਰ ਸਕਦੀ ਹੈ।

***ਵਿਚਾਰ ਕਰਨ ਵਾਲੀ ਗੱਲ***

*ਬੱਚਿਆਂ ਦੇ ਮਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਮਾਵਾਂ ਵੱਲੋਂ ਕਿਵੇਂ ਅਕਾਰ ਦਿੱਤਾ ਜਾਂਦਾ ਹੈ। ਮਾਂਵਾਂ ਦੇ ਮਨਾਂ ਅਤੇ ਸ਼ਖ਼ਸੀਅਤਾਂ ਨੂੰ ਬੱਚਿਆਂ ਵੱਲੋਂ ਕਿਵੇਂ ਸਵਾਰਿਆਂ ਜਾਂਦਾ ਹੈ? ਭਲਾ ਇਹ ਰਿਸ਼ਤਾਂ ਮਾਂ ਅਤੇ ਬੱਚਿਆਂ ਦੋਹਾਂ ਦੇ ਬਚਾਏ ਜਾਣ ਲਈ ਖ਼ੁਦਾ ਦੀ ਯੋਜਨਾ ਦਾ ਭਾਗ ਸੀ?*

ਪਰ ਇਨ੍ਹਾਂ ਮੁਸ਼ਕਿਲ ਸਮਿਆਂ ਵਿਚ ਉਸ ਨੂੰ ਨਿਹਚਾਵਾਨ ਬਣੇ ਰਹਿਣਾ ਚਾਹੀਦਾ ਹੈ। ਬਿਨਾਂ ਰੁਕੇ, ਕੁਝ ਕੁ ਮੌਕਿਆਂ ਤੇ ਬੰਦਗੀ ਕਰਨ ਦੇ ਬਾਵਜੂਦ ਅਧਿਐਨ ਲਈ ਸਮੇਂ ਦੀ ਘਾਟ ਕਾਰਣ, ਆਪਣੀ ਆਤਮਕ ਭੁੱਖ ਨੂੰ ਮਿਟਾਉਣ ਦੇ ਬਾਵਜੂਦ ਇਸ ਸੱਚਾਈ ਦੇ ਬਾਵਜੂਦ ਕਿ ਉਸ ਦੇ ਵਿਚਾਰ ਇਨ੍ਹਾਂ ਸਾਲਾਂ ਵਿਚ ਦੋ ਸਾਲ ਜਾਂ ਪੰਜ ਸਾਲ ਦੇ ਬੱਚੇ ਵਰਗੇ ਹੀ ਹੋਣਗੇ, ਉਸ ਨੂੰ ਆਪਣੇ ਪਰਮੇਸ਼ੁਰ ਨਾਲ ਆਪਣਾ ਨਿੱਜੀ ਸਬੰਧ ਪੂਰੀ ਤਨਦੇਹੀ ਨਾਲ ਬਣਾ ਕੇ ਰੱਖਣਾ ਜ਼ਰੂਰੀ ਹੈ। ਉਸ ਨੂੰ ਮਾਂ ਹੋਣ ਕਰਕੇ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਕਰਕੇ ਉਸ ਨੂੰ

- ਪਰਮੇਸ਼ੁਰ ਵਿਚ ਹੋਰ ਗਹਿਰਾਈ ਨਾਲ ਵਿਸ਼ਵਾਸ ਰੱਖਣਾ,
- ਇਹ ਜਾਣਨਾ ਕਿ ਉਹੀ ਸਾਨੂੰ ਸੰਭਾਲਦਾ ਹੈ,
- ਉਸ ਨੂੰ ਹੋਰ ਪਿਆਰ ਕਰਨਾ,
- ਇਹ ਜਾਣਨਾ ਕਿ ਉਹ ਅੱਤ ਪਵਿੱਤਰ ਹੈ, ਜ਼ਰੂਰੀ ਹੈ
- ਅਤੇ ਯਕੀਨਨ ਹੀ ਇਹ ਸਭ ਹੋਣ ਤੇ ਉਸ ਨੂੰ ਆਪਣੇ ਆਪ ਉੱਤੇ ਕਾਬੂ ਰੱਖਣਾ ਆਵੇਗਾ।

ਉਸ ਵਿਚ ਇਹ ਗੁਣ ਹੋਣੇ ਕਿਉਂ ਜ਼ਰੂਰੀ ਹਨ? ਕਿਉਂਕਿ ਜੇ ਉਸ ਦਾ ਹੀ ਸਬੰਧ ਆਪਣੇ ਖ਼ੁਦਾ ਨਾਲ ਨਹੀਂ ਹੈ, ਕਿ ਜ਼ਿੰਦਗੀ ਦੇ ਅਹਿਮ ਸਮੇਂ ਵਿਚ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਬਾਵਜੂਦ ਉਸ ਨੇ ਸਿਰਫ਼ ਖ਼ੁਦਾ ਉੱਤੇ ਹੀ ਵਿਸ਼ਵਾਸ ਰੱਖਿਆ, ਤਾਂ ਉਹ ਆਪਣੇ ਬੱਚਿਆਂ ਨੂੰ ਕਿਵੇਂ ਸਿਖਾ ਸਕਦੀ ਹੈ ਕਿ ਉਹ ਖ਼ੁਦਾ ਉੱਤੇ ਵਿਸ਼ਵਾਸ ਕਰਨ। ਪਰ ਜਿਸ ਤਰ੍ਹਾਂ ਬੱਚਿਆਂ ਦੀ ਰੂਹਾਨੀ ਅਗਵਾਈ ਕਰਦੇ ਉਸ ਦੀ ਆਪਣੀ ਤਰੱਕੀ ਹੋਈ ਕਿ ਉਹ ਇਕ ਅਜਿਹਾ ਮਜ਼ਬੂਤ ਰੂਹਾਨੀ ਜਨ ਬਣ ਗਈ ਕਿ ਉਹ ਜ਼ਿੰਦਗੀ ਦੀਆਂ ਸਾਰੀਆਂ ਚੁਣੌਤੀਆਂ ਦਾ ਮੁਕਾਬਲਾ ਪਰਮੇਸ਼ੁਰ ਅੱਗੇ ਸਮਰਪਣ ਅਤੇ ਉਸ ਉੱਤੇ ਨਿਹਚਾ ਨਾਲ ਕਰ ਸਕਦੀ ਹੈ।

*''ਤਾਂ ਵੀ ਬਾਲ ਜਣਨ ਦੇ ਵਸੀਲੇ ਨਾਲ ਉਹ ਬਚਾਈ ਜਾਵੇਗੀ ਜੇ ਉਹ ਨਿਹਚਾ ਅਤੇ ਪ੍ਰੇਮ ਅਤੇ ਪਵਿੱਤਰਤਾਈ ਵਿਚ ਸੰਜਮ ਨਾਲ ਟਿਕੀਆਂ ਰਹਿਣ।''*

## ਚਰਚਾ ਕਰਨ ਲਈ ਸਵਾਲ

1. ਇਸ ਪਾਠ ਦੀ ਆਇਤ ਸਾਨੂੰ ਕਿਸ ਮੌਕੇ ਵੱਲ ਵਾਪਸ ਲੈ ਜਾਂਦੀ ਹੈ?
2. ਹੱਵ੍ਹਾ ਨੂੰ ਉਸ ਦੇ ਪਾਪ ਦੇ ਨਤੀਜੇ ਵਜੋਂ ਦੱਸੇ ਗਏ ਨਤੀਜਿਆਂ ਤੋਂ ਇਲਾਵਾ ਖ਼ੁਦਾ ਨੇ ਉਸ ਨੂੰ ਇਕ ਵਾਅਦਾ ਵੀ ਦਿੱਤਾ। ਉਹ ਵਾਅਦਾ ਕੀ ਸੀ?
3. ਮੁਕਤੀਦਾਤੇ, ਮਸੀਹ ਦਾ ਜਨਮ ਕਿਵੇਂ ਹੋਣਾ ਸੀ?
4. ਇਸ ਤਰ੍ਹਾਂ ਬੱਚੇ ਜਣਨਾ ......................................
5. 1 ਤਿਮੋਥਿਉਸ 5: 14 ਕਹਿੰਦਾ ਹੈ ਕਿ ''ਔਰਤਾਂ ................., ਧੀਆਂ ਪੁੱਤਰ ....................., .......................... ਦਾ ਕੰਮ ਕਰਨ।''
6. ਬਜ਼ੁਰਗ ਔਰਤਾਂ ਨੂੰ ਕੀ ਕਰਨ ਲਈ ਕਿਹਾ ਗਿਆ ਹੈ?
7. ਘਰ ਬਾਰ ਸੰਭਾਲਣ ਅਤੇ ਬਾਲ ਬੱਚਿਆਂ ਦੀ ਦੇਖਭਾਲ ਕਰਨ ਦੇ ਹੁਕਮਾਂ ਨੂੰ ਮੰਨਣਾ ਮਨਮਰਜ਼ੀ ਤੇ ਨਹੀਂ ਹੈ ਬਲਕਿ ਇਹ ........................... ਦਾ ਹਿੱਸਾ ਹੈ।
8. ਬੰਦਗੀ ਵਿਚ ਮਾਂ ਦਾ ਵਿਸ਼ਵਾਸ, ਜਦ ਕਿ ਉਸ ਦੇ ਬੱਚੇ ਅਜੇ ਐਨੇ ਛੋਟੇ ਹਨ ਕਿ ਉਹ ਉਸ ਦਾ ਧਿਆਨ ਭਟਕਾ ਦਿੰਦੇ ਹਨ, ਉਸ ਦੀ ਰੂਹਾਨੀ ਤਰੱਕੀ ਵਿਚ ਕਿਵੇਂ ਮਦਦਗਾਰ ਹੋਵੇਗਾ?
9. ਇਕ ਚੰਗੀ ਮਾਂ ਬਣਨ ਲਈ ਕੁਝ ਕਿਹੜੀਆਂ ਖੂਬੀਆਂ ਹੋਣੀਆਂ ਜ਼ਰੂਰੀ ਹਨ?
10. ''ਮਾਂ ਹੋਣਾ'' ਕਿਵੇਂ ਕਿਸੇ ਔਰਤ ਨੂੰ ਇਨ੍ਹਾਂ ਖੂਬੀਆਂ ਵਿਚ ਵਧਣ ਵਿਚ ਮਦਦ ਕਰਦਾ ਹੈ?
11. ''ਬਾਲ ਜਣਨ ਦੇ ਵਸੀਲੇ ਬਚਾਏ ਜਾਣ'' ਦਾ ਮੁੱਖ ਸ਼ਬਦ ਕੀ ਹੈ?
12. ਇਹ ਐਨਾਂ ਜ਼ਰੂਰੀ ਕਿਉਂ ਹੈ ਕਿ ਕੋਈ ਮਾਂ ਇਨ੍ਹਾਂ ਖੂਬੀਆਂ ਵਿਚ ਵਧਕੇ ਮਜ਼ਬੂਤ ਹੋਵੇ?



## ਪਾਠ 5

# ''ਆਦਮੀ ਲਈ ਉਹ ਦੇ ਵਰਗੀ ਸਹਾਇਕਣ'' ਤੋਂ ਕੀ ਭਾਵ ਹੈ?

ਜਦ ਸਾਰੇ ਜੀਵਾਂ ਦੀ ਰਚਨਾ ਹੋ ਚੁੱਕੀ, ਤਾਂ ਆਦਮ ਨੇ ਸਾਰੇ ਜੀਵਾਂ ਦਾ ਨਾਂਅ ਰੱਖਿਆ, *''ਪਰ ਆਦਮੀ ਲਈ ਅਜੇ ਕੋਈ ਸਹਾਇਕਣ ਉਹਦੇ ਵਰਗੀ ਨਾ ਮਿਲੀ''* (ਉਤਪਤ 2:20)। ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਹੀ ਸਰੂਪ ਉੱਤੇ ਬਣਾਇਆ, ਉਸ ਨੂੰ ਸਮਝ, ਅਤੇ ਸਦੀਪਕ ਆਤਮਾ ਦਿੱਤਾ ਤਾਂ ਜੋ ਉਹ ਪਰਮੇਸ਼ੁਰ ਦੀ ਰਚਨਾ ਨੂੰ ਪਿਆਰ ਕਰੇ ਅਤੇ ਉਸ ਨਾਲ ਉਸ ਦਾ ਸਬੰਧ ਬਣਿਆ ਰਹੇ। ਹੁਣ ਆਦਮੀ ਨੂੰ ਵੀ ਲੱਗਦਾ ਸੀ ਕਿ ਉਨ੍ਹਾਂ ਜੀਵਾਂ ਵਿਚ ਉਸ ਦੇ ਵਰਗਾ ਕੋਈ ਵੀ ਨਹੀਂ ਹੈ, ਜਿਸਦੇ ਨਾਲ ਮਿਲ ਕੇ ਉਹ ਪਰਮੇਸ਼ੁਰ ਦੀ ਅਖੋਤੀ ਰਚਨਾ ਦੀ ਵਡਿਆਈ ਕਰ ਸਕੇ।

***ਵਿਚਾਰ ਕਰਨ ਵਾਲੀ ਗੱਲ***

*ਤੁਹਾਨੂੰ ਕੀ ਲਗਦਾ ਹੈ ਕਿ ਇਸ ਤੋਂ ਕੀ ਭਾਵ ਹੈ ਕਿ ਔਰਤ ਨੇ ਆਦਮੀ ਲਈ "ਸਹਾਇਕਣ'' ਬਣਨਾ ਸੀ ਜੋ ਉਸ ਦੇ "ਵਰਗੀ'' ਹੋਵੇ? ਆਦਮ ਦੇ ਸਾਹਮਣੇ ਜਾਨਵਰ ਲਿਆ ਕੇ ਉਸ ਨੂੰ ਵਿਖਾਏ ਜਾਣ ਤੋਂ ਬਾਅਦ ਜਦ ਉਹ ਉਨ੍ਹਾਂ ਸਾਰਿਆਂ ਦੇ ਨਾਂਅ ਰੱਖ ਗਿਆ ਸੀ ਤਾਂ ਭਲਾ ਉਸ ਨੂੰ ਲੱਭ ਗਿਆ ਹੋਵੇਗਾ ਕਿ ਉਨ੍ਹਾਂ ਵਿਚ ਹਰ ਤਰ੍ਹਾਂ ਦੇ "ਨਰ ਅਤੇ ਮਾਦਾ'' ਹਨ? ਭਲਾ ਉਸ ਨੂੰ ਇਹ ਸਮਝਣ ਵਿਚ ਮਦਦ ਮਿਲੀ ਹੋਵੇਗੀ ਕਿ ਉਨ੍ਹਾਂ ਵਿਚ ਉਸ ਦਾ ਕੋਈ ਜੋੜ ਨਹੀਂ? ਤੁਹਾਨੂੰ ਕੀ ਲਗਦਾ ਹੈ ਕਿ ਆਦਮ ਨੂੰ ਇਕੱਲਾ ਮਹਿਸੂਸ ਹੋਣ ਦੇਣ ਅਤੇ ਇਕ ਸਾਥੀ ਦੀ ਲੋੜ ਦਾ ਅਹਿਸਾਸ ਹੋਣ ਦੇਣ ਤਕ ਖ਼ੁਦਾ ਨੇ ਐਨਾਂ ਸਮਾਂ ਕਿਉਂ ਲਾਇਆ ਹੋਵੇਗਾ?*

ਅਸਲ 'ਚ ਪਰਮੇਸ਼ੁਰ ਦੀ ਯੋਜਨਾ ਅਨੁਸਾਰ ਅਜੇ ਆਦਮੀ ਦੇ ਰੂਪ ਵਿਚ ਆਦਮ ਦੀ ਅਧੂਰੀ ਰਚਨਾ ਹੋਈ ਸੀ! ਭਾਵੇਂ ਆਦਮ ਇਕੱਲਾ ਰਹਿ ਕੇ ਕੰਮ ਕਰ ਸਕਦਾ ਸੀ, ਜਿਸ ਤੋਂ ਲੱਗੇ ਕਿ ਉਸ ਨੂੰ ਆਪਣੇ ਆਪ ਵਿਚ ਕੋਈ ਕਮੀ ਨਹੀਂ ਹੈ, ਪਰ ਖ਼ੁਦਾ ਨੂੰ ਪਤਾ ਸੀ ਕਿ ਉਸ ਲਈ ਜਿਨਸੀ, ਜਿਸਮਾਨੀ, ਦਿਮਾਗੀ, ਜਜ਼ਬਾਤੀ, ਸਮਾਜੀ ਅਤੇ ਰੂਹਾਨੀ ਤੌਰ ਤੇ ਮੁਕੰਮਲ ਹੋਣ ਵਾਸਤੇ ਇਕ ਸਾਥੀ ਦੀ ਲੋੜ ਹੈ। ਸੋ ਜਦ ਆਦਮ ਨੂੰ ਇਕੱਲਾਪਨ ਲੱਗਾ ਤਾਂ ਖ਼ੁਦਾ ਨੇ ਉਸ ਨੂੰ ਗੂੜ੍ਹੀ ਨੀਂਦ ਸੁਲਾ ਦਿੱਤਾ ਅਤੇ ਉਸ ਦੀ ਪੱਸਲੀ ਵਿੱਚੋਂ ਇਕ ਕੱਢ ਲਈ। ਖ਼ੁਦਾ ਨੇ ਔਰਤ ਨੂੰ ਮਿੱਟੀ ਵਿੱਚੋਂ ਨਹੀਂ ਸਗੋਂ ਆਦਮੀ ਦੀ ਪੱਸਲੀ ਤੋਂ ਬਣਾਇਆ ਅਤੇ ਉਸ ਨੂੰ ਆਦਮ ਦੇ ਕੋਲ ਲੈ ਆਇਆ। ਆਦਮ ਨੇ ਕਿਹਾ *''ਇਹ ਹੁਣ ਮੇਰੀਆਂ ਹੱਡੀਆਂ ਵਿੱਚੋਂ ਹੱਡੀ ਹੈ ਅਰ ਮੇਰੇ ਮਾਸ ਵਿੱਚੋਂ ਮਾਸ ਹੈ ਸੋ ਇਹ ਇਸ ਕਾਰਣ ਨਾਰੀ ਅਖਵਾਏਗੀ, ਕਿਉਂ ਜੋ ਇਹ ਨਰ ਵਿੱਚੋਂ ਕੱਢੀ ਗਈ ਹੈ''* (ਉਤਪਤ 2:23)।

ਅੱਜ ਸੰਸਾਰ ਵਿਚ ਅਸੀਂ ਉਨ੍ਹਾਂ ਆਦਮੀਆਂ ਅਤੇ ਉਨ੍ਹਾਂ ਔਰਤਾਂ ਬਾਰੇ ਸੁਣਦੇ ਹਾਂ, ਜੋ ਵਿਆਹ ਨਹੀਂ ਕਰਦੇ ਅਤੇ ਇਕੱਲੇ ਰਹਿਣ ਨੂੰ ਤਰਜੀਹ ਦਿੰਦੇ ਹਨ। ਕੁਝ ਲੋਕ ਵਿਆਹ ਕਰਨ ਦੀ ਬਜਾਇ ਆਪਣੇ ਜੀਵਨ ਪਰਮੇਸ਼ੁਰ ਨੂੰ ਸਮਰਪਿਤ ਕਰ ਦਿੰਦੇ ਹਨ, ਤਾਂ ਜੋ ਪਰਮੇਸ਼ੁਰ ਦਾ ਪ੍ਰੇਮ ਉਨ੍ਹਾਂ ਦੇ ਮਨੁੱਖੀ ਸਾਥੀ ਦੇ ਨਾ ਹੋਣ ਦੀ ਕਮੀ ਨੂੰ ਪੂਰਾ ਕਰ ਦੇਵੇ।

ਕੁਝ ਹੋਰ ਮਾਮਲਿਆਂ ਵਿਚ, ਕਈ ਵਾਰ ਹਾਲਾਤ ਵਿਆਹ ਨਾ ਕਰਨ ਨੂੰ ਮਜਬੂਰ ਕਰਦੇ ਹਨ, ਅਤੇ ਇਸ ਦੇ ਕਾਰਣਾਂ ਨੂੰ ਮੰਨਣਾ ਪੈਂਦਾ ਹੈ। ਪਰ ਜਿਆਦਾਤਰ ਮਰਦ ਅਤੇ ਔਰਤਾਂ ਮਨੁੱਖੀ ਲੋੜ ਨੂੰ ਪੂਰਾ ਕਰਨ ਅਤੇ ਪਰਿਵਾਰ ਬਣਾਉਣ ਦੀ ਲਾਲਸਾ ਨਾਲ ਵਿਆਹ ਕਰਦੇ ਹਨ। ਆਦਮੀਆਂ ਨੂੰ ਪਤਨੀ ਦੇ ਪਿਆਰ ਅਤੇ ਸੰਭਾਲ ਦੀ ਲੋੜ ਮਹਿਸੂਸ ਹੁੰਦੀ ਹੈ ਜੋ ਉਸ ਨੂੰ ਘਰ ਚਲਾਉਣ ਵਿਚ ਮਦਦ ਦੇਵੇ। ਔਰਤ ਨੂੰ ਪਤੀ ਦੀ ਹਿਫ਼ਾਜ਼ਤ ਅਤੇ ਸਾਥ ਦੀ ਲੋੜ ਹੁੰਦੀ ਹੈ। ਦੋਹਾਂ ਨੂੰ ਹੀ ਜੋ ਵੱਡੀ ਲੋੜ ਹੁੰਦੀ ਹੈ, ਉਹ ਇਹ ਹੈ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਬਾਅਦ ਉਨ੍ਹਾਂ ਦੀ ਔਲਾਦ ਹੋਵੇ। ਮਨੁੱਖੀ ਸਿਸਟਮ ਦੇ ਅੰਦਰ ਇਹ ਮਹੱਤਵਪੂਰਣ ਲੋੜਾਂ ਪਰਮੇਸ਼ੁਰ ਨੇ ਆਪ ਹੀ ਪਾਈਆਂ ਸਨ ਅਤੇ ਮਨੁੱਖ ਇਸ ਨੂੰ ਅਸਾਨੀ ਨਾਲ ਨਜ਼ਰਅੰਦਾਜ਼ ਨਹੀਂ ਕਰ ਸਕਦਾ।

ਜੇ ਆਦਮੀ ਅਤੇ ਜਾਨਵਰਾਂ ਦੀ ਤੁਲਨਾ ਕਰੀਏ ਅਤੇ ਮਨੁੱਖ ਨੂੰ ਵੱਖ ਕਰੀਏ ਤਾਂ ਕੋਈ ਵੀ ਔਰਤ ਕਿਸੇ ਵੀ ਆਦਮੀ ਦੇ ''ਵਰਗੀ'' ਹੀ ਮਿਲੇਗੀ। ਪਰ ਸਾਨੂੰ ਪਤਾ ਹੈ ਕਿ ਅਕਸਰ ਕਈ ਵਾਰ ਕੋਈ ਆਦਮੀ ਕਿਸੇ ਖ਼ਾਸ ਔਰਤ ਨਾਲ ਮੇਲ ਨਹੀਂ ਖਾਂਦਾ। ਉਨ੍ਹਾਂ ਦੇ ''ਕੱਦ ਕਾਠੀ'' ਵਿਚ ਫ਼ਰਕ ਹੋ ਸਕਦਾ ਹੈ। ਕਈ ਵਾਰ ਅਸੀਂ ਵੇਖਦੇ ਹਾਂ ਕਿ ਆਦਮੀ ਜ਼ਿਆਦਾ ਪੜ੍ਹਿਆ ਲਿਖਿਆ ਹੁੰਦਾ ਹੈ ਅਤੇ ਉਸ ਦਾ ਵਿਆਹ ਕਿਸੇ ਅਨਪੜ੍ਹ ਔਰਤ ਨਾਲ ਹੋ ਜਾਂਦਾ ਹੈ, ਜਿਸਦਾ ਮਕਸਦ ਸਿਰਫ਼ ਜ਼ਿੰਦਗੀ ਕੱਟਣਾ ਹੁੰਦਾ ਹੈ। ਕਈ ਵਾਰ ਅਸੀਂ ਵੇਖਦੇ ਹਾਂ ਕਿ ਕੋਈ ਬਹੁਤ ਹੀ ਸੰਜੀਦਾ ਅਤੇ ਲਾਇਕ ਔਰਤ ਆਪਣੇ ਜੀਵਨ ਵਿਚ ਬਹੁਤ ਵੱਡੀ ਭੁੱਲ ਉਦੋਂ ਕਰਦੀ ਹੈ ਜਦੋਂ ਉਹ ਕਿਸੇ ਸੌੜੀ ਸੋਚ ਆਦਮੀ ਨੂੰ ਆਪਣਾ ਪਤੀ ਬਣਾ ਲੈਂਦੀ ਹੈ। ਇਹ ਬਹੁਤ ਹੀ ਧਿਆਨ ਨਾਲ ਵਿਚਾਰਨ ਵਾਲੀ ਗੱਲ ਹੈ ਕਿ ਜਦੋਂ ਜੀਵਨ ਸਾਥੀ

ਦੀ ਚੋਣ ਕਰਨੀ ਹੋਵੇ ਤਾਂ ਦੋਹਾਂ ਦੇ ਜੀਵਨ ਦੇ ਸਾਰੇ ਪਹਿਲੂ ਵਿਚਾਰੇ ਜਾਣ! ਖੁਸ਼ੀ ਪ੍ਰਾਪਤ ਕਰਨ ਲਈ ਉਵੇਂ ਹੀ ਕਰਨਾ ਜ਼ਰੂਰੀ ਹੈ ਜਿਵੇਂ ਪਰਮੇਸ਼ੁਰ ਦੀ ਇੱਛਾ ਸੀ ਕਿ ਔਰਤ ਅਤੇ ਆਦਮੀ ''ਮੇਲ ਖਾਂਦੇ'' ਹੋਣ।

ਔਰਤ ਇਕ ਸਹਾਇਕਣ ਕਿਵੇਂ ਹੋ ਸਕਦੀ ਹੈ? ਜਿਵੇਂ ਪਹਿਲਾਂ ਵੀ ਕਿਹਾ ਹੈ ਕਿ ਉਹ ਤਾਂ ਆਪਣੇ ਪਤੀ ਦੇ ਜੀਵਨ ਭਰ ਦੀ ਸਾਥਣ ਹੈ। ਆਰੰਭ ਤੋਂ ਹੀ ਖ਼ੁਦਾ ਨੇ ਨਹੀਂ ਚਾਹਿਆ ਸੀ ਕਿ ਤਲਾਕ ਹੋਵੇ। ਉਸ ਦੀ ਯੋਜਨਾ ਸੀ ਕਿ, 'ਜੀਵਨ ਭਰ ਲਈ ਇਕ ਮਰਦ ਲਈ ਇਕ ਔਰਤ ਹੋਵੇ।'' ਇਸ ਸੱਚਾਈ ਨੂੰ ਯਿਸੂ ਨੇ ਹੋਰ ਪੱਕਿਆਂ ਕਰਦੇ ਆਖਿਆ ਕਿ *''ਕੀ ਤੁਸਾਂ ਇਹ ਨਹੀਂ ਪੜ੍ਹਿਆ ਭਈ ਜਿਸ ਨੇ ਉਨ੍ਹਾਂ ਨੂੰ ਬਣਾਇਆ ਉਹ ਨੇ ਮੁੱਢੋਂ ਉਨ੍ਹਾਂ ਨੂੰ ਨਰ ਅਤੇ ਨਾਰੀ ਬਣਾਇਆ? ਅਤੇ ਕਿਹਾ ਜੋ ਏਸ ਲਈ ਮਰਦ ਆਪਣੇ ਮਾਪੇ ਛੱਡ ਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਉਹ ਦੋਵੇਂ ਇਕ ਸਰੀਰ ਹੋਣਗੇ। ਸੋ ਹੁਣ ਉਹ ਦੋ ਨਹੀਂ ਬਲਕਣ ਇੱਕੋ ਸਰੀਰ ਹਨ ਸੋ ਜੋ ਕੁਝ ਪਰਮੇਸ਼ੁਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ''* (ਮੱਤੀ 19:4–6)।

***ਵਿਚਾਰ ਕਰਨ ਵਾਲੀ ਗੱਲ***

*ਤਲਾਕ ਨੂੰ ਅੱਜ ਜ਼ਿਆਦਾਤਰ ਲੋਕਾਂ ਵੱਲੋਂ ਮਾਨਤਾ ਦਿੱਤੀ ਜਾਂਦੀ ਹੈ। ਜ਼ਿਆਦਾਤਰ ਲੋਕ ਮਸੀਹ ਵੱਲੋਂ ਦੱਸੀਆਂ ਗਈਆਂ ਪਾਬੰਦੀਆਂ ਨੂੰ ਇਹ ਆਖ ਕੇ ਨਕਾਰ ਦਿੰਦੇ ਹਨ ਕਿ ਇਹ ਇਕ ਯਹੂਦੀ- ਦੂਜਿਆਂ ਉੱਤੇ ਜ਼ਬਰਦਸਤੀ ਥੋਪਣ ਦਾ ਹੱਕ ਕਿਸੇ ਨੂੰ ਨਹੀਂ ਹੈ, ਉਨ੍ਹਾਂ ਦੇ ਮਤਹਿਤ ਰਹਿਣ ਤੋਂ ਇਨਕਾਰ ਕਰਨਗੇ, ਪਰ "ਇਕ ਔਰਤ ਲਈ ਇਕ ਆਦਮੀ'' ਤਾਂ ਯਹੂਦੀ ਅਤੇ ਮਸੀਹੀ ਨਿਯਮਾਂ ਤੋਂ ਬਹੁਤ ਪਹਿਲਾਂ ਦਾ ਹੈ ਅਤੇ ਇਹ ਨਿਯਮ ਹੀ ਨਹੀਂ ਬਲਕਿ ਇਕ ਹਕੀਕਤ ਹੈ। ਔਰਤ ਨੂੰ ਪੁਰਖ ਵਿੱਚੋਂ ਬਣਾਇਆ ਗਿਆ ਸੀ ਅਤੇ ਦੋਵੇਂ ਮਿਲ ਕੇ ਇਕ ਬਣਦੇ ਹਨ ਜਾਂ ਮੁਕੰਮਲ ਹੁੰਦੇ ਹਨ। ਇਹ ਸ੍ਰਿਸ਼ਟੀ ਦਾ ਯਥਾਰਥ ਹੈ ਨਾ ਕਿ ਇਹ ਕਿ ਕਿਸੇ ਦੇ ਮਨ ਵਿਚ ਆਇਆ ਅਤੇ ਉਸ ਨੇ ਇਸ ਨੂੰ ਨਿਯਮ ਬਣਾ ਦਿੱਤਾ। ਮੰਨਿਆ ਜਾਵੇ ਤਾਂ ਇਸ ਸਚਿਆਈ ਵਿਚ ਜਿਨਸੀ ਬਿਮਾਰੀਆਂ ਤੋਂ ਹਿਫ਼ਾਜ਼ਤ ਲੁਕੀ ਹੋਈ ਹੈ। ਕਿਉਂ ਜੋ ਵਿਆਹ ਦੇ ਅਸਲ ਸਾਥੀ ਤੋਂ ਕਿਸੇ ਨੂੰ ਕਦੇ ਕੋਈ ਜਿਨਸੀ ਰੋਗ ਨਹੀਂ ਹੋਇਆ।*

ਜ਼ਿੰਦਗੀ ਭਰ ਦੇ ਸਾਥੀ ਹੋਣ ਕਾਰਣ ਉਹ ਇਕ ਦੂਜੇ ਦੇ ਗਿਆਨ ਅਤੇ ਸਮਝ ਵਿਚ ਵਧਣਗੇ। ਉਹ ਇਕੱਲੇ ਨਹੀਂ, ਸਗੋਂ ਇਕੱਠੇ ਹੀ, ਮਨੁੱਖੀ ਬਰਕਤ ਦਾ ਮਹੱਤਵਪੂਰਣ ਹਿੱਸਾ ਹੋਣਗੇ। ਜੇ ਉਨ੍ਹਾਂ ਦੀ ਜੋੜੀ ਬਿਲਕੁਲ ਸਹੀ ਹੈ, ਤਾਂ ਉਹ ਜਵਾਨੀ ਦੀਆਂ ਅਤੇ ਫ਼ੈਸਲੇ ਕਰਨ ਦੀਆਂ ਚੁਣੌਤੀਆਂ ਲਈ ਇਕ ਦੂਜੇ ਦੀ ਤਾਕਤ ਅਤੇ ਮਦਦ ਬਣਨਗੇ। ਬੁਢਾਪੇ ਦੀ ਲਾਚਾਰੀ ਅਤੇ ਬਿਮਾਰੀ ਵਿਚ ਉਹ ਇਕ ਦੂਜੇ ਦੀ ਸੰਭਾਲ ਕਰਨਗੇ।

*'ਸਹਾਇਕਣ ਉਹਦੇ ਵਰਗੀ'* ਦਾ ਉਦੇਸ਼ ਹੀ ਇਹ ਸੀ ਕਿ ਆਦਮੀ ਦੀਆਂ ਕਮੀਆਂ ਨੂੰ ਦੂਰ ਕਰਨ ਦੇ ਯੋਗ ਔਰਤ ਹੀ ਹੈ। ਭਾਵੇਂ ਉਹ ਆਦਮੀ ਦੀ ਅਯੋਗਤਾ ਨੂੰ ਮਾਂ ਬਣ ਕੇ ਦੂਰ ਕਰੇ, ਜਾਂ ਜ਼ਿੰਦਗੀ ਦੇ ਹੋਰ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਉਹ ਦੀ ਮਦਦ ਕਰਕੇ। ਭਲਾ ਕੋਈ ਕਿਸਾਨ ਅਜਿਹਾ ਹੈ ਜਿਸ ਨੂੰ ਫ਼ਸਲ ਬੀਜਣ, ਉਹਦੀ ਰਾਖੀ ਕਰਨ ਅਤੇ ਵਾਢੀ ਕਰਨ ਲਈ ਆਪਣੀ ਪਤਨੀ ਅਤੇ ਬੱਚਿਆਂ ਦੀ ਲੋੜ ਨਾ ਹੋਵੇ? ਕਿੰਨੇ

ਹੀ ਛੋਟੇ ਵਪਾਰੀ ਅਤੇ ਕਾਰੋਬਾਰੀ ਆਪਣੇ ਹਿਸਾਬ ਕਿਤਾਬ ਰੱਖਣ ਜਾਂ ਨਵੇਂ ਆਡਰ ਬੁਕ ਕਰਨ ਅਤੇ ਦੁਕਾਨ ਚਲਾਉਣ ਲਈ ਆਪਣੀ ਪਤਨੀ ਤੇ ਨਿਰਭਰ ਹੋਣਗੇ? ਨਵੇਂ ਨੇਮ ਵਿਚ ਅਕੂਲਾ, ਤੰਬੂ ਬਣਾਉਣ ਦਾ ਕੰਮ ਕਰਦਾ ਸੀ, ਅਤੇ ਉਸ ਦੀ ਪਤਨੀ ਪ੍ਰਿਸਕਿੱਲਾ ਉਸ ਦੀ ਮਦਦ ਕਰਦੀ ਸੀ (ਰਸੂਲਾਂ ਦੇ ਕਰਤੱਬ 18:2, 3)।

ਬਾਈਬਲ ਅਨੁਸਾਰ, ਬੱਚਿਆਂ ਨੂੰ ਦੁਨੀਆਂ ਵਿਚ ਲਿਆਉਣਾ, ਉਨ੍ਹਾਂ ਦੀ ਪਰਵਰਿਸ਼ ਕਰਨਾ ਅਤੇ ਪਤੀ ਦੀ ਸੰਭਾਲ ਕਰਨੀ ਅਤੇ ਘਰ ਦੀ ਦੇਖਭਾਲ ਕਰਨਾ ਔਰਤ ਦਾ ਬੁਨਿਆਦੀ ਕੰਮ ਹੈ। ਤੀਤੁਸ ਦੇ ਨਾਂਅ ਪੌਲੁਸ ਨੇ ਲਿਖਿਆ, *''ਮੁਟਿਆਰਾਂ ਆਪਣੇ ਪਤੀਆਂ ਨਾਲ ਪ੍ਰੇਮ ਰੱਖਣ ਅਤੇ ਬਾਲ ਬੱਚਿਆਂ ਨਾਲ ਪਿਆਰ ਕਰਨ। ਸੁਰਤ ਵਾਲੀਆਂ, ਸਤਵੰਤੀਆਂ, ਸੁਘੜ ਬੀਬੀਆਂ, ਨੇਕ ਅਤੇ ਆਪਣੇ ਪਤੀਆਂ ਦੇ ਅਧੀਨ ਹੋਣ ਭਈ ਪਰਮੇਸ਼ੁਰ ਦੇ ਵਚਨ ਦੀ ਬਦਨਾਮੀ ਨਾ ਹੋਵੇ''* (ਤੀਤੁਸ 2:4, 5)। ਤਿਮੋਥਿਉਸ ਨੂੰ ਹੁਕਮ ਮਿਲਿਆ ਕਿ ਉਹ ਜਵਾਨ ਵਿਧਵਾਵਾਂ (ਉਨ੍ਹਾਂ ਜਵਾਨ ਔਰਤਾਂ ਨੂੰ ਵੀ ਜਿਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ) ਨੂੰ ਹੁਕਮ ਦੇਵੇ ਕਿ ਉਹ, *''...ਵਿਆਹ ਕਰਨ, ਧੀਆਂ ਪੁੱਤਰ ਜਣਨ, ਗ੍ਰਿਹਸਥ ਦਾ ਕੰਮ ਕਰਨ ਅਤੇ ਵਿਰੋਧੀ ਨੂੰ ਨਿੰਦਿਆ ਕਰਨ ਦਾ ਮੌਕਾ ਨਾ ਦੇਣ''* (1 ਤਿਮੋਥਿਉਸ 5:14)।

***ਵਿਚਾਰ ਕਰਨ ਵਾਲੀ ਗੱਲ***

*ਵਾਲਸਟ੍ਰੀਟ ਜਰਨਲ ਦੇ ਇਕ ਲੇਖ ਵਿਚ ਐਂਡ੍ਰਿਊ ਪੇਅਟਨ ਥੌਮਸ ਨੇ ਲਿਖਿਆ, "1960 ਦੇ ਦਹਾਕੇ ਵਿਚ ਹੋਣ ਵਾਲੇ ਸੱਭਿਆਚਾਰ ਨੇ ਸੁਰੱਖਿਅਤ ਘਰ ਦਾ ਮਜ਼ਾਕ ਉਡਾ ਕੇ ਇਸ ਨੂੰ ਖਿੰਡਾ ਦਿੱਤਾ। ਹੁਣ ਅਸੀਂ ਨਵਜੰਮੇ ਬੱਚਿਆਂ ਨੂੰ ਮਾਲ ਗੁਦਾਮ ਵਿਚ ਰੱਖ ਕੇ ਇਸ ਸੱਭਿਆਚਾਰਕ ਇਨਕਲਾਬ ਦੇ ਬਦਤਰੀਨ ਪਹਿਲੂਆਂ ਨੂੰ ਸਿਰਫ਼ ਇਸ ਕਰਕੇ ਦਸਤੂਰ ਵਿਚ ਲਿਆ ਰਹੇ ਹਾਂ ਤਾਂ ਜੋ ਅਸੀਂ ਉਨ੍ਹਾਂ ਨਾਜੁਕ ਦੌਲਤਾਂ ਨੂੰ ਸਾਂਭ ਸਕੀਏ।''*

*"ਸਮਾਜਿਕ ਵਿਗਿਆਨ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਡੇ ਕੇਅਰ ਸੈਂਟਰਾ ਅਤੇ ਅਜਿਹੇ ਸੰਸਥਾਨਾਂ ਵਿਚ ਪਲੇ ਵਧੇ ਬੱਚੇ ਆਮ ਤੌਰ ਤੇ ਜਜ਼ਬਾਤੀ ਤੌਰ ਤੇ ਬੇਡੌਲ ਅਤੇ ਜ਼ਹਿਨੀ ਤੌਰ ਤੇ ਕਮਜ਼ੋਰ ਹੁੰਦੇ ਹਨ।*

ਜਦ ਉਸ ਦਾ ਪਤੀ ਪਰਿਵਾਰ ਲਈ ਕਮਾਈ ਕਰਦਾ ਹੈ, ਬੱਚਿਆਂ ਨੂੰ ਜਨਮ ਦੇਣਾ, ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਅਤੇ ਘਰ ਦੀ ਸੰਭਾਲ ਕਰਨਾ, ਜੇ ਔਰਤ ਆਪਣੇ ਇਸ ਕੰਮ ਨੂੰ ਸਹੀ ਤਰ੍ਹਾਂ ਅੰਜਾਮ ਦਿੰਦੀ ਹੈ ਤਾਂ ਉਸ ਦਾ ਵਕਤ ਬਿਲਕੁਲ ਚੰਗਾ ਗੁਜ਼ਰੇਗਾ। ਕੁਝ ਲੋਕ ਜੋ ਔਰਤ ਦੀ ਜ਼ਿੰਮੇਵਾਰੀ ਨੂੰ ਸਮਝਦੇ ਨਹੀਂ ਹਨ ਉਹ ਉਸ ਦੇ ਕੰਮ ਨੂੰ ਨੌਕਰਾਣੀ ਦਾ ਕੰਮ ਕਹਿ ਕੇ ਉਸ ਦੀ ਕਦਰ ਘਟਾ ਦਿੰਦੇ ਹਨ। ਪਰ ਖ਼ੁਦਾ ਨੇ ਔਰਤ ਨੂੰ ਵਡਿਆਈ ਦਿੱਤੀ ਹੈ ਕਿ ਉਹ ਆਪਣੇ ਤੋਂ ਅਗਲੀ ਪੀੜ੍ਹੀ ਦੀਆਂ ਰੂਹਾਂ ਨੂੰ ਸਦੀਪਕਾਲ ਲਈ ਤਿਆਰ ਕਰਦੀ ਹੈ। ਜਦ ਅਸੀਂ ਸੰਸਾਰ ਦੀਆਂ ਨੈਤਿਕਤਾ ਸਬੰਧੀ ਮੁਸ਼ਕਿਲਾਂ ਵੱਲ ਧਿਆਨ ਕਰਦੇ ਹਾਂ, ਜਿਸ ਵਿਚ ਵੱਧ ਰਹੇ ਜੁਰਮ ਵੀ ਸ਼ਾਮਿਲ ਹਨ ਤਾਂ ਇਹ ਤੱਥ ਸਾਨੂੰ ਦੱਸਦਾ ਹੈ

ਕਿ ਇਸ ਸਭ ਦਾ ਕਾਰਣ ਇਹ ਹੈ ਕਿਉਂਕਿ ਔਰਤਾਂ ਨੇ ਘਰ ਦਾ ਕੰਮ ਕਾਜ ਤਿਆਗ ਦਿੱਤਾ ਹੈ ਅਤੇ ਨਤੀਜੇ ਵਜੋਂ ਘਰਾਂ ਦੇ ਘਰ ਤਬਾਹ ਹੋ ਰਹੇ ਹਨ। ਇਹ ਸਭ ਸੱਚ ਹੈ ਕਿ ਜਿੰਨੀ ਰਫ਼ਤਾਰ ਨਾਲ ਔਰਤਾਂ, ਘਰ ਦਾ ਕੰਮ ਕਾਰ ਛੱਡ ਕੇ ਬਾਹਰ ਜਾ ਕੇ ਆਦਮੀ ਦਾ ਕੰਮ ਸੰਭਾਲਦੀਆਂ ਹਨ ਓਨੀ ਹੀ ਰਫ਼ਤਾਰ ਨਾਲ ਸੰਸਾਰ ਦੀਆਂ ਮੁਸ਼ਕਲਾਂ ਵਿਚ ਵਾਧਾ ਹੋ ਰਿਹਾ ਹੈ। ਇਸ ਸਭ ਦਾ ਕਾਰਣ ਕੋਈ ਵੀ ਕਿਉਂ ਨਾ ਹੋਵੇ, ਔਰਤ ਲਈ ਹੋਰ ਕੋਈ ਕੰਮ ਕਿੰਨਾ ਵੀ ਜ਼ਰੂਰੀ ਕਿਉਂ ਨਾ ਹੋਵੇ, ਪਰ ਪਤਨੀ ਅਤੇ ਮਾਂ ਲਈ ਖ਼ੁਦਾ ਵੱਲੋਂ ਦਿੱਤੇ ਕੰਮ ਨੂੰ ਪੂਰਾ ਨਾ ਕਰਨ ਕਰਕੇ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ।

ਬੱਚਿਆਂ ਦੀ ਦੇਖਭਾਲ ਅਤੇ ਘਰ ਵਿਚ ਆਦਮੀ ਨੂੰ ਸਹਾਇਕਣ ਉਹਦੇ ਵਰਗੀ ਬਣਨ ਦੇ ਨਾਲ ਨਾਲ ਔਰਤ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਤੀ ਦੀ ਦੌਲਤ ਬਣ ਕੇ ਰਹੇ। ਉਸ ਨੂੰ ਉਸੇ ਹੀ ਤਰ੍ਹਾਂ ਦੇ ਕਪੜੇ ਪਹਿਨਣੇ ਚਾਹੀਦੇ ਹਨ ਜੋ ਉਸ ਦੇ ਪਤੀ ਨੂੰ ਪਸੰਦ ਹੋਣ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਤੀ ਦੀ ਸੋਚ ਅਨੁਸਾਰ ਆਪਣੇ ਆਪ ਨੂੰ ਢਾਲ ਲਵੇ ਤਾਂ ਜੋ ਆਪਣੀ ਦੁਨੀਆਂ ਅਤੇ ਬਾਕੀ ਦੀ ਦੁਨੀਆਂ ਦੀਆਂ ਮੁਸ਼ਕਿਲਾਂ ਤੋਂ ਉਹ ਦੋਵੇਂ ਜਾਣੂ ਹੋਣ। ਉਸ ਨੂੰ ਆਪਣੇ ਪਤੀ ਦੇ ਜਜ਼ਬਾਤਾਂ ਦੀ ਕਦਰ ਕਰਨੀ ਚਾਹੀਦੀ ਹੈ, ਤਾਂ ਜੋ ਉਸ ਦੇ ਜੀਵਨ ਵਿਚ ਖੁਸ਼ੀਆਂ ਆਉਣ। ਸਫਲ਼ ਪਤਨੀ ਆਪਣੇ ਪਤੀ ਦੀ ਪੱਕੀ ਦੋਸਤ ਅਤੇ ਉਸਦੇ ਭਰੋਸੇ ਦੇ ਯੋਗ ਹੁੰਦੀ ਹੈ।

ਪਤਨੀ, ਜੋ *''ਆਦਮੀ ਦੇ ਵਰਗੀ''* ਹੈ ਆਪਣੇ ਪਤੀ ਦੇ ਪਰਿਵਾਰ ਨਾਲ ਚੰਗੇ ਸੰਬਧ ਬਣਾਉਂਦੀ ਹੈ, ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਉਸ ਨੇ ਆਪਣੇ ਪਤੀ ਦੇ ਕਿਸੇ ਰਿਸ਼ਤੇਦਾਰ ਤੋਂ ਘਿਣ ਕੀਤੀ ਤਾਂ ਉਨ੍ਹਾਂ ਦੇ ਆਪਣੇ ਰਿਸ਼ਤੇ ਵਿਚ ਦਰਾਰ ਪੈ ਸਕਦੀ ਹੈ। ਪ੍ਰਭੂ ਯਿਸੂ ਦੀ ਸਾਨੂੰ *''ਦੋ ਕੋਹ ਚਲਿਆ ਜਾਣ''* ਦੀ ਸਲਾਹ (ਮੱਤੀ 5:38–42), ਪਰਿਵਾਰ ਵਿਚ ਮਨੁੱਖੀ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਬਹੁਤ ਲਾਹੇਵੰਦ ਹੋਵੇਗੀ।

ਇਸ ਸਭ ਤੋਂ ਵੀ ਵੱਧ ਜ਼ਰੂਰੀ ਇਹ ਹੈ ਕਿ ਪਤਨੀ ਆਪਣੇ ਪਤੀ ਨਾਲ ਰੂਹਾਨੀ ਸਾਂਝ ਵੀ ਰੱਖੇ। ਜੇ ਪਤਨੀ ਅਤੇ ਬੱਚੇ ਘਰ ਰਹਿਣ ਅਤੇ ਪਤੀ ਇਕੱਲਾ ਹੀ ਬੰਦਗੀ ਲਈ ਚਲਿਆ ਜਾਵੇ ਤਾਂ ਇਸ ਨਾਲ ਨਾ ਤਾਂ ਪਤਨੀ ਦੀ ਅਤੇ ਨਾ ਹੀ ਬੱਚਿਆਂ ਦੀ ਰੂਹਾਨੀ ਤਰੱਕੀ ਹੋਵੇਗੀ। ਸੱਚ ਤਾਂ ਇਹ ਹੈ ਕਿ ਪਤੀ ਦੀ ਤਰੱਕੀ ਵੀ ਉਸ ਤਰ੍ਹਾਂ ਨਹੀਂ ਹੋਵੇਗੀ ਜਿਵੇਂ ਹੋਣੀ ਚਾਹੀਦੀ ਹੈ, ਕਿਉਂਕਿ ਉਸ ਦੀ ਇਕੱਲੇ ਦੀ ਹੀ ਤਰੱਕੀ ਹੋਵੇਗੀ। ਪਰਮੇਸ਼ੁਰ ਦੀ ਇੱਛਾ ਅਨੁਸਾਰ ਹਰ ਇਕ ਜਣੇ ਦੀ ਰੂਹਾਨੀ ਤਰੱਕੀ ਲਈ ਪੂਰੇ ਪਰਿਵਾਰ ਦੀ ਤਰੱਕੀ ਜ਼ਰੂਰੀ ਹੈ। ਜਦ ਪਰਿਵਾਰ ਦੇ ਸਾਰੇ ਮੈਂਬਰ ਰੂਹਾਨੀ ਗੱਲਬਾਤ ਆਪਸ ਵਿਚ ਕਰਨਗੇ, ਵਚਨ ਨੂੰ ਪੜ੍ਹ ਕੇ ਉਸ ਉੱਤੇ ਵਿਚਾਰ ਕਰਨਗੇ, ਇਕੱਠੇ ਪ੍ਰਾਰਥਨਾ ਕਰਨਗੇ ਤਾਂ ਇਸ ਸਭ ਦੇ ਨਾਲ ਉਹ ਪਰਮੇਸ਼ੁਰ ਦੇ ਗਿਆਨ ਵਿਚ ਵੱਧਣਗੇ।

ਪਤਰਸ ਰਸੂਲ ਨੇ ਔਰਤਾਂ ਨੂੰ ਲਿਖਿਆ ਹੈ, *''... ਤੁਹਾਡਾ ਸ਼ਿੰਗਾਰ ... ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਓਸ ਅਵਨਾਸੀ ਸ਼ਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ। ... ਇਸੇ ਤਰਾਂ ਹੇ ਪਤੀਓ, ਬੁੱਧ ਦੇ ਅਨੁਸਾਰ ਆਪਣੀਆਂ ਪਤਨੀਆਂ ਨਾਲ ਵੱਸੋ ਅਤੇ ਇਸਤਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕੇ ਅਤੇ ਇਹ ਭੀ ਭਈ ਤੁਸੀਂ ਦੋਵੇਂ ਜੀਵਨ ਦੀ ਬਖ਼ਸ਼ੀਸ਼ ਦੇ ਸਾਂਝੇ ਅਧਕਾਰੀ ਹੋ ਉਹ ਦਾ ਆਦਰ ਕਰੇ ਤਾਂ ਜੋ ਤੁਹਾਡੀਆਂ ਪ੍ਰਾਰਥਨਾਵਾਂ ਰੁਕ ਨਾ ਜਾਣ''* (1 ਪਤਰਸ 3:3, 4, 7)।

***ਵਿਚਾਰ ਕਰਨ ਵਾਲੀ ਗੱਲ***

*ਤੁਹਾਡੇ ਆਪਣੇ ਵਿਆਹ ਵਿਚ ਉਨ੍ਹਾਂ ਢੰਗਾਂ ਤੇ ਚਰਚਾ ਕਰੋ ਜਿਨ੍ਹਾਂ ਰਾਹੀਂ ਤੁਸੀਂ ਅਤੇ ਤੁਹਾਡਾ ਪਤੀ ਤੁਹਾਡੇ ਮਤਹਿਤ ਹੋਣ ਅਤੇ ਉਸ ਪ੍ਰਤੀ ਤੁਹਾਡੇ ਆਦਰ ਲਈ ਸੰਤੁਲਨ ਬਣਾਈ ਰੱਖਦੇ ਹਨ ਅਤੇ ਬਿਨਾਂ ਗਲਤੀ ਦੇ ਪਰਿਵਾਰ ਦੇ ਮੁਖੀ ਦੇ ਰੂਪ ਵਿਚ ਉਸ ਨੇ ਆਪਣੇ ਇਖ਼ਤਿਆਰ ਨੂੰ ਕਾਇਮ ਰੱਖਿਆ ਹੋਇਆ ਹੈ।*

ਜਦ ਪੌਲੁਸ ਨੇ ਅਫ਼ਸੁਸ ਵਿਚ ਮਸੀਹੀ ਔਰਤਾਂ ਨੂੰ ਲਿਖਿਆ, *''ਹੇ ਪਤਨੀਓ, ਆਪਣਿਆਂ ਪਤੀਆਂ ਦੇ ਅਧੀਨ ਹੋਵੋ, ਜਿਵੇਂ ਪ੍ਰਭੂ ਦੇ''* (ਅਫ਼ਸੀਆਂ 5:22), ਤਾਂ ਭਲਾ ਉਸ ਦੇ ਕਹਿਣ ਤੋਂ ਭਾਵ ਇਹ ਸੀ ਕਿ ਆਦਮੀ ਨੂੰ ਖ਼ੁਦਾ ਵੱਲੋਂ ਇਖ਼ਤਿਆਰ ਹੈ ਕਿ ਉਹ ਔਰਤ ਦੀ ਧੌਣ ਉੱਤੇ ਗੋਡਾ ਰੱਖੇ? ਭਲਾ ਉਸ ਦੇ ਆਪਣੇ ਵਿਚਾਰ ਨਹੀਂ ਹੋ ਸਕਦੇ? ਭਲਾ ਉਸ ਨੂੰ ਕੋਈ ਹੱਕ ਨਹੀਂ, ਉਹ ਕੁਝ ਮਹਿਸੂਸ ਨਹੀਂ ਕਰਦੀ? ਯਕੀਨਨ ਹੀ ਖ਼ੁਦਾ ਦੇ ਕਹਿਣ ਦਾ ਮਤਲਬ ਇਹ ਨਹੀਂ ਹੈ।

ਇਹ ਸੱਚ ਹੈ ਕਿ ਔਰਤ ਨੂੰ ਆਪਣੇ ਪਤੀ ਦੀ ਇੱਜ਼ਤ ਕਰਨੀ ਚਾਹੀਦੀ ਹੈ, ਪਰ ਨਾ ਤਾਂ ਉਹ ਉਸ ਨੂੰ ਗਾਲ਼ ਕੱਢ ਸਕਦੀ ਅਤੇ ਨਾ ਹੀ ਉਸ ਨੂੰ ਗਾਲ਼ ਕੱਢੀ ਜਾਣੀ ਚਾਹੀਦੀ ਹੈ। ਘਰ ਦੀਆਂ ਨਿੱਜੀ ਜ਼ਰੂਰਤਾਂ ਸਬੰਧੀ ਅਤੇ ਨਿੱਜੀ ਚੀਜ਼ਾਂ ਤੇ ਪੈਸੇ ਖਰਚਣ ਸਬੰਧੀ ਔਰਤ ਦਾ ਤਜ਼ਰਬਾ ਅਤੇ ਗਿਆਨ ਉਸ ਨੂੰ ਪਤੀ ਨਾਲੋਂ ਵਧੇਰੇ ਗੁਣੀ ਸਾਬਤ ਕਰਦਾ ਹੈ। ਹੋਰ ਗੱਲਾਂ ਸਬੰਧੀ ਮਾਂ ਅਤੇ ਘਰ ਦਾ ਇੰਤਜ਼ਾਮ ਕਰਨ ਵਾਲੀ ਹੋਣ ਕਾਰਣ ਉਸ ਦੀ ਪਾਰਖੀ ਨਜ਼ਰ ਦੀ ਕਦਰ ਕਰਨੀ ਜ਼ਰੂਰੀ ਹੈ। ਜਦ ਕੋਈ ਫ਼ੈਸਲਾ ਲੈਣਾ ਹੋਵੇ ਤਾਂ ਪਤੀ ਅਤੇ ਪਤਨੀ ਨੂੰ ਚਾਹੀਦਾ ਹੈ ਕਿ ਪਹਿਲਾਂ ਉਸ ਬਾਰੇ ਵਿਚਾਰ ਵਟਾਂਦਰਾ ਕਰ ਲੈਣ ਤਾਂ ਜੋ ਸਹੀ ਫ਼ੈਸਲਾ ਕਰ ਸਕਣ। ਹੋ ਸਕਦਾ ਹੈ ਕਿ ਔਰਤ ਆਦਮੀ ਦੇ ਫ਼ੈਸਲੇ ਨੂੰ ਜ਼ਿਆਦਾ ਪ੍ਰਭਾਵਤ ਕਰੇ ਪਰ ਬਾਈਬਲ ਵੱਲੋਂ ਘਰ ਦੀ ਰਹਿਨੁਮਾਈ ਕਰਨ ਲਈ ਇਖ਼ਤਿਆਰ ਪਤੀ ਨੂੰ ਹੀ ਦਿੱਤਾ ਗਿਆ ਹੈ। ਜੇ ਪਤਨੀ ਨੂੰ ਲੱਗੇ ਕਿ ਵਰਤ ਵਿਹਾਰ ਸਬੰਧੀ, ਗਿਆਨ ਅਤੇ ਫ਼ੈਸਲੇ ਸਬੰਧੀ ਉਸ ਦੇ ਪਤੀ ਨੂੰ ਸਚਮੁਚ ਉਸ ਦੀ ਸਲਾਹ ਦੀ ਲੋੜ ਹੈ ਤਾਂ ਉਸ ਦਾ ਫ਼ਰਜ਼ ਹੈ ਕਿ ''ਸਹਾਇਕਣ'' ਹੋਣ ਦੇ ਕਾਰਣ ਉਹ ਆਪਣੇ ਵਿਚਾਰ, ਬੜੇ ਪਿਆਰ ਨਾਲ ਅਤੇ ਹਲੀਮੀ ਨਾਲ ਉਸ ਨੂੰ ਦੱਸੇ। ਭਾਵੇਂ ਪਤਨੀ ਕਿੰਨੀ ਵੀ ਗਿਆਨਵਾਨ ਕਿਉਂ ਨਾ ਹੋਵੇ,

ਅਤੇ ਉਸ ਦਾ ਪਤੀ ਕਿੰਨਾ ਵੀ ਗ਼ਲਤ ਕਿਉਂ ਨਾ ਹੋਵੇ, ਔਰਤ ਲਈ ਇਹ ਬਿਲਕੁਲ ਚੰਗਾ ਨਹੀਂ ਕਿ ਉਹ ਆਪਣੇ ਪਤੀ ਉੱਤੇ ''ਹੁਕਮ'' ਚਲਾਵੇ। ਇਸ ਤਰ੍ਹਾਂ ਵਿਹਾਰ ਕਰਨ ਨਾਲ ਉਸ ਦਾ ਪਤੀ ਅਗਵਾਈ ਕਰਨ ਵਿਚ ਨਾ ਸਿਰਫ਼ ਕਮਜ਼ੋਰ ਹੋਵੇਗਾ ਬਲਕਿ ਇਹ ਪਰਮੇਸ਼ੁਰ ਦੀ ਅਣਆਗਿਆਕਾਰੀ ਵੀ ਹੈ। ਜੇ ਪਤੀ ਆਪਣੀ ਪਤਨੀ ਦੀ ਦਾਦਾਗਿਰੀ ਨੂੰ ਬਰਦਾਸ਼ਤ ਕਰੀ ਜਾਂਦਾ ਹੈ ਤਾਂ ਇਸ ਨਾਲ ਨਾ ਸਿਰਫ਼ ਉਸ ਦੀ ਅਗਵਾਈ ਹੀ ਕਮਜ਼ੋਰ ਹੋਵੇਗੀ ਬਲਕਿ ਇਸ ਨਾਲ ਪਰਮੇਸ਼ੁਰ ਦੀ ਅਣਆਗਿਆਕਾਰੀ ਵੀ ਹੋਵੇਗੀ। ਸਾਨੂੰ ਕਦੇ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਅੰਤ ਵਿਚ ਸਾਨੂੰ ਸਭ ਨੂੰ ਇਕ ਦੂਜੇ ਪ੍ਰਤੀ ਵਤੀਰੇ ਲਈ ਪਰਮੇਸ਼ੁਰ ਨੂੰ ਜੁਆਬ ਦੇਣਾ ਪਵੇਗਾ।

ਪਤੀ ਅਤੇ ਪਤਨੀ ਨੂੰ ਇਕ ਦੂਜੇ ਨਾਲ ਕਿਵੇਂ ਰਹਿਣਾ ਚਾਹੀਦਾ ਹੈ, ਇਸ ਦੀ ਬਹੁਤ ਸੋਹਣੀ ਮਿਸਾਲ ਸਾਡੇ ਪ੍ਰਭੂ ਯਿਸੂ ਮਸੀਹ ਅਤੇ ਉਸ ਦੀ ਕਲੀਸੀਆ ਦੀ ਮਿਲਦੀ ਹੈ, *''ਪਰ ਤੁਸਾਂ ਵਿੱਚੋਂ ਭੀ ਹਰੇਕ ਆਪੋ ਆਪਣੀ ਪਤਨੀ ਨਾਲ ਆਪਣੇ ਹੀ ਜਿਹਾ ਪ੍ਰੇਮ ਕਰੇ ਅਰ ਪਤਨੀ ਆਪਣੇ ਪਤੀ ਦਾ ਮਾਨ ਕਰੇ''* (ਅਫ਼ਸੀਆਂ 5:33)।

## ਚਰਚਾ ਕਰਨ ਲਈ ਸਵਾਲ

1. ਖ਼ੁਦਾ ਨੇ ਮਨੁੱਖ ਨੂੰ ਬਣਾਉਣ ਵੇਲੇ ਉਸ ਨੂੰ ਕੀ ਦਿੱਤਾ?
2. ਕਿਉਂ?
3. ਆਦਮ ਲਈ ਸਚਮੁਚ ਵਿਚ ਪੂਰਣ ਜਾਂ ਮੁਕੰਮਲ ਹੋਣ ਲਈ ਉਸ ਦਾ ਪ੍ਰਤੀਰੂਪ ਕਿਸ ਤਰ੍ਹਾਂ ਦਾ ਹੋਣਾ ਜ਼ਰੂਰੀ ਸੀ?
4. ਹੱਵ੍ਹਾ ਵਿਚ ਕਿਸ ਦਾ DNA ਸੀ?
5. ਖ਼ੁਦਾ ਜਦ ਹੱਵ੍ਹਾ ਨੂੰ ਆਦਮ ਦੇ ਕੋਲ ਲਿਆਇਆ ਤਾਂ ਉਸ ਨੇ ਕੀ ਆਖਿਆ?
6. ਭਲਾ ਇਹ ਜ਼ਰੂਰੀ ਹੈ ਕਿ ਪੁਰਖ ਅਤੇ ਇਸਤਰੀ ਮੇਲ ਖਾਂਦੇ ਹੋਣ, ਭਾਵ ਜੇ ਉਨ੍ਹਾਂ ਦਾ ਵਿਆਹ ਉਂਵੇਂ ਹੋਵੇ ਜਿਵੇਂ ਹੋਣਾ ਚਾਹੀਦਾ ਹੈ ਤਾਂ ਦੋਹਾਂ ਦਾ ਇਕ ਦੂਜੇ ਵਰਗੇ ਹੋਣਾ ਜ਼ਰੂਰੀ ਹੈ?
7. ਮੁੱਢ ਤੋਂ ਖ਼ੁਦਾ ਦੇ ਮਨ ਵਿਚ ਵਿਆਹ ਕਿੰਨੀ ਦੇਰ ਤਕ ਚੱਲਣ ਵਾਲੀ ਗੱਲ ਸੀ?
8. ਤਲਾਕ ਦੇ ਵਿਸ਼ੇ ਤੇ ਯਿਸੂ ਨੇ ਕੀ ਆਖਿਆ?
9. ਜੀਵਨ ਸਾਥੀ ਹੋਣ ਦੇ ਕੀ ਕੀ ਲਾਭ ਹਨ?
10. ਉਨ੍ਹਾਂ ਪਤੀ/ਪਤਨੀ ਦੀ ਜ਼ਿੰਦਗੀ ਤੇ ਗੌਰ ਕਰੋ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ ਅਤੇ ਚਰਚਾ ਕਰੋ ਕਿ ਪਤਨੀ ਕਿਵੇਂ ਆਪਣੇ ਪਤੀ ਦੀ ਸਹਾਇਕਣ ਹੈ।
11. ਬਾਈਬਲ ਦੇ ਮੁਤਾਬਿਕ ਔਰਤ ਦਾ ਪ੍ਰਮੁੱਖ ਕੰਮ ......................ਹੈ।
12. ਖ਼ੁਦਾ ਵੱਲੋਂ ਦਿੱਤੇ ਕੰਮ ਤੇ ਸਮਾਜ ਦਾ ਵਿਹਾਰ ਕਈ ਔਰਤਾਂ ਦੇ ਵਿਹਾਰ ਨੂੰ ਪ੍ਰਭਾਵਿਤ ਕਰਦਾ ਹੈ?
13. ਖ਼ੁਦਾ ਔਰਤ ਨੂੰ ਇਸ ਨਾਲੋਂ ਵੱਡਾ ਤੋਹਫ਼ਾ ਨਹੀਂ ਦੇ ਸਕਦਾ ਸੀ ਕਿ ....................

14. ਔਰਤਾਂ ਵੱਲੋ ਘਰ ਦੇ ਆਪਣੇ ਕੰਮ ਕਾਜ ਨੂੰ ਛੱਡ ਦੇਣ ਦੇ ਕੀ ਅਸਰ ਹੋਏ ਹਨ?
15. ਆਪਣੇ ਪਤੀ ਦੀ ਸਹਾਇਕਣ ਹੋਣ ਵਿਚ ਔਰਤ ਦੇ ਕੰਮ ਦੇ ਚਾਰ ਹਿੱਸਿਆਂ ਤੇ ਚਰਚਾ ਕਰੋ।
16. ਭਲਾ ਘਰ ਦੇ ਮਾਮਲਿਆਂ ਵਿਚ ਪਤੀ ਅਤੇ ਪਤਨੀ ਦੇ ਓਸ ਖ਼ਾਸ ਦਾਇਰੇ ਵਿਚ ਪਤੀ ਨੂੰ ਆਪਣੀ ਪਤਨੀ ਦੇ ਫ਼ੈਸਲੇ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ? ਭਲਾ ਉਸ ਨੂੰ ਉਨ੍ਹਾਂ ਗੱਲਾਂ ਵਿਚ ਜਿਨ੍ਹਾਂ ਵਿਚ ਉਸ ਨੂੰ ਮਹਾਰਤ ਹੈ, ਉਸ ਦੀ ਯੋਗਤਾ ਅਨੁਸਾਰ ਜ਼ਿੰਮੇਵਾਰੀ ਦੇਣੀ ਚਾਹੀਦੀ ਹੈ?
17. ਜਦ ਪਤੀ ਨੂੰ ਕਿਸੇ ਗੱਲ ਵਿਚ ਅਗਵਾਈ ਦੀ ਲੋੜ ਹੁੰਦੀ ਹੈ ਤਾਂ ਉਸ ਨੂੰ ਸਲਾਹ ਦੇਣ ਲਈ ਭਲਾ ਪਤਨੀ ਦੀ ਭੂਮਿਕਾ ''ਸਹਾਇਕਣ'' ਦੇ ਦਾਇਰੇ ਵਿਚ ਆਉਂਦੀ ਹੈ? ਕਿਵੇਂ?



## ਪਾਠ 6

# ਭਲਾ ਔਰਤ ਐਲਡਰ ਜਾਂ ਡੀਕਨ ਬਣ ਸਕਦੀ ਹੈ?

ਬਦਲ ਰਹੇ ਇਸ ਸੰਸਾਰ ਵਿਚ ਔਰਤ, ਹਰ ਉਹ ਕੰਮ ਕਰਨਾ ਚਾਹੁੰਦੀ ਹੈ, ਜਿਸ ਦੀ ਆਦਮੀ ਨੂੰ ਇਜਾਜ਼ਤ ਹੈ। ਧਰਮ ਦੇ ਖੇਤਰ ਵਿਚ ਵੀ ਔਰਤਾਂ ਕਲੀਸੀਆ ਵਿਚ, ਪਰਦੇ ਦੇ ਪਿੱਛੇ ਹੋ ਕੇ ਆਪਣੇ ਪਤੀਆਂ ਨੂੰ ਦੱਸਦੀਆਂ ਹਨ ਕਿ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ। ਅਸੀਂ ਪਿਛਲੇ ਇਕ ਪਾਠ ਵਿਚ ਪੜ੍ਹਿਆ ਸੀ ਕਿ ਪਰਮੇਸ਼ੁਰ ਨੇ ਆਦਮੀ ਨੂੰ ਜ਼ਿੰਮੇਵਾਰੀ ਦਿੱਤੀ ਕਿ ਉਹ ਔਰਤ ਦੀ ਅਗਵਾਈ ਕਰੇ। ਜੇ ਆਦਮੀ ਤਾਕਤਵਰ ਹੈ ਅਤੇ ਆਪਣਾ ਫ਼ਰਜ ਠੀਕ ਤਰ੍ਹਾਂ ਨਿਭਾਉਂਦਾ ਹੈ ਤਾਂ ਪਰਮੇਸ਼ੁਰ ਉਸ ਤੋਂ ਖੁਸ਼ ਹੋਵੇਗਾ। ਪਰ ਜੇ ਉਹ ਕਮਜ਼ੋਰ ਹੈ ਅਤੇ ਆਪਣੀ ਜ਼ਿੰਮੇਵਾਰੀ ਨੂੰ ਭੁੱਲ ਕੇ ਔਰਤ ਨੂੰ ਆਪਣਾ ''ਬੌਸ'' ਬਣਾ ਲੈਂਦਾ ਹੈ ਤਾਂ ਇਸ ਦਾ ਇਹ ਬਿਲਕੁਲ ਮਤਲਬ ਨਹੀਂ ਕਿ ਪਰਮੇਸ਼ੁਰ ਇਸ ਉਲਟੇ ਚੱਕਰ ਨੂੰ ਕਬੂਲ ਕਰ ਲਏਗਾ। ਅੱਜ ਵੀ ਖ਼ੁਦਾ ਦੀ ਨਜ਼ਰ ਵਿਚ ਆਦਮੀ ਹੀ ਜ਼ਿੰਮੇਵਾਰ ਹੈ।

***ਵਿਚਾਰ ਕਰਨ ਵਾਲੀ ਗੱਲ***

*ਤੁਸੀਂ ਮੰਨਦੇ ਹੋ ਕਿ ਲਿਖਤ ਔਰਤਾਂ ਨੂੰ ਕਲੀਸੀਆ ਵਿਚ ਰਹਿਨੁਮਾਈ ਦੀਆਂ ਭੂਮਿਕਾਵਾਂ ਨਿਭਾਉਣ ਦੀ ਇਜਾਜ਼ਤ ਦਿੰਦੀ ਹੈ? ਕਈਆਂ ਨੂੰ ਲਗਦਾ ਹੈ ਕਿ ਨਵੇਂ ਨੇਮ ਦੀਆਂ ਇਹ ਪਾਬੰਦੀਆਂ ਉਸ ਵਕਤ ਦੇ ਸੱਭਿਆਚਾਰ ਦੀ ਝਲਕ ਦਿੰਦੀਆਂ ਹਨ। ਨਵੇਂ ਨੇਮ ਨੂੰ ਲਿਖਣ ਦੀ ਹਦਾਇਤ ਕਿਸ ਨੇ ਦਿੱਤੀ ਸੀ? ਭਲਾ ਇਸ ਵਿਚ ਇਨਸਾਨ ਦਾ ਸੰਦੇਸ਼ ਹੈ ਜਾਂ ਪਵਿੱਤਰ ਆਤਮਾ ਦਾ?*

ਕਈ ਵਾਰ ਅਲੋਚਕ ਪੌਲੁਸ ਬਾਰੇ ਘਟੀਆ ਗੱਲਾਂ ਕਰਦੇ ਹਨ। ਕਿਉਂਕਿ ਉਸ ਦੇ ਰਾਹੀਂ ਖ਼ੁਦਾ ਨੇ ਹੁਕਮ ਦਿੱਤਾ ਕਿ ਔਰਤਾਂ ਕਲੀਸੀਆ ਵਿਚ ਸਭ ਦੇ ਸਾਹਮਣੇ ਸਿਖਾ ਨਹੀਂ ਸਕਦੀਆਂ, ਅਤੇ ਨਾ ਹੀ ਉਨ੍ਹਾਂ ਨੂੰ ਆਦਮੀ ਉੱਤੇ ਹੁਕਮ ਚਲਾਉਣ ਦੀ ਇਜਾਜ਼ਤ ਹੈ (1 ਤਿਮੋਥਿਉਸ 2:12; 1 ਕੁਰਿੰਥੀਆਂ 14:34, 35)। ਕੁਝ ਲੋਕ ਇਸ ਕਥਨ ਦੇ ਸਬੰਧ ਵਿਚ ਪੌਲੁਸ ਦਾ ਮਜ਼ਾਕ ਇਹ ਕਹਿ ਕੇ ਉਡਾਉਂਦੇ ਹਨ ਕਿ ਕਿਉਂਕਿ ਪੌਲੁਸ ਨੇ ਵਿਆਹ ਨਹੀਂ ਕੀਤਾ, ਇਸ ਕਰਕੇ ਉਹ ਔਰਤਾਂ ਨੂੰ ਪਸੰਦ ਨਹੀਂ ਕਰਦਾ। ਪਰ ਪੌਲੁਸ ਨੇ ਤਾਂ ਹੋਰ ਲੇਖਕਾਂ ਵਾਂਗ ਜੋ ਕੁਝ ਵੀ ਲਿਖਿਆ ਉਹ ਪਵਿੱਤਰ ਆਤਮਾ ਦੀ ਪ੍ਰੇਰਣਾ ਦੇ ਨਾਲ ਲਿਖਿਆ। ਉਸ ਨੇ ਕੁਝ ਵੀ ਆਪਣੀ ਸਮਝ ਜਾਂ ਪਸੰਦ ਨਾਲ ਨਹੀਂ ਲਿਖਿਆ। 2 ਤਿਮੋਥਿਉਸ 3:16–17 ਵਿਚ ਅਸੀਂ ਪੜ੍ਹਦੇ ਹਾਂ ਕਿ ਪੌਲੁਸ ਨੇ ਹੀ ਲਿਖਿਆ ਹੈ ਕਿ *''ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨਾ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਤਾਂ ਜੋ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ।''*

ਜੇ ਅਸੀਂ ਚਾਹੀਏ ਤਾਂ ਸਾਡੇ ਲਈ ਅਗਵਾਈ ਕਰਨ ਸਬੰਧੀ ਖ਼ੁਦਾ ਦੇ ਨਿਯਮ ਨੂੰ ਸਮਝਣਾ ਬਹੁਤ ਹੀ ਅਸਾਨ ਹੈ।

ਪੁਰਾਣੇ ਅਤੇ ਨਵੇਂ ਨੇਮ ਨੂੰ ਲਿਖਣ ਲਈ ਲਗਭਗ ਚਾਲੀ ਆਦਮੀਆਂ ਦੀ ਵਰਤੋਂ ਕੀਤੀ ਗਈ, ਇਨ੍ਹਾਂ ਵਿਚ ਇਕ ਵੀ ਔਰਤ ਦਾ ਨਾਂਅ ਨਹੀਂ ਹੈ।

ਇਸਰਾਏਲ ਕੌਮ ਦੇ ਜਨਮ ਦੀ ਗੱਲ ਕਰੀਏ ਤਾਂ, ਯਾਕੂਬ ਦੇ ਬਾਰਾਂ ਪੁੱਤਰ ਅਤੇ ਇਕ ਧੀ ਸੀ ਪਰ ਅਸੀਂ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਹੀ ਜ਼ਿਕਰ ਕਰਦੇ ਹਾਂ, ਹਰ ਗੋਤ ਯਾਕੂਬ ਦੇ ਪੁੱਤਰਾਂ ਚੋਂ ਇਕ ਦੀ ਹੈ।

ਅਸੀਂ ਅਣਗਿਣਤ ਪੁਰਖਿਆਂ (ਪਰਿਵਾਰ ਦੇ ਵੱਡੇ), ਪੁਰੋਹਿਤਾਂ (ਪੁਰੋਹਿਤਣਾਂ ਨਹੀਂ), ਨਿਆਈਆਂ (ਇਸਰਾਏਲ ਵਿਚ ਇਕ ਔਰਤ ਨਿਆਈਂ– ਦਬੋਰਾਹ ਵੀ ਸੀ ਜਿਸ ਦਾ ਜ਼ਿਕਰ ਨਿਆਈਆਂ 4:1–9 ਵਿਚ ਹੈ, ਇਹ ਔਰਤ ਨਿਆਂਈਂ ਇਸ ਕਰਕੇ ਚੁਣੀ ਗਈ ਸੀ ਕਿਉਂਕਿ ਪਰਮੇਸ਼ੁਰ ਦੀ ਨਜ਼ਰ ਵਿਚ ਇਸਰਾਏਲ ਬੁਰਿਆਈ ਵਿਚ ਪੈ ਗਿਆ ਸੀ ਅਤੇ ਜ਼ਾਹਿਰ ਤੌਰ ਤੇ ਕਿਸੇ ਵੀ ਆਦਮੀ ਵਿਚ ਇਸਰਾਏਲ ਦੀ ਅਗਵਾਈ ਕਰਨ ਲਈ ਵਿਸ਼ਵਾਸ ਅਤੇ ਹੌਸਲਾ ਨਹੀਂ ਸੀ। ਜਿਵੇਂ ਆਇਤ 9 ਵਿਚ ਅਸੀਂ ਪੜ੍ਹਦੇ ਹਾਂ ਕਿ ਇਕ ਇਸਰਾਏਲ ਦੇ ਆਦਮੀਆਂ ਲਈ ਸ਼ਰਮ ਦੀ ਗੱਲ ਸੀ), ਰਾਜਿਆਂ ਅਤੇ ਹੋਰ ਆਦਮੀਆਂ ਬਾਰੇ ਪੜ੍ਹਦੇ ਹਾਂ ਜੋ ਅਗਵਾਈ ਕਰਨ ਲਈ ਖ਼ੁਦਾ ਵੱਲੋਂ ਨਿਯੁਕਤ ਕੀਤੇ ਗਏ ਸਨ।

ਬਾਵਜੂਦ ਇਸ ਦੇ ਕਿ ਕੁਝ ਔਰਤਾਂ ਦੇ ਘਰਾਂ ਵਿਚ ਕਲੀਸੀਆਵਾਂ ਦੇ ਇਕੱਠੇ ਹੋਣ ਦਾ ਜ਼ਿਕਰ ਨਵੇਂ ਨੇਮ ਵਿਚ ਹੈ, ਨਵੇਂ ਨੇਮ ਦੇ ਪ੍ਰਚਾਰਕਾਂ ਅਤੇ ਆਗੂਆਂ ਵਿਚ ਆਦਮੀਆਂ ਦਾ ਹੀ ਨਾਂਅ ਆਉਂਦਾ ਹੈ।

ਅਸੀਂ ਬਾਰਾਂ ਰਸੂਲਾਂ ਬਾਰੇ ਜਾਣਦੇ ਹਾਂ ਜੋ ਸਾਰੇ ਹੀ ਆਦਮੀ (ਨਰ) ਸਨ– ਬੇਸ਼ੱਕ

ਯਿਸੂ ਦੀ ਸੰਗਤ ਵਿਚ ਕੁਝ ਔਰਤਾਂ ਅਜਿਹੀਆਂ ਸਨ, ਜਿਨ੍ਹਾਂ ਦਾ ਵਿਸਵਾਸ ਇਨ੍ਹਾਂ ਰਸੂਲਾਂ ਨਾਲੋਂ ਜ਼ਿਆਦਾ ਸੀ (ਲੂਕਾ 24:10, 11)। ਇਸ ਤੋਂ ਪਤਾ ਲਗਦਾ ਹੈ ਕਿ ਪਰਿਵਾਰ ਵਿਚ ਅਤੇ ਕਲੀਸੀਆ ਵਿਚ ਆਦਮੀ ਨੂੰ ਇਸ ਕਰਕੇ ਨਿਯੁਕਤ ਨਹੀਂ ਕੀਤਾ ਗਿਆ ਕਿ ਉਹ ਔਰਤ ਦੇ ਮੁਕਾਬਲੇ ਜ਼ਿਆਦਾ ਸੂਝਵਾਨ ਜਾਂ ਯੋਗ ਜਾਂ ਵਧੇਰੇ ਵਿਸ਼ਵਾਸੀ ਹੈ, ਬਲਕਿ ਇਸ ਲਈ ਕਿ ਉਸ ਨੂੰ ਪਹਿਲਾਂ ਬਣਾਇਆ ਗਿਆ ਅਤੇ ਪਰਮੇਸ਼ੁਰ ਵੱਲੋਂ ਉਸ ਨੂੰ ਇਖ਼ਤਿਆਰ ਦਿੱਤਾ ਗਿਆ ਹੈ। ਇਸ ਲਈ ਉਸ ਨੂੰ ਪਰਮੇਸ਼ੁਰ ਵੱਲੋਂ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹਦੇ ਲਈ ਜ਼ਰੂਰੀ ਹੈ ਕਿ ਉਹ ਨਾ ਸਿਰਫ਼ ਅਗਵਾਈ ਹੀ ਕਰੇ ਸਗੋਂ ਉਸ ਨੂੰ ਚਾਹੀਦਾ ਹੈ ਕਿ ਉਹ ਆਪਣੀ ਪੂਰੀ ਤਾਕਤ ਨਾਲ ਅਗਵਾਈ ਕਰੇ।

ਨਵੇਂ ਨੇਮ ਵਿੱਚੋਂ ਅਸੀਂ ਸਿੱਖਦੇ ਹਾਂ ਕਿ ਮਸੀਹ ਦੀ ਕਲੀਸੀਆ ਦੀਆਂ ਸਥਾਨਕ ਮੰਡਲੀਆਂ ਹੁੰਦੀਆਂ ਹਨ ਅਤੇ ਹਰੇਕ ਮੰਡਲੀ ਦੂਜੀ ਮੰਡਲੀ ਤੋਂ ਆਜ਼ਾਦ ਹੈ, ਅਤੇ ਹਰੇਕ ਸਥਾਨਕ ਮੰਡਲੀ ਨੂੰ ਯੋਗ ਐਲਡਰਾਂ ਅਤੇ ਡੀਕਨਾਂ ਦੇ ਰਾਹੀਂ ਚਲਾਇਆ ਜਾਂਦਾ ਹੈ (ਰਸੂਲਾਂ ਦੇ ਕਰਤੱਬ 14:23; ਫ਼ਿਲਿੱਪੀਆਂ 1:1; ਤੀਤੁਸ 1:5)। ਇਨ੍ਹਾਂ ਅਹੁਦਿਆਂ ਨੂੰ ਭਰਨ ਲਈ ਆਦਮੀਆਂ ਵਿਚ ਜੋ ਯੋਗਤਾਵਾਂ ਹੋਣੀਆਂ ਜ਼ਰੂਰੀ ਹਨ ਉਹ ਸਾਨੂੰ 1 ਤਿਮੋਥਿਉਸ 3:3–13 ਅਤੇ ਤੀਤੁਸ 1:5–9 ਵਿਚ ਮਿਲਦੀਆਂ ਹਨ।

*''ਸੋ ਚਾਹੀਦਾ ਹੈ ਜੋ ਨਿਗਾਹਬਾਨ [''ਐਲਡਰ'' ਜਾਂ ''ਪਾਸਟਰ/ਪਾਸਬਾਨ'' ਲਈ ਇਕ ਹੋਰ ਸ਼ਬਦ] ਨਿਰਦੋਸ਼, ਇੱਕੋ ਹੀ ਪਤਨੀ ਦਾ ਪਤੀ, ਪਰਹੇਜ਼ਗਾਰ, ਸੁਰਤ ਵਾਲਾ, ਨੇਕ ਚਲਣ, ਪਰਾਹੁਣਚਾਰ ਅਤੇ ਸਿੱਖਿਆ ਦੇਣ ਜੋਗ ਹੋਵੇ,*

*ਨਾ ਪਿਆਕੜ, ਨਾ ਮੁੱਕੇਬਾਜ਼, ਸਗੋਂ ਸੀਲ ਸੁਭਾਉ ਹੋਵੇ, ਨਾ ਝਗੜੂ, ਨਾ ਪੈਸੇ ਦਾ ਲੋਭੀ। ਆਪਣੇ ਘਰ ਦਾ ਚੰਗੀ ਤਰਾਂ ਪਰਬੰਧ ਕਰਨ ਵਾਲਾ, ਅਤੇ ਆਪਣੇ ਬਾਲਕਾਂ ਨੂੰ ਪੂਰੀ ਗੰਭੀਰਤਾਈ ਨਾਲ ਵੱਸ ਵਿਚ ਰੱਖਣ ਵਾਲਾ ਹੋਵੇ।*

***ਵਿਚਾਰ ਕਰਨ ਵਾਲੀ ਗੱਲ***

*ਖ਼ੁਦਾ ਦੀਆਂ ਇਨ੍ਹਾਂ ਸ਼ਰਤਾਂ ਦੇ ਜਵਾਬ ਵਿਚ ਕਿ ਐਲਡਰ ਸ਼ਾਦੀਸ਼ੁਦਾ ਹੋਣ ਅਤੇ ਉਨ੍ਹਾਂ ਦੇ ਬੱਚੇ (ਇਕ ਤੋਂ ਵੱਧ) ਨਿਹਚਾਵਾਨ ਹੋਣ, ਤੁਸੀਂ ਕੀ ਕਾਰਣ ਦਸੋਗੇ? ਕਲੀਸੀਆ ਨੂੰ ਖ਼ੁਦਾ ਦਾ ਪਰਿਵਾਰ ਆਖਿਆ ਗਿਆ ਹੈ ਤਾਂ ਆਪਣੇ ਪਰਿਵਾਰ ਵਿਚ ਲੀਡਰ ਦੇ ਰੂਪ ਵਿਚ ਐਲਡਰ ਦਾ ਅਨੁਭਵ ਉਸ ਨੂੰ ਕਲੀਸੀਆ ਵਿਚ ਉਸ ਦੀ ਹਿਫ਼ਾਜ਼ਤ ਵਿਚ ਰਹਿਣ ਵਾਲਿਆਂ ਨੂੰ ਬੇਹਤਰੀਨ ਰਹਿਨੁਮਾਈ ਦੇਣ ਵਿਚ ਕਿਵੇਂ ਮਦਦਗਾਰ ਹੋਵੇਗਾ?*

*ਪਰ ਜੇ ਕੋਈ ਆਪਣੇ ਹੀ ਘਰ ਦਾ ਪਰਬੰਧ ਕਰਨਾ ਨਾ ਜਾਣੇ ਤਾਂ ਉਹ ਪਰਮੇਸ਼ੁਰ ਦੀ ਕਲੀਸੀਆ ਦੀ ਰਖਵਾਲੀ ਕਿੱਕੁਰ ਕਰੇਗਾ? ਉਹ ਨਵਾਂ ਚੇਲਾ ਨਾ ਹੋਵੇ ਭਈ ਕਿਤੇ ਫੁੱਲ ਕੇ ਸ਼ੈਤਾਨ ਦੀ ਸਜ਼ਾ ਵਿਚ ਨਾ ਜਾ ਪਵੇ। ਨਾਲੇ ਚਾਹੀਦਾ ਹੈ ਜੋ ਬਾਹਰ ਵਾਲਿਆਂ ਦੇ ਕੋਲੋਂ ਉਹ ਦੀ ਨੇਕਨਾਮੀ ਹੋਵੇ ਭਈ ਉਹ ਬੋਲੀ ਹੇਠ ਨਾ ਆ ਜਾਵੇ ਅਤੇ ਸ਼ੈਤਾਨ ਦੀ*

*ਫਾਹੀ ਵਿਚ ਨਾ ਫਸ ਜਾਵੇ''* (1 ਤਿਮੋਥਿਉਸ 3:2–7)।

*''... ਅਤੇ ਨਗਰ ਨਗਰ ਬਜ਼ੁਰਗ ਥਾਪ ਦੇਵੇਂ ਜਿਵੇਂ ਮੈਂ ਤੈਨੂੰ ਆਗਿਆ ਕੀਤੀ ਸੀ। ਜੇ ਕੋਈ ਨਿਰਦੋਸ਼ ਅਤੇ ਇੱਕੋ ਪਤਨੀ ਦਾ ਪਤੀ ਹੋਵੇ ਜਿਹ ਦੇ ਬਾਲਕ ਨਿਹਚਾਵਾਨ ਹੋਣ ਅਤੇ ਉਨ੍ਹਾਂ ਦੇ ਜੁੰਮੇ ਬਦਚਲਣੀ ਦਾ ਦੋਸ਼ ਨਾ ਹੋਵੇ ਅਤੇ ਨਾ ਓਹ ਢੀਠ ਹੋਣ। ਕਿਉਂਕਿ ਚਾਹੀਦਾ ਹੈ ਭਈ ਕਲੀਸੀਆ ਦਾ ਨਿਗਾਹਬਾਨ ਪਰਮੇਸ਼ੁਰ ਮੁਖ਼ਤਿਆਰ ਹੋ ਕੇ ਨਿਰਦੋਸ਼ ਹੋਵੇ, ਨਾ ਮਨ ਮਤੀਆ, ਨਾ ਕ੍ਰੋਧੀ, ਨਾ ਪਿਆਕੜ, ਨਾ ਮੁੱਕੇਬਾਜ਼, ਨਾ ਝੂਠੇ ਨਫ਼ੇ ਦਾ ਲੋਭੀ ਹੋਵੇ। ਸਗੋਂ ਪਰਾਹੁਣਚਾਰ, ਨੇਕੀ ਦਾ ਪ੍ਰੇਮੀ, ਸੁਰਤ ਵਾਲਾ, ਧਰਮੀ, ਪਵਿੱਤਰ, ਸੰਜਮੀ ਹੋਵੇ। ਅਤੇ ਨਿਹਚਾ ਜੋਗ ਵਚਨ ਨੂੰ ਜਿਹੜਾ ਇਸ ਸਿੱਖਿਆ ਦੇ ਅਨੁਸਾਰ ਹੈ ਫੜੀ ਰੱਖੇ ਭਈ ਉਹ ਖਰੀ ਸਿੱਖਿਆ ਨਾਲ ਉਪਦੇਸ਼ ਕਰੇ ਨਾਲੇ ਢੁੱਚਰ ਡਾਹੁਣ ਵਾਲਿਆਂ ਨੂੰ ਕਾਇਲ ਕਰ ਸੱਕੇ''* (ਤੀਤੁਸ 1:5–9)।

ਐਲਡਰਾਂ (ਬਜ਼ੁਰਗਾਂ) ਦੀ ਨਿਯੁਕਤੀ ਲਈ ਦਿੱਤੇ ਇਨ੍ਹਾਂ ਹਦਾਇਤਾਂ ਵਿੱਚੋਂ ਕਈ ਗੱਲਾਂ ਨਜ਼ਰ ਆਉਂਦੀਆਂ ਹਨ:

ਹਰ ਮੰਡਲੀਆਂ ਵਿਚ ਜਗ੍ਹਾ ਆਪਣੇ ਐਲਡਰ ਹੋਣੇ ਚਾਹੀਦੇ ਹਨ, ਭਾਵ ਅਗਵਾਈ ਕਰਨ ਵਾਲੇ ਬਹੁਗਿਣਤੀ ਵਿਚ ਹੋਣੇ ਚਾਹੀਦੇ ਹਨ।

ਇਸ ਤੋਂ ਆਦਮੀ ਦੀ ਵਿਆਖਿਆ ਵੀ ਮਿਲਦੀ ਹੈ ਕਿ ਉਹ *''... ਇੱਕੋ ਹੀ ਪਤਨੀ ਦਾ ਪਤੀ, ਪਰਹੇਜ਼ਗਾਰ, ਸੁਰਤ ਵਾਲਾ, ਨੇਕ ਚਲਣ, ਪ੍ਰਾਹੁਣਚਾਰ ਅਤੇ ਸਿੱਖਿਆ ਦੇਣ ਜੋਗ ਹੋਵੇ, ... ਆਪਣੇ ਘਰ ਦਾ ਚੰਗੀ ਤਰਾਂ ਪਰਬੰਧ ਕਰਨ ਵਾਲਾ, ਅਤੇ ਆਪਣੇ ਬਾਲਕਾਂ ਨੂੰ ਪੂਰੀ ਗੰਭੀਰਤਾਈ ਨਾਲ ਵੱਸ ਵਿਚ ਰੱਖਣ ਵਾਲਾ ਹੋਵੇ। ਪਰ ਜੇ ਕੋਈ ਆਪਣੇ ਹੀ ਘਰ ਦਾ ਪਰਬੰਧ ਕਰਨਾ ਨਾ ਜਾਣੇ ਤਾਂ ਉਹ ਪਰਮੇਸ਼ੁਰ ਦੀ ਕਲੀਸੀਆ ਦੀ ਰਖਵਾਲੀ ਕਿੱਕੁਰ ਕਰੇਗਾ?''* (1 ਤਿਮੋਥਿਉਸ 3:2, 4, 5)।

ਜਿਹੜਾ ਬੰਦਾ ਐਲਡਰ ਬਣਨਾ ਚਾਹੁੰਦਾ ਹੈ, ਉਸ ਦੇ ਦੋ ਵਿਆਹ ਜਾਂ ਇਕ ਤੋਂ ਵੱਧ ਪਤਨੀਆਂ ਨਹੀਂ ਹੋਣੀਆਂ ਚਾਹੀਦੀਆਂ ਤੇ ਨਾ ਹੀ ਉਸ ਦਾ ਤਲਾਕ ਹੋਇਆ ਹੋਣਾ ਚਾਹੀਦਾ ਹੈ। ਉਸ ਦੀ ਸਿਰਫ਼ ਇੱਕੋ ਹੀ ਪਤਨੀ ਹੋਵੇ; ਉਸ ਲਈ ਇਹ ਵੀ ਜ਼ਰੂਰੀ ਹੈ ਕਿ ਆਪਣੇ ਪਰਿਵਾਰ ਨੂੰ ਪਰਮੇਸ਼ੁਰ ਦੀ ਸਿੱਖਿਆ ਅਨੁਸਾਰ ਢਾਲੇ ਤਾਂ ਜੋ ਇਹ ਸਾਬਤ ਹੋ ਜਾਵੇ ਕਿ ਉਹ ਬੱਚਿਆਂ ਦੀ ਅਗਵਾਈ ਚੰਗੀ ਤਰ੍ਹਾਂ ਨਾਲ ਕਰ ਸਕਦਾ ਹੈ। ਚਾਹੇ ਉਹ ਦੁਨਿਆਵੀ ਹੋਣ ਤੇ ਭਾਵੇਂ ਰੂਹਾਨੀ। ਕਈ ਸਾਲਾਂ ਤਕ ਆਪਣੇ ਪਰਿਵਾਰ ਦੀ ਅਗਵਾਈ ਕਰਨ ਕਾਰਣ ਉਸ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਜਿਸ ਮੰਡਲੀ ਦੀ ਉਹ ਦੂਜੇ ਐਲਡਰਾਂ ਨਾਲ ਸੇਵਾ ਕਰਦਾ ਹੈ, ਉਸ ਨੂੰ ਉਹ ਚੰਗੀ ਅਗਵਾਈ ਦੇਵੇਗਾ।

ਸਪੱਸ਼ਟ ਹੈ ਕਿ ਕੋਈ ਔਰਤ 'ਇੱਕੋ ਹੀ ਪਤਨੀ ਦਾ ਪਤੀ' ਨਹੀਂ ਹੋ ਸਕਦੀ। ਨਾ ਹੀ ਉਹ

ਆਪਣੇ ਪਰਿਵਾਰ ਦੀ ਆਗੂ ਹੋ ਸਕਦੀ ਹੈ, ਜਿਸ ਵਿਚ ਆਪਣੇ ਪਤੀ ਉੱਤੇ ਹੁਕਮ ਚਲਾ ਕੇ ਉਹ ਸਮਝੇ ਕਿ ਪਰਮੇਸ਼ੁਰ ਇਸ ਤੋਂ ਖੁਸ਼ ਹੈ। ਇਸ ਲਈ ਉਹ ਐਲਡਰ ਬਣਨ ਦੇ ਯੋਗ ਨਹੀਂ ਹੈ।

*''ਇਸੇ ਪਰਕਾਰ ਸੇਵਕਾਂ ਨੂੰ ਚਾਹੀਦਾ ਹੈ ਜੋ ਗੰਭੀਰ ਹੋਣ, ਨਾ ਦੋ ਜ਼ਬਾਨੇ, ਨਾ ਬਹੁਤ ਮੈ ਪੀਣ ਵਾਲੇ, ਨਾ ਝੂਠੀ ਕਮਾਈ ਦੇ ਲੋਭੀ। ਪਰ ਨਿਹਚਾ ਦੇ ਭੇਤ ਨੂੰ ਸ਼ੁੱਧ ਅੰਤਹਕਰਨ ਨਾਲ ਮੰਨਣ। ਅਤੇ ਏਹ ਵੀ ਪਹਿਲਾਂ ਪਰਤਾਏ ਜਾਣ। ਜੇ ਨਿਰਦੋਸ਼ ਨਿੱਕਲਣ ਤਾਂ ਫੇਰ ਸੇਵਕਾਈ ਕਰਨ।*

*ਇਸੇ ਤਰ੍ਹਾਂ ਤੀਵੀਆਂ ਨੂੰ ਚਾਹੀਦਾ ਹੈ ਜੋ ਗੰਭੀਰ ਹੋਣ, ਨਾ ਉੰਗਲ ਕਰਨ ਵਾਲੀਆਂ, ਸਗੋਂ ਪਰਹੇਜ਼ਗਾਰ ਅਤੇ ਸਾਰੀਆਂ ਗੱਲਾਂ ਵਿਚ ਮਾਤਬਰ ਹੋਣ।*

*ਸੇਵਕ ਇੱਕੋ ਹੀ ਪਤਨੀ ਦੇ ਪਤੀ ਹੋਣ ਅਤੇ ਆਪਣਿਆਂ ਬਾਲਕਾਂ ਅਤੇ ਆਪਣੇ ਘਰਾਂ ਦੀ ਚੰਗੀ ਤਰਾਂ ਨਾਲ ਪਰਬੰਧ ਕਰਨ। ਕਿਉਂਕਿ ਜਿਨ੍ਹਾਂ ਸੇਵਕਾਈ ਦਾ ਕੰਮ ਚੰਗੀ ਤਰ੍ਹਾਂ ਨਾਲ ਕੀਤਾ ਓਹ ਆਪਣੇ ਲਈ ਅੱਛੀ ਪਦਵੀ ਅਤੇ ਉਸ ਵਿਚ ਜਿਹੜਾ ਮਸੀਹ ਯਿਸੂ ਉੱਤੇ ਵੱਡੀ ਦਿਲੇਰੀ ਪ੍ਰਾਪਤ ਕਰਦੇ ਹਨ''* (1 ਤਿਮੋਥਿਉਸ 3:8–13)

ਅਹੁਦੇ ਦੇ ਅਨੁਸਾਰ ਡੀਕਨ ਦਾ ਕੰਮ ਐਲਡਰ ਦੇ ਅਧੀਨ ਸੇਵਾ ਕਰਨਾ ਹੈ। ਸ਼ਬਦ 'ਡੀਕਨ' ਦਾ ਮਤਲਬ ਹੀ ਸੇਵਕ ਹੋਣਾ ਹੈ। ਕੁਝ ਡਿਨੋਮੀਨੇਸ਼ਨਾਂ ਵਿਚ ਅੱਜ 'ਐਲਡਰ' ਦਾ ਕੋਈ ਅਹੁਦਾ ਨਹੀਂ ਹੈ ਸਗੋਂ 'ਐਲਡਰ' ਦਾ ਕੰਮ 'ਡੀਕਨਾਂ ਨੂੰ ਸੌਂਪਿਆ ਜਾਂਦਾ ਹੈ,' ਜਦ ਕਿ ਕਥਿਤ 'ਪਾਸਟਰ' (ਜਿਸ ਨੂੰ ਨਵੇਂ ਨੇਮ ਦੇ ਵਕਤ ਐਲਡਰ ਆਖਿਆ ਜਾਂਦਾ ਸੀ) ਨੂੰ ਪ੍ਰਚਾਰਕ ਜਾਂ ਇਵੈਂਲਿਸਟ ਦਾ ਕੰਮ ਦੇ ਦਿੱਤਾ ਜਾਦਾ ਹੈ।

ਸਹੀ ਅਹੁਦਿਆਂ ਵਿਚ ਇਹ ਗੜਬੜੀ ਬਾਈਬਲ ਦੇ ਬਾਹਰੋਂ ਹੈ। ਸਾਨੂੰ ਖ਼ੁਦਾ ਦੇ ਇਖ਼ਤਿਆਰ ਨੂੰ ਹੀ ਮੰਨਣਾ ਚਾਹੀਦਾ ਹੈ ਅਤੇ ਜੋ ਕੁਝ ਉਹ ਸਾਨੂੰ ਆਪਣੇ ਵਚਨ ਵਿਚ ਦੱਸਦਾ ਹੈ, ਸਾਨੂੰ ਚਾਹੀਦਾ ਹੈ ਕਿ ਉਸ ਵੱਲ ਧਿਆਨ ਦੇਈਏ।

ਉਹ ਕਹਿੰਦਾ ਹੈ ਕਿ ਹਰ ਕਲੀਸੀਆ ਵਿਚ ਐਲਡਰ ਹੋਣੇ ਚਾਹੀਦੇ ਹਨ ਅਤੇ ਡੀਕਨਾਂ ਦਾ ਹੋਣਾ ਵੀ ਜ਼ਰੂਰੀ ਹੈ, ਇਨ੍ਹਾਂ ਦੋਹਾਂ ਦੀਆਂ ਹੀ ਯੋਗਤਾਵਾਂ ਉਸ ਨੇ ਆਪਣੇ ਵਚਨ ਵਿਚ ਦਿੱਤੀਆਂ ਹਨ, ਇਸ ਲਈ ਇਨ੍ਹਾਂ ਦੋਹਾਂ ਅਹੁਦਿਆਂ ਦੀ ਚੋਣ ਸਮੇਂ ਉਹੀ ਆਦਮੀ ਚੁਣਨੇ ਚਾਹੀਦੇ ਹਨ ਜਿਨ੍ਹਾਂ ਵਿਚ ਇਹ ਯੋਗਤਾਵਾਂ ਹੋਣ।

ਐਲਡਰਾਂ ਵਾਂਗ ਹੀ ਡੀਕਨਾਂ ਲਈ ਵੀ ਜ਼ਰੂਰੀ ਹੈ ਕਿ *''ਉਹ ਇੱਕੋ ਹੀ ਪਤਨੀ ਦੇ ਪਤੀ ਹੋਣ''* (1 ਤਿਮੋਥਿਉਸ 3: 12)। ਇਹ ਸਪੱਸ਼ਟ ਹੈ ਕਿ ਔਰਤ ਡੀਕਨ ਨਹੀਂ ਬਣ ਸਕਦੀ।

***ਵਿਚਾਰ ਕਰਨ ਵਾਲੀ ਗੱਲ***

*ਕੋਈ ਪੁੱਛੇਗਾ ਕਿ ਮੰਨਿਆ, ਮਨਮਰਜ਼ੀ ਨਾਲ ਮੰਡਲੀ ਉੱਤੇ ਹੁਕਮ ਜਤਾਉਣਾ ਔਰਤ ਲਈ ਗਲਤ ਹੋਵੇਗਾ, ਪਰ ਜੇ ਐਲਡਰਾਂ ਵੱਲੋਂ ਉਸ ਨੂੰ ਰਹਿਨੁਮਾਈ ਕਰਨ ਦੀ ਸੇਵਾ ਕਰਨ ਲਈ ਕਿਹਾ ਜਾਵੇ ਤਾਂ ਭਲਾ ਇਹ ਵੀ ਗਲਤ ਹੋਵੇਗਾ? ਅਜਿਹਾ ਹੋਣ ਤੇ ਭਲਾ ਉਹ ਉਨ੍ਹਾਂ ਦੇ ਮਤਹਿਤ ਹੀ ਸੇਵਾ ਨਹੀਂ ਕਰ ਰਹੀ ਹੋਵੇਗੀ? ਇਸ ਤਰਕ ਵਿਚ ਦਿੱਕਤ ਇਹ ਹੈ ਕਿ ਅਸੀਂ ਇਸ ਤੱਥ ਨੂੰ ਕਦੇ ਭੁੱਲ ਨਹੀਂ ਸਕਦੇ ਕਿ ਕੋਈ ਵੀ, ਭਾਵੇਂ ਉਹ ਐਲਡਰ ਹੀ ਕਿਉਂ ਨਾ ਹੋਵੇ, ਕਿਸੇ ਵੀ ਮਾਮਲੇ ਵਿਚ ਖ਼ੁਦਾ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਆਪਣੇ ਨਿਯਮ ਨਹੀਂ ਬਣਾ ਸਕਦਾ।*

ਕੋਈ 22ਵੀਂ ਆਇਤ ਨੂੰ ਪੜ੍ਹ ਕੇ ਕਹੇਗਾ ਕਿ ਇਹ ਆਇਤ ਸੇਵਿਕਾ ਅਰਥਾਤ ''ਡੀਕਨੈੱਸ'' ਲਈ ਵਰਤੀ ਜਾ ਸਕਦੀ ਹੈ। ਪਰ ਪੂਰਾ ਹਵਾਲਾ ਪੜ੍ਹਨ ਨਾਲ ਸਾਨੂੰ ਪਤਾ ਲੱਗਦਾ ਹੈ ਕਿ ਇਹ ਕਲੀਸੀਆ ਦੇ ਆਗੂਆਂ ਦੀਆਂ ਪਤਨੀਆਂ ਦੇ ਧਰਮੀ ਹੋਣ ਲਈ ਕਿਹਾ ਗਿਆ ਹੈ। ਇਸ ਤੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਔਰਤਾਂ ਨੂੰ ਸੇਵਿਕਾ ਜਾਂ 'ਡੀਕਨੈੱਸ' ਨਿਯੁਕਤ ਕੀਤਾ ਜਾ ਸਕਦਾ ਹੈ। ਬੇਸ਼ੱਕ ਇਸ ਅਹੁਦੇ ਦੇ ਬਿਨਾਂ ਵੀ ਸਾਰੇ ਮਸੀਹੀ ਹੀ ਸੇਵਕ ਹਨ ਅਤੇ ਸਾਡੇ ਲਈ ਸੇਵਾ ਕਰਨਾ ਜ਼ਰੂਰੀ ਹੈ। ਪ੍ਰਭੂ ਯਿਸੂ ਮਸੀਹ ਦੀ ਕਲੀਸੀਆ ਵਿਚ ਔਰਤ ਦੂਸਰੇ ਮਸੀਹੀਆਂ ਦੀ ਮਦਦ ਕਰ ਕੇ ਅਤੇ ਕਲੀਸੀਆ ਦਾ ਵਿਕਾਸ ਕਰ ਕੇ ਬਹੁਤ ਜ਼ਿਆਦਾ ਸੇਵਾ ਕਰ ਸਕਦੀ ਹੈ। ਇਹ ਸੇਵਾ ਕਰਨ ਲਈ ਤਾਂ ਅਸੀਂ ਉਨ੍ਹਾਂ ਦੇ ਨਾਲ ਹਾਂ। ਪਰ ਜੇ ਕੋਈ ਗਰੁੱਪ ਕਿਸੇ ਔਰਤ ਨੂੰ ਇਖ਼ਤਿਆਰ ਦੇ ਦਿੰਦਾ ਹੈ ਤਾਂ ਇਹ ਪਵਿੱਤਰ ਲਿਖਤਾਂ ਦਾ ਸਿੱਧਾ ਵਿਰੋਧ ਹੈ। ਪਰਮੇਸ਼ੁਰ ਦੇ ਹੁਕਮ ਵਿਚ ਇਹ ਮਨੁੱਖ ਵੱਲੋਂ ਵਚਨ ਵਿਚ ਜੋੜਨਾ ਹੈ, ਕਿਉਂਕਿ ਇਸ ਦੀ ਪਰਮੇਸ਼ੁਰ ਦੇ ਵਚਨ ਵਿਚ ਬਿਲਕੁਲ ਮਨਾਹੀ ਕੀਤੀ ਗਈ ਹੈ (ਪ੍ਰਕਾਸ਼ ਦੀ ਪੋਥੀ 22:18, 19; ਵਿਵਸਥਾਸਾਰ 4:2; ਕਹਾਉਤਾਂ 30:6)।

## ਚਰਚਾ ਲਈ ਸਵਾਲ

1. ਭਲਾ ਪੌਲੁਸ ''ਔਰਤ ਵਿਰੋਧੀ'' ਸੀ?
2. ਖ਼ੁਦਾ ਦੀ ਪ੍ਰੇਰਣਾ ਪਾਉਣ ਵਾਲੇ ਬਾਈਬਲ ਦੇ ਲੇਖਕਾਂ ਵਿੱਚੋਂ ਕਿੰਨੀਆਂ ਔਰਤਾਂ ਸਨ?
3. ਇਸਰਾਏਲ ਦੇ ਬਾਰਾਂ ਕਬੀਲਿਆਂ ਦੇ ਸਰਦਾਰਾਂ ਵਿਚ ਔਰਤਾਂ ਕਿੰਨੀਆਂ ਸਨ?
4. ਭਲਾ ਮਰੀਅਮ, ਮਾਰਥਾ, ਪ੍ਰਿਸਕਿੱਲਾ ਜਾਂ ਹੋਰ ਔਰਤਾਂ ਵਿੱਚੋਂ ਕੋਈ ਔਰਤ ਰਸੂਲ ਸੀ?
5. ਕੁਝ ਮਾਮਲਿਆਂ ਵਿਚ ਔਰਤਾਂ ਦੇ ਵੱਡੇ ਵਿਸ਼ਵਾਸ ਤੇ ਚਰਚਾ ਕਰੋ ਅਤੇ ਇਹ ਵੀ ਚਰਚਾ ਕਰੋ ਕਿ ਇਹ ਕਿਵੇਂ ਸਾਬਤ ਕਰਦਾ ਹੈ ਕਿ ਪੁਰਖਾਂ ਨੂੰ ਰਚਨਾ ਵਿਚ ਪਹਿਲੇ ਹੋਣ ਕਰਕੇ ਠਹਿਰਾਇਆ ਗਿਆ ਸੀ ਅਤੇ ਉਨ੍ਹਾਂ ਨੂੰ ਰਹਿਨੁਮਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।
6. ਇਸ ਕਰਕੇ ਆਦਮੀ ਨੂੰ ਖ਼ੁਦਾ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਹੈ ਕਿ ...................
7. ਨਵੇਂ ਨੇਮ ਦੇ ਨਮੂਨੇ ਮੁਤਾਬਿਕ ਹਰ ਮੰਡਲੀ ਵਿਚ ................. ਅਤੇ .................... ਦਾ ...................... ਲਾਜ਼ਮੀ ਹੈ।
8. 1 ਤਿਮੋਥਿਉਸ 3:2–13 ਅਤੇ ਤੀਤੁਸ 1:5–9 ਵਿਚ ਐਲਡਰਾਂ ਦੀਆਂ ਦੱਸੀਆਂ ਗਈਆਂ ਯੋਗਤਾਵਾਂ ਤੇ ਚਰਚਾ ਕਰੋ।
9. ਭਲਾ ਤੁਸੀਂ ਮੰਨਦੇ ਹੋ ਕਿ ਖ਼ੁਦਾ ਸਚਮੁਚ ਵਿਚ ਚਾਹੁੰਦਾ ਹੈ ਕਿ ਐਲਡਰ ਇੱਕੋ ਹੀ

ਪਤਨੀ ਦੇ ਪਤੀ ਹੋਣ ਅਤੇ ਉਨ੍ਹਾਂ ਦੇ ਬੱਚੇ ਨਿਹਚਾਵਾਨ ਹੋਣ?

10. ਆਪਣੇ ਘਰ ਦੀ ਅਗਵਾਈ ਨਾ ਕਰ ਸਕਣ ਵਾਲੇ ਆਦਮੀ ਲਈ ਪਰਮੇਸ਼ੁਰ ਦਾ ਵਚਨ ਕੀ ਕਹਿੰਦਾ ਹੈ?
11. ਇਹ ਨਿਯਮ ਕਿਨ੍ਹਾਂ ਦੋ ਗੱਲਾਂ ਤੇ ਔਰਤਾਂ ਦੇ ਐਲਡਰ ਅਤੇ ਡੀਕਨ ਹੋਣ ਨੂੰ ਕੱਢ ਦਿੰਦੇ ਹਨ?
12. ਭਲਾ ਕੋਈ ਔਰਤ ਕਲੀਸੀਆ ਵਿਚ ''ਸੇਵਾ'' ਕਰ ਸਕਦੀ ਹੈ? ਭਲਾ ਆਦਮੀਆਂ ਨੂੰ ਇਹ ਇਖ਼ਤਿਆਰ ਹੈ ਕਿ ਔਰਤਾਂ ਨੂੰ ''ਡੀਕਨੈੱਸ'' ਜਾਂ ''ਸੇਵਕਾ'' ਦੇ ਰੂਪ ਵਿਚ ਨਿਯੁਕਤ ਕਰਨ?
13. ਅੱਜ ''ਐਲਡਰਾਂ,'' ''ਡੀਕਨਾਂ,'' ''ਪਾਸਬਾਨਾਂ'' ਦੇ ਸਬੰਧ ਵਿਚ ਡਿਨੋਮਿਨੇਸ਼ਨਾਂ ਵਿਚ ਪਾਈਆਂ ਜਾਣ ਵਾਲੀਆਂ ਕੁਝ ਉਲਝਣਾਂ ਤੇ ਚਰਚਾ ਕਰੋ।
14. ਇਹ ਕਿਉਂ ਜ਼ਰੂਰੀ ਹੈ ਕਿ ਕਲੀਸੀਆ ਐਲਡਰਾਂ ਅਤੇ ਡੀਕਨਾਂ ਨਾਲ ਸਬੰਧਿਤ ਖ਼ੁਦਾ ਦੇ ਨਿਯਮਾਂ ਨੂੰ ਮੰਨੇ?



## ਪਾਠ 7

# ਭਲਾ ਔਰਤ ਮੰਡਲੀ ਵਿਚ ਪ੍ਰਚਾਰ ਕਰ ਸਕਦੀ ਹੈ?

ਅੱਜ ਬਹੁਤ ਸਾਰੀਆਂ ਡਿਨੋਮਿਨੇਸ਼ਨਾਂ ਵਿਚ ਬੰਦਗੀ ਵਿਚ ਔਰਤਾਂ ਮੰਡਲੀਆਂ ਵਿਚ ਭਾਗ ਲੈਂਦੀਆਂ ਹਨ। ਇਸ ਸਭ ਦੇ ਪਿੱਛੇ ਜੋ ਸੋਚ ਹੈ ਉਹ ਇਹ ਹੈ ਕਿ ਬਾਈਬਲ ਹਜ਼ਾਰਾਂ ਸਾਲ ਪਹਿਲਾਂ ਲਿਖੀ ਗਈ ਅਤੇ ਹੁਣ ਦਾ ਸਮਾਜ ਬਹੁਤ ਤਰੱਕੀ ਕਰ ਗਿਆ ਹੈ, ਉਦੋਂ ਔਰਤਾਂ ਨੂੰ 'ਘਟੀਆ,' 'ਆਦਮੀ ਦੇ ਮਤਹਿਤ' ਮੰਨਿਆ ਜਾਂਦਾ ਸੀ, ਪਰ ਹੁਣ ਉਹ, ਉਹ ਸਾਰੇ ਕੰਮ ਕਰਨ ਲਈ ਅਜ਼ਾਦ ਹਨ ਜੋ ਆਦਮੀ ਕਰ ਸਕਦਾ ਹੈ। ਬਹੁਤ ਸਾਰੇ ਲੋਕ ਇਸ ਨਵੀਂ ਸੋਚ ਨਾਲ ਬਹੁਤ ਖੁਸ਼ ਹਨ, ਉਨ੍ਹਾਂ ਦਾ ਮੰਨਣਾ ਹੈ ਕਿ ਸਦੀਆਂ ਤੋਂ ਔਰਤ ਨਾਲ ਜੋ ਅਨਿਆਂ ਹੋ ਰਿਹਾ ਸੀ ਉਹ ਹੁਣ ਬੰਦ ਹੋ ਗਿਆ ਹੈ, ਇਸ ਲਈ ਔਰਤਾਂ ਪ੍ਰਚਾਰ ਰਕਦੀਆਂ ਹਨ, ਅਤੇ ਉਹ ਬਿਸ਼ਪ ਬਣਦੀਆਂ ਹਨ, ਉਹ ਆਦਮੀਆਂ ਦੇ ਧਾਰਮਿਕ ਚੋਗੇ ਪਹਿਨਦੀਆਂ ਅਤੇ ਆਦਮੀਆਂ ਦੇ ਕੰਮ ਕਰਦੀਆਂ ਹਨ।

***ਵਿਚਾਰ ਕਰਨ ਵਾਲੀ ਗੱਲ***

*ਰੂਹਾਨੀ ਰਹਿਨੁਮਾਈ ਦੀਆਂ ਭੂਮਿਕਾਵਾਂ ਵਿਚ ਔਰਤਾਂ ਦਾ ਹੋਣਾ ਤੁਹਾਨੂੰ ਕਿਹੋ ਜਿਹਾ ਲਗਦਾ ਹੈ? ਭਲਾ ਅਤੀਤ ਵਿਚ ਔਰਤਾਂ ਨੂੰ ਰੋਕਣ ਦਾ ਕਾਰਣ ਅਸਲ ਵਿਚ ਦਬਾਅ ਸੀ ਜਾਂ ਖ਼ੁਦਾ ਦੇ ਵਚਨ ਦੇ ਰੂਪ ਵਿਚ ਬਾਈਬਲ ਨੂੰ ਮੰਨਦਿਆਂ ਇਸ ਦਾ ਸਨਮਾਨ? ਭਲਾ ਆਧੁਨਿਕਵਾਦੀ ਵਿਚਾਰ (ਕਿ ਖ਼ੁਦਾ ਨੇ ਨਹੀਂ ਬਲਕਿ ਮਨੁੱਖਾਂ ਨੇ ਆਪਣੇ ਵਿਚਾਰਾਂ ਨੂੰ ਲਿਖਿਆ ਅਤੇ ਉਨ੍ਹਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਹਨ) ਨੇ ਕਲਾਮ ਦੇ ਇਖ਼ਤਿਆਰ ਨੂੰ ਘਟਾ ਦਿੱਤਾ ਹੈ?*

ਕੀ ਪਰਮੇਸ਼ੁਰ ਨੇ ਇਸ ਅਜ਼ਾਦੀ ਦੀ ਮਨਜ਼ੂਰੀ ਦਿੱਤੀ ਹੈ? ਕੀ ਬਾਈਬਲ ਉਸ ਸਮੇਂ ਦੇ ਲੋਕਾਂ ਲਈ ਹੀ ਲਿਖੀ ਗਈ ਸੀ? ਕੀ ਇਹ ਪਹਿਲੀ ਸਦੀ ਜਾਂ ਇਸ ਤੋਂ ਪਹਿਲਾਂ ਦੇ ਲੇਖਕਾਂ ਦੇ ਮਨ ਦੀ ਕਾਢ ਹਨ? ਜੇ ਸੱਚਮੁੱਚ ਇਸ ਦੇ ਵਚਨ ਸਰਵ–ਸ਼ਕਤੀਮਾਨ ਪਰਮੇਸ਼ੁਰ ਵੱਲੋਂ ਨਾ ਹੋ ਕੇ, ਮਨੁੱਖ ਦੇ ਮਨ ਦੀ ਸੋਚ ਹਨ, ਤਾਂ ਹੁਣ ਤਕ ਜੋ ਅਸੀਂ ਇਸ ਦੀਆਂ ਗੱਲਾਂ ਮੰਨਦੇ ਆ ਰਹੇ ਹਾਂ, ਅਸੀਂ ਅਗਿਆਨਤਾ ਦੀ ਗ਼ੁਲਾਮੀ ਵਿਚ ਜਕੜੇ ਹੋਏ ਹਾਂ। ਪਰ ਜੇ ਇਹਦੀਆਂ ਲਿਖਤਾਂ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖੀਆਂ ਗਈਆਂ ਹਨ, ਭਾਵ ਪਰਮੇਸ਼ੁਰ ਨੇ ਆਪਣੇ ਸਾਹ ਦੇ ਰਾਹੀਂ ਆਪਣੇ ਦਿਲ ਤੋਂ ਮਨੁੱਖ ਲਈ ਸੰਦੇਸ਼ ਦਿੱਤਾ ਹੈ, ਤਾਂ ਕਿਸੇ ਮਨੁੱਖ ਨੂੰ ਇਖ਼ਤਿਆਰ ਨਹੀਂ ਕਿ ਉਹ ਇਸ ਨੂੰ 'ਪੁਰਾਣਾ' ਕਹੇ ਜਾਂ ਇਸ ਨੂੰ ਇਹ ਕਹਿ ਕੇ ਅਣਗੌਲਿਆ ਕਰੇ ਕਿ ਅੱਜ ਦੇ ਸਮੇਂ ਵਿਚ ਇਸ ਦੀ ਅਹਿਮੀਅਤ ਨਹੀਂ ਹੈ।

ਪ੍ਰਭੂ ਯਿਸੂ ਨੇ ਸਪੱਸ਼ਟ ਕਿਹਾ, *''ਜਿਹੜਾ ਮੈਨੂੰ ਰੱਦਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹ ਨੂੰ ਇਕ ਦੋਸੀ ਠਹਿਰਾਉਂਦਾ ਹੈ। ਜਿਹੜਾ ਵਚਨ ਮੈਂ ਕਿਹਾ ਉਹੀ ਅੰਤ ਦੇ ਦਿਨ ਉਹ ਨੂੰ ਦੋਸ਼ੀ ਠਹਿਰਾਵੇਗਾ''* (ਯੂਹੰਨਾ 12:48)। ਉਸ ਨੇ ਰਸੂਲਾਂ ਨੂੰ ਦੱਸਿਆ, *''ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿਚ ਖੋਲ੍ਹਿਆ ਜਾਵੇਗਾ''* (ਮੱਤੀ 16:19)। ਬਾਈਬਲ ਦੀਆਂ ਲਿਖਤਾਂ ਬਾਰ–ਬਾਰ ਇਹ ਦਾਅਵਾ ਕਰਦੀਆਂ ਹਨ ਕਿ ਬਾਈਬਲ ਪਰਮੇਸ਼ੁਰ ਦਾ ਵਚਨ ਹੈ, ਆਦਮੀ ਦਾ ਨਹੀਂ। *''ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ...''* (2 ਤਿਮੋਥਿਉਸ 3:16)। ਬਾਈਬਲ ਦੇ ਅਖ਼ੀਰ ਵਿਚ ਸਾਡੇ ਪ੍ਰਭੂ ਨੇ ਇਕ ਸੰਦੇਸ਼ ਦਿੱਤਾ ਹੈ, ਜੋ ਚਿਤਾਵਨੀ ਵੀ ਹੈ, *''ਜੇ ਕੋਈ ਇਨ੍ਹਾਂ ਵਿਚ ਕੁਝ ਵਧਾਵੇ ਤਾਂ ਓਹ ਬਵਾਂ ਜਿਹੜੀਆਂ ਇਸ ਪੋਥੀ ਵਿਚ ਲਿਖੀਆਂ ਹੋਈਆਂ ਹਨ ਪਰਮੇਸ਼ੁਰ ਉਸ ਉੱਤੇ ਵਧਾਵੇਗਾ। ਅਤੇ ਜੋ ਕੋਈ ਇਸ ਅਗੰਮ ਵਾਕ ਦੀ ਪੋਥੀ ਦੀਆਂ ਬਾਣੀਆਂ ਵਿਚ ਕੁਝ ਘਟਾਵੇ ਤਾਂ ਜੀਵਨ ਦੇ ਬਿਰਛ ਤੋਂ ਅਤੇ ਪਵਿੱਤਰ ਨਗਰੀ ਵਿੱਚੋਂ ਅਰਥਾਤ ਉਨ੍ਹਾਂ ਗੱਲਾਂ ਵਿੱਚੋਂ ਜਿਹੜੀਆਂ ਇਸ ਪੋਥੀ ਵਿਚ ਲਿਖੀਆਂ ਹੋਈਆਂ ਹਨ ਪਰੇਮਸ਼ੁਰ ਉਹ ਦਾ ਹਿੱਸਾ ਘਟਾਵੇਗਾ''* (ਪ੍ਰਕਾਸ਼ ਦੀ ਪੋਥੀ 22:18, 19)।

### *ਵਿਚਾਰ ਕਰਨ ਵਾਲੀ ਗੱਲ*

*ਕਲਪਨਾ ਕਰੋ ਕਿ ਨਿਆਂ ਵਾਲੇ ਦਿਨ ਤੁਸੀਂ ਖ਼ੁਦਾ ਦੀ ਹਜ਼ੂਰੀ ਵਿਚ ਉਹਦੇ ਸਾਹਮਣੇ ਖਲੋਤੇ ਹੋ। ਜ਼ਿੰਦਗੀ ਭਰ ਤੁਸੀਂ ਬਹਿਸ ਕਰਦੇ ਰਹੇ ਕਿ ਬਾਈਬਲ ਦਾ ਫਲਾਣਾ ਨਿਯਮ ਅਤੇ ਹੁਕਮ ਅਸਲ ਵਿਚ ਅਹਿਮ ਨਹੀਂ ਹੈ ਅਤੇ ਸਿਰਫ਼ ਇੱਕੋ ਹੀ ਗੱਲ ਦੀ ਅਹਿਮੀਅਤ ਹੈ ਕਿ ਖ਼ੁਦਾ ਤਾਂ ਰਹਿਮ ਕਰਨ ਵਾਲਾ ਖ਼ੁਦਾ ਹੈ। ਇਕ ਪਾਸੇ ਤੁਸੀਂ ਇਹ ਕਹਿ ਰਹੇ ਹੋਵੋਗੇ, "ਕਿਹੜੀ ਵੱਡੀ ਗੱਲ ਹੋ ਗਈ।'' ਦੂਜੇ ਪਾਸੇ ਪਵਿੱਤਰ ਆਤਮਾ ਇਹ ਆਖ ਰਿਹਾ ਹੋਵੇਗਾ, "ਤੂੰ ਖ਼ੁਦਾ ਦੇ ਕਲਾਮ ਵਿਚ ਜੋੜਿਆ ਹੈ ਅਤੇ ਇਸ ਵਿੱਚੋਂ ਕੱਢਿਆ ਹੈ।'' ਇਕ ਨਾਚੀਜ਼ ਦਾ ਪਵਿੱਤਰ ਆਤਮਾ ਨਾਲ ਬਹਿਸ ਕਰਨਾ, ਉਹ ਵੀ ਢੀਠ ਹੋ ਕੇ, ਤੁਹਾਨੂੰ ਕਿਹੋ ਜਿਹਾ ਲੱਗੇਗਾ?*

ਪਰਮੇਸ਼ੁਰ ਦੇ ਵਚਨ ਨਾਲ ਖੇਡਣਾ ਕੋਈ ਛੋਟੀ ਗੱਲ ਨਹੀਂ ਹੈ। ਇਹ ਸਮਝ ਕੇ ਕਿ ਪਰਮੇਸ਼ੁਰ ਨਾਲੋਂ ਸਾਡੇ ਕੋਲ ਵੱਧ ਇਖ਼ਤਿਆਰ ਹੈ, ਉਸ ਦੇ ਵਚਨ ਨੂੰ ਬਦਲਣਾ, ਆਪਣੇ ਆਪ ਉੱਤੇ ਸਜ਼ਾ ਲਿਆਉਣਾ ਹੈ। ਪੌਲੁਸ ਨੇ ਗਲਾਤੀਆਂ 1:6–9 ਵਿਚ ਚਿਤਾਵਨੀ ਦਿੱਤੀ ਹੈ ਕਿ ਭਾਵੇਂ ਸੁਰਗ ਤੋਂ ਕੋਈ ਫ਼ਰਿਸ਼ਤਾ ਵੀ ਆਣ ਕੇ ਉਸ ਤੋਂ ਵੱਖਰੀ ਕੋਈ ਸਿੱਖਿਆ ਦੇਵੇ ਜੋ ਪਹਿਲਾਂ ਹੀ ਪਰਮੇਸ਼ੁਰ ਨੇ ਆਪਣੇ ਆਤਮਾ ਦੇ ਰਾਹੀਂ ਦਿੱਤੀ ਹੈ ਤਾਂ ਉਹ ਪਰਮੇਸ਼ੁਰ ਵੱਲੋਂ ਸਰਾਪਿਤ ਹੋਵੇਗਾ। ਆਦਮੀ ਹੋਣ ਜਾਂ ਔਰਤਾਂ ਜਿਹੜੇ ਜੋ ਸੋਚਦੇ ਹਨ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਨੂੰ ਬਦਲਣ ਦਾ ਇਖ਼ਤਿਆਰ ਹੈ, ਕਿਆਮਤ ਵਾਲੇ ਦਿਨ ਦੋਸ਼ੀ ਠਹਿਰਣਗੇ।

ਬਾਈਬਲ ਵਿਚ ਸਾਨੂੰ ਕੋਈ ਵੀ ਉਦਾਹਰਣ ਨਹੀਂ ਮਿਲਦੀ ਜਿੱਥੇ ਕਿਸੇ ਔਰਤ ਨੇ ਖੜੇ ਹੋ ਕੇ ਪਰਮੇਸ਼ੁਰ ਦੇ ਇਖ਼ਤਿਆਰ ਨਾਲ ਪ੍ਰਚਾਰ ਕੀਤਾ ਹੋਵੇ। ਪ੍ਰਭੂ ਯਿਸੂ ਦੇ ਨਾਲ ਬਹੁਤ ਸਾਰੀਆਂ ਔਰਤਾਂ ਹੁੰਦੀਆਂ ਸਨ, ਉਹ ਉਸ ਦੀ ਅਤੇ ਰਸੂਲਾਂ ਦੀ ਸੇਵਾ ਕਰਦੀਆਂ ਸਨ, ਪਰ ਉਨ੍ਹਾਂ ਵਿੱਚੋਂ ਇਕ ਨੂੰ ਵੀ ਪ੍ਰਚਾਰ ਕਰਨ ਲਈ ਨਿਯੁਕਤ ਨਹੀਂ ਕੀਤਾ ਗਿਆ ਸੀ। ਸੱਤਰਾਂ ਨੂੰ ਚੁਣ ਕੇ ਭੇਜੇ ਜਾਣ ਵੇਲੇ ਇਸਦਾ ਕੋਈ ਸੰਕੇਤ ਨਹੀਂ ਕਿ ਉਨ੍ਹਾਂ ਵਿਚ ਕੋਈ ਔਰਤ ਵੀ ਹੋਵੇਗੀ। ਸਾਰੇ ਰਸੂਲ ਆਦਮੀ (ਨਰ) ਹੀ ਸਨ ਅਤੇ ਜਦ ਪੈਂਟੀਕਾਸਟ ਵਾਲੇ ਦਿਨ ਗਿਆਰਾਂ ਰਸੂਲਾਂ ਦੇ ਨਾਲ ਪਤਰਸ ਇੰਜੀਲ ਦਾ ਪਹਿਲੀ ਵਾਰ ਪ੍ਰਚਾਰ ਕਰਨ ਉੱਠਿਆ ਤਦ ਵੀ ਕਿਸੇ ਔਰਤ ਨੇ ਪ੍ਰਚਾਰ ਨਹੀਂ ਕੀਤਾ।

***ਵਿਚਾਰ ਕਰਨ ਵਾਲੀ ਗੱਲ***

*ਜਦ ਡਿਨੋਮਿਨੇਸ਼ਨਾਂ ਦੇ ਪ੍ਰਚਾਰਕ ਅਤੇ ਰਹਿਨੁਮਾ ਸ਼ਰੇਆਮ ਇਹ ਵਿਖਾਉਂਦੇ ਹਨ ਕਿ ਬਾਈਬਲ ਖ਼ੁਦਾ ਦਾ ਅਵਿਨਾਸ਼ੀ ਵਚਨ ਨਹੀਂ ਹੈ ਬਲਕਿ ਇਹ ਮਨੁੱਖ ਦੇ ਮਨ ਦੀ ਕਾਢ ਹੈ, ਤਾਂ ਇਕ ਆਮ "ਵਿਸ਼ਵਾਸੀ'' ਦਾ ਤਾਂ ਕਹਿਣਾ ਹੀ ਕੀ? ਯਿਸੂ ਕੁਆਰੀ ਤੋਂ ਪੈਦਾ ਨਹੀਂ ਹੋਇਆ, ਉਸ ਨੇ ਮੋਅਜਜ਼ੇ ਨਹੀਂ ਕੀਤੇ, ਉਹ ਮੁਰਦਿਆਂ ਵਿੱਚੋਂ ਜੀ ਨਹੀਂ ਉੱਠਿਆ? ਭਲਾ ਇਹ ਵਿਆਖਿਆ ਸਹੀ ਹੋ ਸਕਦੀ ਹੈ? ਸਾਡੇ ਲੋਕ ਬੇਪਰਤੀਤੇ ਕਿਉਂ ਹੁੰਦੇ ਜਾ ਰਹੇ ਹਨ?*

ਯਕੀਨਨ ਹੀ ਪ੍ਰਭੂ ਯਿਸੂ ਦੀ ਮਾਂ ਮਰੀਅਮ ਬਹੁਤ ਵਧੀਆ 'ਗਵਾਹੀ' ਦੇ ਸਕਦੀ ਸੀ। ਮਰੀਅਮ ਮਗਦਲੀਨੀ ਨੂੰ ਪ੍ਰਭੂ ਨੇ ਚਮਤਕਾਰ ਨਾਲ ਚੰਗਿਆਂ ਕੀਤਾ ਸੀ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਮਰੀਅਮ ਨੂੰ ਉਹ ਸਭ ਤੋਂ ਪਹਿਲਾਂ ਨਜ਼ਰ ਆਇਆ ਸੀ (ਸ਼ਾਇਦ ਉਸ ਦਾ ਵਿਸ਼ਵਾਸ ਉਨ੍ਹਾਂ ਰਸੂਲਾਂ ਨਾਲੋਂ ਉਸ ਵੇਲੇ ਵੱਧ ਸੀ, ਇਸੇ ਲਈ ਮਰਕੁਸ 16:14 ਵਿਚ ਉਹ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਬੇ–ਪਰਤੀਤੀ ਕਾਰਣ ਝਾੜਿਆ ਸੀ। ਪਰ ਇਨ੍ਹਾਂ ਔਰਤਾਂ ਵਿੱਚੋਂ ਕਿਸੇ ਨੂੰ ਵੀ ਪ੍ਰਚਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਮਰੀਅਮ ਅਤੇ ਮਾਰਥਾ ਪ੍ਰਭੂ ਯਿਸੂ ਦੀਆਂ ਬਹੁਤ ਨਜ਼ਦੀਕੀ ਸਾਥੀ ਸਨ, ਉਨ੍ਹਾਂ ਦੇ ਭਰਾ ਲਾਜ਼ਰ ਨੂੰ ਪ੍ਰਭੂ ਯਿਸੂ ਨੇ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ ਸੀ, ਉਹ ਪ੍ਰਭੂ ਯਿਸੂ ਦੇ ਬਾਰੇ ਲੋਕਾਂ ਨੂੰ ਬਹੁਤ ਚੰਗੀ ਤਰ੍ਹਾਂ ਗਵਾਹੀ ਦੇ ਕੇ ਦੱਸ ਸਕਦੀਆਂ ਸਨ। ਨਾ ਤਾਂ ਪਰਮੇਸ਼ੁਰ ਨੇ

ਅਤੇ ਨਾ ਹੀ ਰਸੂਲਾਂ ਨੇ, ਉਨ੍ਹਾਂ ਨੂੰ ਗਵਾਹੀ ਦੇਣ ਲਈ ਕਿਹਾ।

ਕਿਉ? ਕਿਉਂਕਿ ਔਰਤ ਦਾ ਰੋਲ ਸਮਾਜ ਵਿਚ, ਘਰ ਵਿਚ ਅਤੇ ਪ੍ਰਭੂ ਯਿਸੂ ਮਸੀਹ ਦੀ ਕਲੀਸੀਆ ਵਿਚ ਆਦਮੀ ਵਾਲਾ ਨਹੀਂ ਹੈ। ਆਦਮੀਆਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਆਮ ਲੋਕਾਂ ਵਿਚ ਇੰਜੀਲ ਦੀ ਰਾਖੀ ਕਰਨ, ਬੇਖੌਫ਼ ਹੋ ਕੇ ਇਸ ਦਾ ਪ੍ਰਚਾਰ ਕਰਨ ਤਾਂ ਜੋ ਜਿਹੜੇ ਸੁਣਨ ਉਨ੍ਹਾਂ ਦੀ ਮਨ ਬਦਲੀ ਹੋਵੇ ਅਤੇ ਉਹ ਦੂਜਿਆਂ ਨੂੰ ਸਿਖਾ ਸਕਣ।

ਦੂਜੇ ਪਾਸੇ ਔਰਤਾਂ ਨੂੰ ਹਲੀਮੀ ਨਾਲ ਸਿੱਖਣ ਲਈ ਕਿਹਾ ਗਿਆ ਹੈ। ਲਿਖਿਆ ਹੈ, *''ਮੰਡਲੀਆਂ ਵਿਚ ਤੀਵੀਆਂ ਚੁੱਪ ਹੋ ਰਹਿਣ ਕਿਉਂ ਜੋ ਉਨ੍ਹਾਂ ਨੂੰ ਬੋਲਣ ਦੀ ਆਗਿਆ ਨਹੀਂ ਹੈ ਸਗੋਂ ਓਹ ਅਧੀਨ ਹੋ ਰਹਿਣ ਜਿਵੇਂ ਸ਼ਰਾ ਵੀ ਕਹਿੰਦੀ ਹੈ। ਅਤੇ ਜੇ ਕੁਝ ਸਿੱਖਣਾ ਚਾਹੁੰਦੀਆਂ ਹਨ ਤਾਂ ਘਰ ਵਿਚ ਆਪੋ ਆਪਣੇ ਪਤੀਆਂ ਕੋਲੋਂ ਪੁੱਛਣ ਕਿਉਂ ਜੋ ਤੀਵੀਂ ਦੇ ਲਈ ਮੰਡਲੀ ਵਿਚ ਬੋਲਣਾ ਲਾਜ ਦੀ ਗੱਲ ਹੈ''* (1 ਕੁਰਿੰਥੀਆਂ 14:34, 35)। 1 ਤਿਮੋਥਿਉਸ 2:8–14 ਵਿਚ ਲਿਖਿਆ ਹੈ, *''... ਮੈਂ ਇਹ ਚਾਹੁੰਦਾ ਹਾਂ ਭਈ ਪੁਰਖ ਸਭਨੀਂ ਥਾਈਂ ਕ੍ਰੋਧ ਅਤੇ ਵਿਵਾਦ ਤੋਂ ਬਿਨਾ ਪਵਿੱਤਰ ਹੱਥ ਅੱਡ ਕੇ ਪ੍ਰਾਰਥਨਾ ਕਰ। ਇਸੇ ਤਰ੍ਹਾਂ ਚਾਹੁੰਦਾ ਹਾਂ ਭਈ ਇਸਤਰੀਆਂ ਲਾਜ ਅਤੇ ਸੰਜਮ ਸਹਿਤ ਆਪਣੇ ਆਪ ਨੂੰ ਸੁਹਾਉਣੀ ਪੁਸ਼ਾਕੀ ਨਾਲ ਸੁਆਰਨ, ਨਾ ਗੁੰਦਿਆਂ ਹੋਇਆ ਵਾਲਾਂ ਅਤੇ ਸੋਨੇ ਯਾ ਮੋਤੀਆਂ ਯਾ ਭਾਰੇ ਮੁੱਲ ਦੇ ਬਸਤਰਾਂ ਨਾਲ, ਸਗੋਂ ਸ਼ੁਭ ਕਰਮਾਂ ਦੇ ਵਸੀਲੇ ਨਾਲ ਕਿਉਂ ਜੋ ਇਹ ਉਨ੍ਹਾਂ ਇਸਤਰੀਆਂ ਨੂੰ ਫੱਬਦਾ ਹੈ ਜਿਹੜੀਆਂ ਪਰਮੇਸ਼ੁਰ ਦੀ ਭਗਤੀ ਨੂੰ ਮੰਨਦੀਆਂ ਹਨ। ਇਸਤਰੀ ਨੂੰ ਚਾਹੀਦਾ ਹੈ ਭਈ ਚੁੱਪ ਚਾਪ ਹੋ ਕੇ ਪੂਰੀ ਅਧੀਨਗੀ ਨਾਲ ਸਿੱਖਿਆ ਲਵੇ। ਮੈਂ ਇਸਤਰੀ ਨੂੰ ਸਿੱਖਿਆ ਦੇਣ ਅਥਵਾ ਪੁਰਖ ਉੱਤੇ ਹੁਕਮ ਚਲਾਉਣ ਦੀ ਪਰਵਾਨਗੀ ਨਹੀਂ ਦਿੰਦਾ ਸਗੋਂ ਉਹ ਚੱਪ ਚਾਪ ਰਹੇ। ਕਿਉਂ ਜੋ ਆਦਮ ਪਹਿਲਾਂ ਰਚਿਆ ਗਿਆ ਸੀ ਫੇਰ ਹੱਵ੍ਵਾ। ਆਦਮ ਨੇ ਧੋਖਾ ਨਹੀਂ ਖਾਧਾ ਪਰ ਇਸਤਰੀ ਧੋਖਾ ਖਾ ਕੇ ਅਪਰਾਧ ਵਿਚ ਪੈ ਗਈ।''*

ਔਰਤਾਂ ਫੇਰ ਸ਼ੈਤਾਨ ਦੀ ਗੱਲ ਸੁਣ ਰਹੀਆਂ ਹਨ ਅਤੇ ਕਮਜ਼ੋਰ ਆਦਮੀ ਫੇਰ ਆਦਮ ਦੀ ਕਮਜ਼ੋਰੀ ਨੂੰ ਦੁਹਰਾਅ ਰਹੇ ਹਨ–ਕਿਉਕਿ ਔਰਤਾਂ ਬਹੁਤ ਜਗ੍ਹਾ ਤੇ ਪੁਲਪਿਟ ਤੋਂ ਪ੍ਰਚਾਰ ਕਰ ਰਹੀਆਂ ਹਨ। ਉਨ੍ਹਾਂ ਔਰਤਾਂ ਵੱਲ ਧਿਆਨ ਦਿਓ ਜੋ ਸੋਚਦੀਆਂ ਹਨ ਕਿ ਉਹ ਪ੍ਰਚਾਰਕ ਹੋ ਸਕਦੀਆਂ ਹਨ ਬਹੁਤ ਸਾਰੀਆਂ ਦੇ ਸੰਦੇਸ਼, ਕਪੜੇ ਅਤੇ ਦਾਅਵੇ ਇੰਤਹਾਪਸੰਦ ਹੁੰਦੇ ਹਨ। ਅਜਿਹੀਆਂ ਔਰਤਾਂ ਸਾਡੇ ਸਾਹਮਣੇ ਸਪੱਸ਼ਟ ਉਦਾਹਰਣ ਹਨ ਕਿ ਕੁਝ ਔਰਤਾਂ ਹੱਵ੍ਹਾ ਦੀ ਨਕਲ ਕਰਦੀਆਂ ਹਨ ਅਤੇ ਉਨ੍ਹਾਂ ਦੇ ਸਬੰਧ ਵਿਚ ਜੋ ਪਰਮੇਸ਼ੁਰ ਦਾ ਵਚਨ ਹੈ ਉਸ ਤੋਂ ਉਨ੍ਹਾਂ ਨੇ ਆਪਣੇ ਕੰਨ ਫੇਰ ਲਏ ਹਨ।

ਪਰ ਨਹੀਂ ਪਰਮੇਸ਼ੁਰ ਨੇ ਔਰਤਾਂ ਨੂੰ ਪ੍ਰਚਾਰ ਕਰਨ ਦਾ ਇਖ਼ਤਿਆਰ ਨਹੀਂ ਦਿੱਤਾ ਹੈ।

## ਚਰਚਾ ਲਈ ਸਵਾਲ

1. ਬਹੁਤ ਸਾਰੇ ਲੋਕਾਂ ਨੂੰ ਲਗਦਾ ਹੈ ਕਿ ਔਰਤਾਂ ਹੁਣ .................
2. ਧਾਰਮਿਕ ਜਮਾਤਾਂ ਵਿਚ ਅੱਜ ਔਰਤਾਂ ਨੂੰ ਜਿਨ੍ਹਾਂ ਅਹੁਦਿਆਂ ਤੇ ਕੰਮ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ ਉਨ੍ਹਾਂ ਦੀ ਚਰਚਾ ਕਰੋ। ਭਲਾ ਇਹ ਅਹੁਦੇ ਪਹਿਲੀ ਸਦੀ

ਦੀ ਕਲੀਸੀਆ ਵਿਚ ਹੁੰਦੇ ਸਨ?

3. ਸਾਨੂੰ ਬਾਈਬਲ ਕਿਵੇਂ ਮਿਲੀ?
4. ਯਿਸੂ ਨੇ ਆਖਿਆ, ''ਜਿਹੜਾ ਮੈਨੂੰ ਰੱਦ ਕਰਦਾ ਹੈ .............. ......... ..........................................'' (ਆਇਤ ਪੂਰੀ ਕਰੋ।)
5. ਜੇ ਕੋਈ ਫ਼ਰਿਸ਼ਤਾ ਆਣ ਕੇ ਸਾਨੂੰ ਉਹ ਗੱਲਾਂ ਦੱਸੇ ਜਿਹੜੀਆਂ ਬਾਈਬਲ ਵਿਚ ਦੱਸੀਆਂ ਗੱਲਾਂ ਦੇ ਉਲਟ ਹੋਣ ਤਾਂ ਭਲਾ ਸਾਨੂੰ ਉਸਦੀ ਸੁਣਨੀ ਚਾਹੀਦੀ ਹੈ? .. ............................... ਭਲਾ ਤੁਸੀਂ ਅਜਿਹਾ ਹੋਣ ਦੀ ਉਦਾਹਰਣ ਦੇ ਸਕਦੇ ਹੋ?
6. ਨਵੇਂ ਨੇਮ ਵਿਚ ਸਾਨੂੰ ਔਰਤਾਂ ਨੂੰ ਪ੍ਰਚਾਰ ਕਰਨ ਲਈ ਭੇਜੇ ਜਾਣ ਦੀ ਕੋਈ ਮਿਸਾਲ ਨਹੀਂ ਮਿਲਦੀ। ਸਹੀ ਜਾਂ ਗਲਤ: ..................
7. ................. ਵਿਚ, ....................... ਵਿਚ, ਅਤੇ .................. ਵਿਚ ਔਰਤ ਦੀ ਭੂਮਿਕਾ ਆਦਮੀ ਦੀ ਭੂਮਿਕਾ ਵਾਲੀ ਨਹੀਂ ਹੈ।
8. 1 ਤਿਮੋਥਿਉਸ 2:8–14 ਵਿਚ ਔਰਤਾਂ ਨੂੰ ਕਿਵੇਂ ਰਹਿਣ ਦੀ ਹਦਾਇਤ ਕੀਤੀ ਗਈ ਹੈ?
9. ਤਿਮੋਥਿਉਸ ਦੀ ਕਿਤਾਬ ਵਿਚ ਜਿੱਥੇ ''ਪੁਰਖਾਂ'' ਨੂੰ ਪ੍ਰਾਰਥਨਾ ਕਰਨ ਦੀ ਹਦਾਇਤ ਕੀਤੀ ਗਈ ਹੈ ਉੱਥੇ ਕਿਹੜਾ ਯੂਨਾਨੀ ਸ਼ਬਦ ਵਰਤਿਆ ਗਿਆ ਹੈ, ਮਨੁੱਖ ਜਾਤੀ ਦੇ ਅਰਥ ਵਾਲਾ ਜਾਂ ''ਨਰ/ਆਦਮੀ'' ਦੇ ਅਰਥ ਵਾਲਾ?
10. 1 ਤਿਮੋਥਿਉਸ ਵਿਚ ਔਰਤਾਂ ਨੂੰ ਸਿੱਖਿਆ ਦੇਣ ਜਾਂ ਆਦਮੀਆਂ ਤੇ ਹੁਕਮ ਚਲਾਉਣ ਦੀ ਇਜਾਜ਼ਤ ਨਾ ਦੇਣ ਦੇ ਦੋ ਕਾਰਣ ਕਿਹੜੇ–ਕਿਹੜੇ ਸਨ?



## ਪਾਠ 8

# ਭਲਾ ਔਰਤ ਸਿੱਖਿਆ ਦੇ ਸਕਦੀ ਹੈ?

ਜੇ ਸੁਆਲ ਇਸ ਤਰ੍ਹਾਂ ਹੈ ਕਿ ''ਭਲਾ ਔਰਤ, ਮਿਲੇ ਜੁਲੇ ਲੋਕਾਂ ਦੀ ਮੰਡਲੀ ਵਿਚ ਸਿੱਖਿਆ ਦੇ ਸਕਦੀ ਹੈ?'' ਤਾਂ ਜਵਾਬ ਹੋਵੇਗਾ, ''ਨਹੀਂ।'' 1 ਕੁਰਿੰਥੀਆਂ 14:34, 35 ਅਤੇ 1 ਤਿਮੋਥਿਉਸ 2:12–14 ਵਿਚ ਵਚਨ, ਔਰਤ ਨੂੰ ਕਲੀਸੀਆ ਦੀ ਮੰਡਲੀ ਵਿਚ ਹੁਕਮ ਕਰਨ ਤੋਂ ਰੋਕਦੀ ਹੈ। *''ਮੈਂ ਇਸਤਰੀ ਨੂੰ ਸਿੱਖਿਆ ਦੇਣ ਅਥਵਾ ਪੁਰਸ਼ ਉੱਤੇ ਹੁਕਮ ਚਲਾਉਣ ਦੀ ਪ੍ਰਵਾਨਗੀ ਨਹੀਂ ਦਿੰਦਾ, ਸਗੋਂ ਉਹ ਚੁਪਚਾਪ ਰਹੇ।''*

'ਸਿੱਖਿਆ ਦੇਣ' ਤੋਂ ਭਾਵ ਹੈ ਮੰਡਲੀ ਵਿਚ ਪ੍ਰਚਾਰਕ ਕਰਨਾ। ਅਸੀਂ ਸਾਰੇ ਹੀ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਜੀਵਨ ਵਿਚ ਹਰ ਰੋਜ਼ ਕੁਝ ਨਾ ਕੁਝ ਸਿੱਖਿਆ ਦਿੰਦੇ ਹਾਂ। ਅਸੀਂ ਆਪਣੇ ਚਾਲ ਚਲਣ ਅਤੇ ਦੂਜਿਆਂ ਨਾਲ ਆਪਣੇ ਸਬੰਧਾਂ ਰਾਹੀਂ ਵੀ ਸਿੱਖਿਆ ਦਿੰਦੇ ਹਾਂ। ਜਵਾਨ ਪ੍ਰਚਾਰਕ ਤੀਤੁਸ ਨੂੰ ਪੌਲੁਸ ਨੇ ਲਿਖਿਆ ਹੈ ਕਿ ਔਰਤਾਂ ਆਪਣੇ ਵਿਹਾਰ ਵਿਚ ਸਮਝਦਾਰ ਅਤੇ ਨੇਕ ਹੋਣ ਤਾਂ ਜੋ, *''ਪਰਮੇਸ਼ੁਰ ਦੇ ਵਚਨ ਦੀ ਬਦਨਾਮੀ ਨਾ ਹੋਵੇ''* (ਤੀਤੁਸ 2:5)। ਤਿਮੋਥਿਉਸ ਨੂੰ ਉਸ ਨੇ ਜਵਾਨ ਵਿਧਵਾਵਾਂ ਲਈ ਹਦਾਇਤਾਂ ਦਿੱਤੀਆਂ, ਕਿ ਉਨ੍ਹਾਂ ਦੇ ਚਾਲ ਚਲਣ ਅਜਿਹੇ ਹੋਣ ਜਿਸ ਨਾਲ, *''...ਵਿਰੋਧੀ ਨੂੰ ਨਿੰਦਿਆ ਕਰਨ ਦਾ ਮੌਕਾ ਨਾ ਦੇਣ''* (1 ਤਿਮੋਥਿਉਸ 5:14)। ਇਨ੍ਹਾਂ ਹਦਾਇਤਾਂ ਤੋਂ ਸਪੱਸ਼ਟ ਹੈ ਕਿ ਅਸੀਂ ਸਾਰੇ ਹੀ ਲੋਕਾਂ ਵਿਚ ਆਪਣੇ ਜੀਵਨ ਦੀ ਉਦਾਹਰਣ ਦੇ ਕੇ ਚੰਗੀ ਸਿੱਖਿਆ ਦਿੰਦੇ ਹਾਂ ਜਾਂ ਫਿਰ ਪਰਮੇਸ਼ੁਰ ਦੇ ਵਚਨ ਅਤੇ ਉਸ ਦੇ ਲੋਕਾਂ ਲਈ ਬਦਨਾਮੀ ਅਤੇ ਨਿੰਦਿਆ ਦਾ ਕਾਰਣ ਬਣਦੇ ਹਾਂ।

*ਵਿਚਾਰ ਕਰਨ ਵਾਲੀ ਗੱਲ*

*ਅਸੀਂ ਸੰਸਾਰ ਵਿਚ ਇਕੱਲੇ ਨਹੀਂ ਰਹਿੰਦੇ ਹਾਂ। ਜੋ ਕੁਝ ਵੀ ਅਸੀਂ ਕਰਦੇ ਹਾਂ ਉਸ ਨੂੰ ਦੂਜੇ ਲੋਕ ਵੇਖਦੇ ਹਨ ਅਤੇ ਉਨ੍ਹਾਂ ਉੱਤੇ ਇਸ ਦਾ ਕੁਝ ਨਾ ਕੁਝ ਅਸਰ ਹੁੰਦਾ ਹੈ। ਆਪਣੇ ਆਪ ਨੂੰ "ਮਸੀਹ ਵਰਗੇ" ਆਖ ਕੇ ਉਹਦੇ ਵਰਗੀ ਜ਼ਿੰਦਗੀ ਨਾ ਜੀ ਕੇ ਅਸੀਂ ਲੋਕਾਂ ਨੂੰ ਮਸੀਹੀਅਤ ਤੋਂ ਦੂਰ ਕਰ ਰਹੇ ਹੁੰਦੇ ਹਾਂ। ਰੋਮੀਆਂ 2:14 ਦੀ ਇਹ ਨਬੂਵਤ ਬਿਲਕੁਲ ਢੁਕਦੀ ਹੈ, "ਪਰਾਈਆਂ ਕੌਮਾਂ ਦੇ ਵਿਚ ਤੁਹਾਡੇ ਕਾਰਣ ਪਰਮੇਸ਼ੁਰ ਦੇ ਨਾਮ ਦੀ ਨਿੰਦਿਆ ਹੁੰਦੀ ਹੈ।"*

ਔਰਤਾਂ ਹਰ ਰੋਜ਼ ਆਪਣੇ ਘਰਾਂ ਵਿਚ ਵੀ ਸਿੱਖਿਆ ਦਿੰਦੀਆਂ ਹਨ। ਇਹ ਜਾਣਦਿਆਂ ਕਿ ਕੁਝ ਮਸੀਹੀ ਲੜਕੀਆਂ ਦੇ ਵਿਆਹ ਗੈਰ ਵਿਸ਼ਵਾਸੀ ਆਦਮੀ ਨਾਲ ਹੋਏ ਸਨ, ਪਤਰਸ ਨੇ ਇਹ ਹਦਾਇਤ ਕੀਤੀ, *''ਇਸੇ ਪਰਕਾਰ ਹੇ ਪਤਨੀਓ, ਆਪਣਿਆਂ ਪਤੀਆਂ ਦੇ ਅਧੀਨ ਹੋਵੋ ਭਈ ਜੇ ਕੋਈ ਵਚਨ ਨਾ ਵੀ ਮੰਨਦੇ ਹੋਣ ਤਾਂ ਓਹ ਵਚਨ ਤੋਂ ਬਿਨਾ ਆਪਣੀਆਂ ਪਤਨੀਆਂ ਦੀ ਚਾਲ ਢਾਲ ਦੇ ਕਾਰਣ ਖਿੱਚੇ ਜਾਣ''* (1 ਪਤਰਸ 3:1)। ਜਿੱਥੇ ਕਿਤੇ ਸਿਰਫ਼ ਪਤਨੀ ਹੀ ਮਸੀਹੀ ਹੈ, ਪਤੀ ਨਹੀਂ, ਤਾਂ ਪਤੀ ਦੀ ਮੁਕਤੀ ਦੀ ਇੱਕੋ ਇਕ ਆਸ ਸਿਰਫ਼ ਉਸ ਦੀ ਪਤਨੀ ਦੇ ਵਿਸ਼ਵਾਸੀ ਹੋਣ ਦੇ ਕਾਰਣ ਹੈ। ਜੇ ਪਤਨੀ ਆਪਣੇ ਮਸੀਹੀ ਜੀਵਨ ਸਬੰਧੀ ਦੁਵਿਧਾ ਵਿਚ ਹੈ, ਬੰਦਗੀ ਵਿਚ ਕਦੇ ਕਦਾਈਂ ਜਾਂਦੀ ਹੈ, ਅਤੇ ਆਪਣੀ ਰੂਹਾਨੀ ਤਰੱਕੀ ਲਈ ਜਾਂ ਦੂਜਿਆਂ ਨੂੰ ਸਿਖਾਉਣ ਸਬੰਧੀ ਫ਼ਿਕਰਮੰਦ ਨਹੀਂ ਹੈ, ਤਾਂ ਉਹ ਆਪਣੇ ਪਤੀ ਦੀ ਰੁਕਾਵਟ ਦਾ ਕਾਰਣ ਬਣ ਸਕਦੀ ਹੈ। ਉਸ ਦਾ ਆਪਣਾ ਆਚਰਣ ਵੀ ਇੰਜੀਲ ਦੀ ਸੱਚਾਈ ਤੋਂ ਉਸਦੇ ਪਤੀ ਨੂੰ ਦੂਰ ਕਰ ਸਕਦਾ ਹੈ। ਪਰ ਜੇ ਉਹ ਪ੍ਰੇਮ ਪੂਰਵਕ ਅਤੇ ਮਾਣ ਨਾਲ ਇਸ ਗੱਲ ਤੇ ਜ਼ੋਰ ਦਏ ਕਿ ਉਸ ਦੇ ਜੀਵਨ ਵਿਚ ਪਹਿਲ ਖ਼ੁਦਾ ਨੂੰ ਮਿਲਣੀ ਚਾਹੀਦੀ ਹੈ, ਤਾਂ ਉਸ ਦਾ ਪਤੀ ਅਤੇ ਪਰਿਵਾਰ ਦੇ ਦੂਜੇ ਲੋਕ ਉਸ ਦੇ ਨੇਕ ਆਚਰਣ ਤੋਂ ਸਿੱਖਿਆ ਲੈਣਗੇ।

*ਵਿਚਾਰ ਕਰਨ ਵਾਲੀ ਗੱਲ*

*ਇਕ ਬਜ਼ੁਰਗ ਜੋੜੇ ਦੀ ਕਹਾਣੀ ਹੈ। ਇਹ ਦੋਵੇਂ ਮਸੀਹੀ ਨਹੀਂ ਸਨ। ਪਤੀ ਰੋਅਬਦਾਰ ਜਦ ਕਿ ਪਤਨੀ ਹਲੀਮ ਅਤੇ ਸੀਲ ਸੁਭਾਅ ਦੀ ਸੀ। ਉਸ ਨੇ ਸਚਿਆਈ ਨੂੰ ਜਾਣ ਕੇ ਇੰਜੀਲ ਦਾ ਹੁਕਮ ਮੰਨਣਾ ਚਾਹਿਆ। ਪਤੀ ਉਸ ਉੱਤੇ ਭੜਕ ਗਿਆ ਕਿ ਜੇ ਉਹ ਨੇ ਬਪਤਿਸਮਾ ਲੈ ਲਿਆ ਤਾਂ ਉਹ ਉਸ ਨੂੰ ਤਲਾਕ ਦੇ ਦਵੇਗਾ। ਅਤੇ ਨਾਲ ਹੀ ਉਹ ਨੇ ਇਹ ਵੀ ਵਾਅਦਾ ਕੀਤਾ ਕਿ ਉਹ ਆਪ ਕਦੇ ਬਪਤਿਸਮਾ ਨਹੀਂ ਲਵੇਗਾ।*

*ਅਖ਼ੀਰ ਪਤਨੀ ਨੇ ਆਪਣੇ ਪਤੀ ਨਾਲੋਂ ਖ਼ੁਦਾ ਦੇ ਹੁਕਮ ਨੂੰ ਮੰਨਣ ਦੀ ਹਿੰਮਤ ਜੁਟਾ ਲਈ। ਪਹਿਲਾਂ ਪਹਿਲਾਂ ਬੜਾ ਹੋ ਹੱਲਾ ਹੋਣ ਅਤੇ ਰੌਲਾ-ਰੱਪਾ ਹੋਣ ਦੇ ਬਾਵਜੂਦ, ਸਾਲ ਦੇ ਅੰਦਰ ਅੰਦਰ ਪਤੀ ਦਾ ਸਖ਼ਤ ਦਿਲ ਮੁਲਾਇਮ ਹੋ ਗਿਆ ਅਤੇ ਉਹ ਵੀ ਮਸੀਹੀ ਬਣ ਗਿਆ! ਸਚਮੁਚ, ਉਸ ਨੂੰ ਇੱਕੋ ਇਕ ਆਸ ਆਪਣੀ ਪਤਨੀ ਵਿਚ ਸੀ। ਜੇ ਉਹ ਹਿੰਮਤ ਜੁਟਾ ਕੇ ਆਪਣੇ ਵਿਸ਼ਵਾਸ ਦੀ ਗੱਲ ਨਾ ਮੰਨਦੀ ਤਾਂ ਉੱਥੇ ਪਤੀ ਨੂੰ ਹੁਕਮ ਮੰਨਣ ਵਾਲਾ ਨਰਮ ਦਿਲ ਨਹੀਂ ਮਿਲਣਾ ਸੀ।*

ਘਰਾਂ ਵਿਚ ਜੋ ਸਿੱਖਿਆ ਬੱਚੇ ਲੈਂਦੇ ਹਨ, ਉਸ ਵਿਚ ਵਧੇਰੇ ਸਿੱਖਿਆ ਔਰਤਾਂ ਵੱਲੋਂ ਹੀ ਮਿਲਦੀ ਹੈ, ਅਸੀਂ ਜਵਾਨ ਪ੍ਰਚਾਰਕ, ਤਿਮੋਥਿਉਸ ਦੇ ਬਾਰੇ ਪੜ੍ਹਦੇ ਹਾਂ, *''... ਨਿਹਚਾ ... ਜਿਹੜੀ ਪਹਿਲਾਂ ਤੇਰੀ ਨਾਨੀ ਲੋਇਸ ਅਤੇ ਤੇਰੀ ਮਾਤਾ ਯੂਨੀਕਾ ਵਿਚ ਸੀ, ਅਤੇ ਮੈਨੂੰ ਪ੍ਰਤੀਤ ਹੈ ਕਿ ਉਹ ਤੇਰੇ ਵਿਚ ਵੀ ਹੈ''* (2 ਤਿਮੋਥਿਉਸ 1:5)। ਤਿਮੋਥਿਉਸ ਦਾ ਪਿਤਾ ਗੈਰ-ਯਹੂਦੀ ਸੀ। ਉਸ ਵਿਚ ਪੁਰਾਣੇ ਨੇਮ ਦੀਆਂ ਲਿਖਤਾਂ ਦਾ ਵਿਸ਼ਵਾਸ ਨਹੀਂ ਸੀ, ਕਿਉਂਕਿ ਮਸੀਹ ਉੱਤੇ ਵਿਸ਼ਵਾਸ ਕਰਨ ਲਈ ਪੁਰਾਣੇ ਨੇਮ ਦੀਆਂ ਲਿਖਤਾਂ ਉੱਤੇ ਵਿਸ਼ਵਾਸ ਇਕ ਮੀਲ ਪੱਥਰ ਹੈ। ਤਿਮੋਥਿਉਸ ਦੀ ਮਾਤਾ ਅਤੇ ਨਾਨੀ ਨੇ ਉਸ ਨੂੰ ਪਰਮੇਸ਼ੁਰ ਦੇ ਵਚਨ ਦੀ ਸੱਚਾਈ ਬਚਪਨ ਵਿਚ ਹੀ ਦਿੱਤੀ ਸੀ।

ਪਰਮੇਸ਼ੁਰ ਦੇ ਵਚਨ ਵਿਚ ਔਰਤਾਂ ਦੀਆਂ ਇਹ ਉਦਾਹਰਣਾਂ ਸਾਨੂੰ ਦੱਸਦੀਆਂ ਹਨ ਕਿ ਉਹ ਹਰ ਸਮੇਂ, ਆਪਣੇ ਚਾਲ ਚਲਣ ਸਹੀ ਰੱਖਣ ਅਤੇ ਘਰ ਵਿਚ ਸਿੱਖਿਆ ਦੇਣ ਲਈ ਆਜ਼ਾਦ ਹਨ। ਪਰ ਕੀ ਔਰਤ ਉਨ੍ਹਾਂ ਨੂੰ ਵੀ ਸਿੱਖਿਆ ਦੇ ਸਕਦੀ ਹੈ, ਜੋ ਉਸ ਦੇ ਪਰਿਵਾਰ ਦੇ ਲੋਕ ਨਹੀਂ ਹਨ?

ਰਸੂਲਾਂ ਦੇ ਕਰਤੱਬ 18:2, 25, 26 ਵਿਚ ਅਸੀਂ ਇਕ ਆਦਮੀ ਅਤੇ ਉਸ ਦੀ ਪਤਨੀ ਦੇ ਬਾਰੇ ਪੜ੍ਹਦੇ ਹਾਂ, ਜਿਨ੍ਹਾਂ ਦਾ ਨਾਂਅ ਅਕੂਲਾ ਅਤੇ ਪ੍ਰਿਸਕਿੱਲਾ ਸੀ। ਉਹ ਯਹੂਦੀ ਪਿਛੋਕੜ ਦੇ ਸਨ ਅਤੇ ਤੰਬੂ ਬਣਾਉਣ ਦਾ ਕੰਮ ਕਰਦੇ ਸਨ ਅਤੇ ਕੁਰਿੰਥੁਸ ਵਿਚ ਰਹਿੰਦੇ ਸਨ। ਜਦ ਪੌਲੁਸ ਕੁਰਿੰਥੁਸ ਵਿਚ ਸੀ ਤਾਂ ਉਹ ਉਨ੍ਹਾਂ ਕੋਲ ਹੀ ਠਹਿਰਿਆ ਸੀ। ਪ੍ਰਿਸਕਿੱਲਾ ਅਤੇ ਅਕੂਲਾ ਪਹਿਲਾਂ ਹੀ ਮਸੀਹੀ ਬਣ ਗਏ ਸਨ ਜਾਂ ਉਨ੍ਹਾਂ ਨੂੰ ਪੌਲੁਸ ਨੇ ਮਸੀਹ ਵਿਚ ਲਿਆਂਦਾ, ਇਸ ਬਾਰੇ ਲਿਖਤ ਖ਼ਾਮੋਸ਼ ਹੈ। ਪਰ ਜਦ ਪੌਲੁਸ ਕੁਰਿੰਥੁਸ ਨੂੰ ਛੱਡ ਕੇ ਗਿਆ ਤਾਂ ਇਹ ਜੋੜਾ ਉਸ ਦੇ ਨਾਲ ਅਫ਼ਸੁਸ ਤਕ ਗਿਆ। ਉੱਥੇ ਉਨ੍ਹਾਂ ਨੂੰ ਅਪੁੱਲੋਸ ਨਾਂਅ ਦਾ ਇਕ ਯਹੂਦੀ ਮਿਲਿਆ, ''ਜੋ ਸੁਆਰਾ ਬੋਲਣ ਵਾਲਾ ਅਤੇ ਲਿਖਤਾਂ ਵਿਚ ਵੱਡਾ ਸੁਚੇਤ ਸੀ'' (ਆਇਤ 24)। *''ਜਦ ਪ੍ਰਿਸਕਿੱਲਾ ਅਤੇ ਅਕੂਲਾ ਨੇ ਉਹਦੀ ਸੁਣੀ ਤਾਂ ਉਸ ਨੂੰ ਆਪਣੇ ਨਾਲ ਰਲਾ ਕੇ ਉਸ ਨੂੰ ਪਰਮੇਸ਼ੁਰ ਦਾ ਰਾਹ ਹੋਰ ਵੀ ਠੀਕ ਤਰ੍ਹਾਂ ਨਾਲ ਦੱਸਿਆ''* (ਆਇਤ 26)। ਲਿਖਤ ਤੋਂ ਪਤਾ ਲਗਦਾ ਹੈ ਕਿ ਅਪੁੱਲੋਸ ਨੂੰ ਸਿਖਾਉਣ ਵਿਚ ਅਕੂਲਾ ਦੀ ਪਤਨੀ ਨੇ ਵੀ ਯੋਗਦਾਨ ਪਾਇਆ ਸੀ। ਯਕੀਨਨ ਹੀ ਇਹ ਜੋ ਸਿੱਖਿਆ ਦਿੱਤੀ ਗਈ, ਮੰਡਲੀ ਵਿਚ ਜਾਂ ਕਿਸੇ ਯਹੂਦੀ ਸਿਨਾਗੋਗ ਵਿਚ ਨਹੀਂ ਸੀ। ਸਗੋਂ ਉਹ ਉਸ ਨੂੰ ਆਪਣੇ ਨਾਲ ਲੈ ਗਏ ਅਤੇ ਘਰ ਵਿਚ ਉਸ ਨੂੰ ਇਕੱਲੇ ਨੂੰ ਸਿਖਾਇਆ। ਕਈ ਜਗ੍ਹਾ ਤੇ ਇਸ ਗੱਲ ਦਾ ਜ਼ਿਕਰ ਹੈ ਕਿ ਔਰਤਾਂ ਪਰਮੇਸ਼ੁਰ ਦੇ ਵਚਨ ਦੀ ਸਿੱਖਿਆ ਦੇਣ ਵਿਚ ਆਪਣਾ ਯੋਗਦਾਨ ਦੇ ਸਕਦੀਆਂ ਹਨ। ਇਸ ਹਾਲਾਤ ਵਿਚ ਉਸ ਦਾ ਵਿਹਾਰ ਅਤੇ ਆਚਰਣ ਬਿਲਕੁਲ ਇਕ ਮਸੀਹੀ ਵਾਲਾ ਭਾਵ ਪ੍ਰੇਮ-ਪੂਰਵਕ ਅਤੇ ਹਲੀਮੀ ਭਰਿਆ ਹੋਣਾ ਜ਼ਰੂਰੀ ਹੈ। ਇਹ ਨਾ ਹੋਵੇ ਕਿ ਉਹ ਸੋਚੇ ਕਿ ਉਹ 'ਸਭ ਕੁਝ ਜਾਣਦੀ' ਹੈ ਅਤੇ ਨਾ ਹੀ ਉਸ ਦਾ ਸੁਭਾਅ ਗੁੱਸੇ ਵਾਲਾ ਹੋਵੇ।

ਅੱਜ ਦੇ ਇਸ ਯੁੱਗ ਵਿਚ ਜਦ ਬਹੁਤ ਸਾਰੀਆਂ ਕਿਤਾਬਾਂ ਛਪੀਆਂ ਮਿਲ ਜਾਂਦੀਆਂ

ਹਨ, ਤਾਂ ਕਈ ਵਾਰ ਇਕ ਸੁਆਲ ਪੁੱਛਿਆ ਜਾਂਦਾ ਹੈ, ''ਭਲਾ ਕਿਸੇ ਔਰਤ ਦੀ ਲਿਖੀ ਕਿਤਾਬ ਜਾਂ ਲੇਖ ਪੜ੍ਹਨਾ ਆਦਮੀ ਲਈ ਗ਼ਲਤ ਹੈ?'' ਇਹ ਵੀ ਘਰ ਵਿਚ ਇਕ ਨਿੱਜੀ ਸਟੱਡੀ (ਅਧਿਐਨ) ਵਾਂਗ ਹੀ ਹੈ, ਫ਼ਰਕ ਸਿਰਫ਼ ਐਨਾ ਹੈ ਕਿ ਇਸ ਵਿਚਲੇ ਸ਼ਬਦ ਮੂੰਹ ਰਾਹੀਂ ਬੋਲਣ ਦੀ ਬਜਾਇ ਛਪੇ ਹੁੰਦੇ ਹਨ। ਇਸ ਵਿਚ ਮੰਡਲੀ ਵਿਚ ਪ੍ਰਚਾਰ ਕਰਨ ਵਾਲੀ ਗੱਲ ਨਹੀਂ ਹੈ; ਆਦਮੀ ਲਈ ਇਹ ਆਜ਼ਾਦੀ ਹੈ ਕਿ ਉਹ ਇਨ੍ਹਾਂ ਗੱਲਾਂ ਨੂੰ ਆਪਣੀ ਪਸੰਦ ਅਨੁਸਾਰ ਪੜ੍ਹੇ ਜਾਂ ਫਿਰ ਛੱਡ ਦੇਵੇ, ਫਿਰ ਜਿਸ ਔਰਤ ਦਾ ਲੇਖ ਉਹ ਪੜ੍ਹ ਰਿਹਾ ਹੈ, ਉਸ ਵੱਲੋਂ ਉਸ ਉੱਤੇ ਕੋਈ ਦਬਾਅ ਵੀ ਨਹੀਂ ਹੁੰਦਾ।

ਕੀ ਔਰਤਾਂ ਕਿਸੇ ਸਮੇਂ ਮੰਡਲੀ ਵਿਚ ਸਿੱਖਿਆ ਦੇ ਸਕਦੀਆਂ ਹਨ? ਬਜ਼ੁਰਗ ਔਰਤਾਂ ਲਈ ਪੌਲੁਸ ਨੇ ਤੀਤੁਸ ਨੂੰ ਦੱਸਿਆ ਕਿ ਉਹ, *''ਮੁਟਿਆਰਾਂ ਨੂੰ ਅਜਿਹੀ ਮੱਤ ਦੇਣ ਕਿ ਉਹ ਆਪਣੇ ਪਤੀਆਂ ਨਾਲ ਪ੍ਰੇਮ ਰੱਖਣ ਅਤੇ ਬਾਲ ਬੱਚਿਆਂ ਨਾਲ ਪਿਆਰ ਕਰਨ। ਸੁਰਤ ਵਾਲੀਆਂ, ਸਤਵੰਤੀਆਂ, ਸੁਘੜ ਬੀਬੀਆਂ, ਨੇਕ ਅਤੇ ਆਪਣੇ ਪਤੀਆਂ ਦੇ ਅਧੀਨ ਹੋਣ . . .''* (ਤੀਤੁਸ 2:3–5)। ਸੋ, ਇਸ ਗੱਲ ਦੀ ਸਿਰਫ਼ ਇਜਾਜ਼ਤ ਹੀ ਨਹੀਂ, ਬਲਕਿ ਹੁਕਮ ਹੈ ਕਿ ਔਰਤਾਂ ਦੂਜੀਆਂ ਔਰਤਾਂ ਨੂੰ ਅਤੇ ਬੱਚਿਆਂ ਨੂੰ ਸਿੱਖਿਆ ਦੇਣ। ਇਹ ਸਿੱਖਿਆ ਨਿੱਜੀ ਤੌਰ ਤੇ ਘਰਾਂ ਵਿਚ, ਆਮ ਮੰਡਲੀ ਵਿਚ, ਛੋਟੀਆਂ ਕਲਾਸਾਂ ਵਿਚ, ਵੱਡੀਆਂ ਕਲਾਸਾਂ ਵਿਚ, ਸੈਮੀਨਾਰਾਂ ਵਿਚ ਅਤੇ 'ਵਰਕਸ਼ਾਪਾਂ' ਵਿਚ ਕਿਸੇ ਵੀ ਸਥਿਤੀ ਵਿਚ ਹੋ ਸਕਦੀ ਹੈ, ਜਿੱਥੇ ਆਦਮੀ ਨਾ ਹੋਣ। ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਛੋਟੀਆਂ ਮੰਡਲੀਆਂ ਹੋਣ ਜਿਸ ਵਿਚ ਸਿਰਫ਼ ਔਰਤਾਂ ਹੀ ਹੋਣ। ਅਜਿਹੇ ਸਮੇਂ ਵਿਚ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ? ਕੀ ਉਨ੍ਹਾਂ ਨੂੰ ਬੰਦਗੀ ਨਹੀਂ ਕਰਨੀ ਚਾਹੀਦੀ, ਕਿਉਂਕਿ ਉੱਥੇ ਉਨ੍ਹਾਂ ਦੀ ਅਗਵਾਈ ਲਈ ਕੋਈ ਆਦਮੀ ਨਹੀਂ ਹੈ? ਨਹੀਂ, ਜੇ ਮੰਡਲੀ ਦੇ ਸਾਰੇ ਮੈਂਬਰ ਔਰਤਾਂ ਹੀ ਹੋਣ, ਤਾਂ ਇਸ ਵਿਚ ਔਰਤਾਂ ਦੀ ਹੀ ਜ਼ਿੰਮੇਵਾਰੀ ਹੈ ਕਿ ਜਦ ਤਕ ਉਨ੍ਹਾਂ ਵਿਚ ਕੋਈ ਆਦਮੀ ਨਹੀਂ ਆ ਜਾਂਦਾ, ਤਦ ਤਕ ਉਹੀ ਬੰਦਗੀ ਕਰਵਾਉਣ।

ਸੋ, ''ਕੀ ਔਰਤ ਸਿੱਖਿਆ ਦੇ ਸਕਦੀ ਹੈ?'' ਇਹ ਸਵਾਲ ਨਹੀਂ ਹੈ। ਸਗੋਂ ਸਵਾਲ ਅਗਵਾਈ ਕਰਨ ਦਾ ਹੈ। ਜਦ ਮੰਡਲੀ ਵਿਚ ਆਦਮੀ ਹੋਣ ਤਾਂ ਔਰਤ ਸਿੱਖਿਆ ਨਹੀਂ ਦੇ ਸਕਦੀ। ਜਿਸ ਮੰਡਲੀ ਵਿਚ ਮਸੀਹੀ ਆਦਮੀ ਮੌਜੂਦ ਹਨ, ਉੱਥੇ ਆਦਮੀਆਂ ਲਈ ਬੰਦਗੀ ਦੀ ਸਾਰੀ ਕਾਰਵਾਹੀ (ਜਿਸ ਵਿਚ ਸਿੱਖਿਆ ਦੇਣਾ ਵੀ ਸ਼ਾਮਿਲ ਹੈ) ਵਿਚ ਆਦਮੀ ਨੂੰ ਅਗਵਾਈ ਕਰਨੀ ਚਾਹੀਦੀ ਹੈ। ਇਹ ਜ਼ਿੰਮੇਵਾਰੀ ਉਨ੍ਹਾਂ ਨੂੰ ਖ਼ੁਦਾ ਵੱਲੋਂ ਮਿਲੀ ਹੈ। ਜੇ ਉਹ ਆਪਣੇ ਇਸ ਕੰਮ ਨੂੰ ਔਰਤਾਂ ਨੂੰ ਕਰਨ ਲਈ ਦੇ ਦਿੰਦੇ ਹਨ ਤਾਂ ਉਹ ਪਰਮੇਸ਼ੁਰ ਦੇ ਹੁਕਮ ਨੂੰ ਤੋੜਦੇ ਹਨ। ਔਰਤ ਚਾਹੇ ਕਿੰਨੀ ਵੀ 'ਗੁਣੀ' ਕਿਉਂ ਨਾ ਹੋਵੇ।

ਬੱਚਿਆਂ ਨੂੰ, ਔਰਤਾਂ ਨੂੰ ਅਤੇ ਗੈਰ ਵਿਸ਼ਵਾਸੀਆਂ ਨੂੰ ਸਿੱਖਿਆ ਦੇਣ ਦਾ ਕੰਮ ਬਹੁਤ ਮਹੱਤਵਪੂਰਣ ਹੈ ਅਤੇ ਇਸ ਵਿਚ ਕਾਫ਼ੀ ਸਮਾਂ ਖ਼ਰਚ ਹੁੰਦਾ ਹੈ। ਜੇ ਔਰਤਾਂ ਆਪਣੇ ਇਸ ਕੰਮ ਨੂੰ ਚੰਗੀ ਤਰ੍ਹਾਂ ਨਾਲ ਕਰਨ, ਤਾਂ ਬਹੁਤ ਸਾਰੇ ਲੋਕ ਪਰਮੇਸ਼ੁਰ ਨਾਲ ਸਦਾ ਲਈ ਰਹਿ ਸਕਦੇ ਹਨ, ਨਹੀਂ ਤਾਂ ਉਨ੍ਹਾਂ ਦਾ ਨਾਸ ਹੋ ਜਾਵੇਗਾ। ਇਸ ਬਹਿਸ ਨੂੰ ਪਾਸੇ ਕਰ ਕੇ ਕਿ ਔਰਤਾਂ ਕੀ ਨਹੀਂ ਕਰ ਸਕਦੀਆਂ, ਸਾਨੂੰ ਇਸ ਵੱਲ ਧਿਆਨ ਕਰਨਾ ਚਾਹੀਦਾ ਹੈ ਕਿ

ਔਰਤਾਂ ਕੀ ਕਰ ਸਕਦੀਆਂ ਹਨ।

## ਚਰਚਾ ਲਈ ਸਵਾਲ

1. ਭਲਾ ਔਰਤ, ਮਰਦਾਂ ਅਤੇ ਔਰਤਾਂ ਦੀ ਮਿਲੀ ਜੁਲੀ ਸਭਾ ਵਿਚ ਸਿੱਖਿਆ ਦੇ ਸਕਦੀ ਹੈ?
2. ਅਸੀਂ ਆਪਣੇ .................... ਅਤੇ ...................... ਨਾਲ ਸਿੱਖਿਆ ਦਿੰਦੇ ਹਾਂ?
3. ਮਸੀਹੀ ਔਰਤ ਲਈ ਬੇਪਰਤੀਤੇ ਪਤੀ ਨੂੰ ਸਿਖਾਉਣਾ ਕਿਵੇਂ ਸੰਭਵ ਹੈ?
4. ਭਲਾ ਕਮਜ਼ੋਰ ਅਤੇ ਦੁਚਿੱਤੇ ਮਨੋਂ ਬਣੇ ''ਮਸੀਹੀ'' ਪਤੀ ਪਤਨੀ ਆਮ ਤੌਰ ਤੇ ਅਜਿਹਾ ਨਮੂਨਾ ਠਹਿਰਾਉਂਦਿਆਂ ਕਿ ਉਨ੍ਹਾਂ ਨਾਲ ਕੋਈ ਗੱਲ ਨਾ ਕਰ ਸਕੇ, ਆਪਣੇ ਪਰਿਵਾਰਾਂ ਦੀ ਮੁਕਤੀ ਦੇ ਰਾਹ ਬੰਦ ਕਰਦੇ ਹਨ?
5. ਔਰਤਾਂ ਵੀ .............................................ਲਈ ਨਿਹਚਾ ਨੂੰ ਸਿਖਾਉਣ ਵਾਲੀਆਂ ਹੁੰਦੀਆਂ ਹਨ।
6. ਭਲਾ ਔਰਤ ਉਨ੍ਹਾਂ ਨੂੰ ਜਿਹੜੇ ਉਹ ਦੇ ਘਰ ਦੇ ਲੋਕ ਨਾ ਹੋਣ, ਇਕੱਲੇ ਹੋਣ ਤੇ ਸਿੱਖਿਆ ਦੇ ਸਕਦੀ ਹੈ? ਉਦਾਹਰਣ ਦਿਓ।
7. ਔਰਤ ਨੂੰ ਮੰਡਲੀ ਵਿਚ ਸਿੱਖਿਆ ਦੇਣ ਦੀ ਇਜਾਜ਼ਤ ਕਿਸ ਹਾਲਤ ਵਿਚ ਹੈ?
8. ਕਈ ਤਰੀਕਿਆਂ ਦੀ ਚਰਚਾ ਕਰਨ ਦੇ ਬਾਅਦ ਜਿਨ੍ਹਾਂ ਨਾਲ ਔਰਤ ਸਿੱਖਿਆ ਦੇ ਸਕਦੀ ਹੈ, ਸਾਨੂੰ ਸਮਝ ਆਉਂਦਾ ਹੈ ਕਿ ਅਸਲ ਸਵਾਲ .................... ................................ਦਾ ਹੈ।
9. ਮਿਲੀ ਜੁਲੀ ਮੰਡਲੀ ਵਿਚ ਜਿੱਥੇ ........................................ ...............ਹੋਣ, .............................................. ... ਲਈ ......................................... ਵਿਚ ਕੰਮ ਕਰਨਾ ਜ਼ਰੂਰੀ ਹੈ।
10. ਜੇ ਮੰਡਲੀ ਵਿਚ ਕੋਈ ਔਰਤ ਵੱਧ ਗੁਣੀ ਹੈ, ਬਹੁਤ ਪੜ੍ਹੀ ਲਿਖੀ ਹੈ ਅਤੇ ਕਿਸੇ ਵੀ ਆਦਮੀ ਨਾਲੋਂ ਬੇਹਤਰ ਢੰਗ ਨਾਲ ਬੋਲ ਸਕਦੀ ਹੈ ਤਾਂ ਭਲਾ ਉਸ ਨੂੰ ਪ੍ਰਚਾਰ ਕਰਨ ਜਾਂ ਸਿੱਖਿਆ ਦੇਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ? ਜੇ ਹਾਂ ਤਾਂ ਕਿਉਂ, ਅਤੇ ਜੇ ਨਹੀਂ ਤਾਂ ਕਿਉਂ ਨਹੀਂ?
11. ਭਲਾ ਖ਼ੁਦਾ ਨੇ ਔਰਤਾਂ ਨੂੰ ਲਾਜ਼ਮੀ ਅਤੇ ਅਹਿਮ ਕੰਮ ਦਿੱਤਾ? ਸਾਡਾ ਧਿਆਨ ਕਿਸ ਤੇ ਹੋਣਾ ਚਾਹੀਦਾ ਹੈ?



## ਪਾਠ ੭

# ਜੇ ਕੋਈ ਆਦਮੀ ਹੀ ਔਰਤਾਂ ਨੂੰ ਮੰਡਲੀ ਵਿਚ ਬੋਲਣ ਲਈ ਕਹੇ?

'ਵਿਮੈਨਜ਼ ਲਿਬਰੇਸ਼ਨ' ਵਰਗੀਆਂ ਮੂਵਮੈਂਟਾਂ ਦੇ ਪ੍ਰਭਾਵ ਦੇ ਇਸ ਯੁੱਗ ਵਿਚ ਹਰ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ ਜਿਸ ਵਿਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਔਰਤਾਂ ਨੂੰ ਮੰਡਲੀਆਂ ਵਿਚ ਅਗਵਾਈ ਕਰਨ ਦਾ ਹੱਕ ਹੋਣਾ ਚਾਹੀਦਾ ਹੈ।

ਇਹ ਮੰਨਦਿਆਂ ਕਿ ਵਚਨ ਕਹਿੰਦਾ ਹੈ ਕਿ ''*ਮੈਂ ਇਸਤਰੀ ਨੂੰ ਸਿੱਖਿਆ ਦੇਣ ਅਥਵਾ ਪੁਰਖ ਉੱਤੇ ਹੁਕਮ ਚਲਾਉਣ ਦੀ ਪ੍ਰਵਾਨਗੀ ਨਹੀਂ ਦਿੰਦਾ . . .*'' (1 ਤਿਮੋਥਿਉਸ 2: 12), ਇਹ ਸੁਆਲ ਕੀਤਾ ਜਾਂਦਾ ਹੈ ਕਿ ''ਮੰਡਲੀ ਦੇ ਐਲਡਰ ਜਾਂ ਆਦਮੀ ਨੂੰ ਔਰਤ ਉੱਤੇ ਇਖ਼ਤਿਆਰ ਹੁੰਦਾ ਹੈ। ਜੇ ਕੋਈ ਐਲਡਰ ਹੀ ਕਿਸੇ ਔਰਤ ਨੂੰ ਬੁਲਾ ਕੇ ਦੁਆ ਵਿਚ ਅਗਵਾਈ ਕਰਨ ਜਾਂ ਮੰਡਲੀ ਵਿਚ ਪ੍ਰਚਾਰ ਕਰਨ ਲਈ ਕਹੇ ਤਾਂ ਕੀ ਇਸ ਦੀ ਇਜਾਜ਼ਤ ਹੈ? ਕਿਉਂਕਿ ਉਹ ਔਰਤ ਤਾਂ ਆਪਣੇ ਐਲਡਰ ਦੇ ਹੁਕਮ ਦਾ ਹੀ ਪਾਲਣ ਕਰ ਰਹੀ ਹੈ।''

***ਵਿਚਾਰ ਕਰਨ ਵਾਲੀ ਗੱਲ***

*ਜੇ ਪੌਲੁਸ ਅੱਜ ਹੁੰਦਾ ਅਤੇ ਉਹ ਇਹ ਆਖਦਾ ਕਿ "ਮੈਂ [ਪਵਿੱਤਰ ਆਤਮਾ ਦੇ ਇਖ਼ਤਿਆਰ ਨਾਲ] ਇਸਤਰੀ ਨੂੰ ਸਿੱਖਿਆ ਦੇਣ ... ਦੀ ਪ੍ਰਵਾਨਗੀ ਨਹੀਂ ਦਿੰਦਾ'' ਤਾਂ ਜਾ ਕੇ ਉਹਦੇ ਮੂੰਹ ਤੇ ਇਹ ਕਹਿਣ ਵਾਲਿਆਂ ਨੂੰ ਕਿ "ਪਰ ਮੈਂ ਆਖਦਾ ਹਾਂ ਕਿ ਤਾਂ ਕੀ ਹੋਇਆ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ'' ਕਿਹੋ ਜਿਹਾ ਲਗਦਾ ਹੈ! ਢੀਠਪੁਣੇ ਨਾਲ ਅਜਿਹੇ ਐਲਾਨ ਕਰਨ ਵਾਲੇ ਨਾਚੀਜ਼ ਇਨਸਾਨ ਹੁੰਦੇ ਕੌਣ ਹਨ?*

ਦੇਖਣ ਵਿਚ ਲਗਦਾ ਹੈ ਜਿਵੇਂ ਇਹ ਹੁਕਮ ਹੀ ਹੋਵੇ। ਕਿਉਂਕਿ ਜਦ ਖ਼ੁਦ ਹੀ ਕਿਸੇ

ਆਦਮੀ ਨੇ ਔਰਤ ਨੂੰ ਦੁਆ ਕਰਨ ਜਾਂ ਪ੍ਰਚਾਰ ਕਰਨ ਲਈ ਕਿਹਾ ਹੈ ਤਾਂ ਇਸ ਵਿਚ ਔਰਤ ਦਾ ਆਦਮੀ ਉੱਤੇ ਇਖ਼ਤਿਆਰ ਕਿਵੇਂ ਕਿਹਾ ਜਾ ਸਕਦਾ ਹੈ? ਪਰ ਸਾਨੂੰ ਇਹ ਬਹੁਤ ਜ਼ਰੂਰੀ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਇਸਤਰੀ ਦਾ ਸਿਰ ਪੁਰਖ ਹੈ ਪਰ ਪੁਰਖ ਦਾ ਸਿਰ ਮਸੀਹ ਹੈ (1 ਕੁਰਿੰਥੀਆਂ 11:3)। ਪਵਿੱਤਰ ਬਾਈਬਲ ਦੀ ਲਿਖਤ ਮਨੁੱਖਾਂ ਦੇ ਵਿਚਾਰਾਂ ਨਾਲ ਨਹੀਂ, ਸਗੋਂ ਪਵਿੱਤਰ ਆਤਮਾ ਦੇ ਇਖ਼ਤਿਆਰ ਨਾਲ ਲਿਖੀ ਗਈ ਹੈ। ਜਦ ਉਨ੍ਹਾਂ ਨੇ ਲਿਖਿਆ ਕਿ ਪੁਰਖ ਕਲੀਸੀਆ ਦੀਆਂ ਮੰਡਲੀਆਂ ਵਿਚ ਅਗਵਾਈ ਕਰਨ, ਤਾਂ ਉਹ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਉਹੀ ਕੁਝ ਲਿਖ ਰਹੇ ਸਨ, ਜਿਸ ਦੀ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਹਦਾਇਤ ਦਿੱਤੀ ਸੀ। ਇਹ ਸ਼ਬਦ ਉਨ੍ਹਾਂ ਲਿਖਣ ਵਾਲਿਆਂ ਦੇ ਨਹੀਂ ਸਨ।

ਕਲੀਸੀਆ ਵਿਚ ਅੱਜ ਜੇ ਕੋਈ ਐਲਡਰ ਜਾਂ ਆਦਮੀ, ਮਰਦਾਂ ਅਤੇ ਔਰਤਾਂ ਦੀ ਮਿਲੀ ਜੁਲੀ ਮੰਡਲੀ ਵਿਚ ਔਰਤ ਨੂੰ ਦੁਆ ਕਰਨ ਲਈ ਜਾਂ ਪ੍ਰਚਾਰ ਕਰਨ ਲਈ ਕਹਿੰਦਾ ਹੈ ਤਾਂ ਉਹ ਉਸ ਔਰਤ ਨੂੰ ਪਵਿੱਤਰ ਲਿਖਤ ਦੀਆਂ ਸਪੱਸ਼ਟ ਹਦਾਇਤਾਂ ਦਾ ਉਲੰਘਣ ਕਰਨ ਲਈ ਕਹਿ ਰਿਹਾ ਹੁੰਦਾ ਹੈ। ਬੇਸ਼ੱਕ ਆਦਮੀ ਹੋਣ ਕਰਕੇ ਉਹ ਔਰਤ ਨੂੰ ਅਗਵਾਈ ਦੇ ਸਕਦਾ ਹੈ ਪਰ ਉਹ ਪ੍ਰਭੂ ਦੁਆਰਾ ਦਿੱਤੀ ਹਦਾਇਤ ਤੋਂ ਉੱਪਰ ਆਪਣੀ ਮਰਜ਼ੀ ਨਹੀਂ ਕਰ ਸਕਦਾ। ਇਸ ਤਰ੍ਹਾਂ ਵਚਨ ਦੇ ਵਿਰੁੱਧ ਜ਼ਬਰਦਸਤੀ ਕਰਨਾ ਪਾਪ ਹੈ ਅਤੇ ਵਚਨ ਵਿਚ ਇਸ ਦੀ ਬਹੁਤ ਜ਼ੋਰਦਾਰ ਨਿਖੇਧੀ ਕੀਤੀ ਗਈ ਹੈ।

ਆਮ ਤੌਰ ਤੇ ਇਨ੍ਹਾਂ ਹਦਾਇਤਾਂ ਨੂੰ ਮੰਨਣ ਨਾਲ ਗੜਬੜੀ ਦੀ ਸ਼ੁਰੂਆਤ ਪਰਿਵਾਰਿਕ ਤੌਰ ਤੇ ਇਕੱਠੇ ਹੋਣ ਸਮੇਂ ਹੁੰਦੀ ਹੈ। ਜਦ ਦੋ ਪਰਿਵਾਰ ਇਕੱਠੇ ਖਾਣਾ ਖਾ ਰਹੇ ਹੰਦੇ ਹਨ ਅਤੇ ਇਕ ਬੰਦਾ ਉੱਥੇ ਬੈਠੀ ਕਿਸੇ ਔਰਤ ਨੂੰ ਖਾਣੇ ਲਈ ਸ਼ੁਕਰਗੁਜ਼ਾਰੀ ਕਰਨ ਲਈ ਕਹਿ ਦਿੰਦਾ ਹੈ; ਜਾਂ ਘਰ ਵਿਚ ਬੰਦਗੀ ਕਰਨ ਜਿੱਥੇ ਮਰਦ ਅਤੇ ਔਰਤਾਂ ਭਾਗ ਲੈ ਰਹੇ ਹੁੰਦੇ ਹਨ, ਜਿਨ੍ਹਾਂ ਵਿਚ ''ਚੇਨ ਪ੍ਰੇਅਰ'' ਵਿਚ ਆਦਮੀਆਂ ਅਤੇ ਔਰਤਾਂ ਦੋਹਾਂ ਦੇ ਭਾਗ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਕਲੀਸੀਆ ਦੀ ਮੁਕੱਮਲ ਬੰਦਗੀ ਵਾਲੀ ਸਭਾ ਨਹੀਂ ਹੁੰਦੀ। ਇਸ ਕਰਕੇ ਉਹ ਇਸ ਨੂੰ ਪਵਿੱਤਰ ਲਿਖਤ ਦੇ ਸਪੱਸ਼ਟ ਹਵਾਲੇ ਨਾਲੋਂ ਨਿੱਜੀ ਰਾਇ ਤੇ ਛੱਡ ਦਿੰਦੇ ਹਨ।

ਪਰ ਦੁਆ ਦਾ ਹਰ ਮੌਕਾ ਬੰਦਗੀ ਨਾਲ ਭਰਿਆ ਹੁੰਦਾ ਹੈ ਅਤੇ ਆਦਮੀ ਦੇ ਕਿਸੇ ਔਰਤ ਨੂੰ ਉੱਥੇ ਮੌਜੂਦ ਸਭ ਲੋਕਾਂ ਦੇ ਮਨਾਂ ਨੂੰ ਖ਼ੁਦਾ ਦੇ ਤਖ਼ਤ ਵਿਚ ਲਿਜਾਣ ਲਈ ਕਹਿਣਾ ਢੀਠਪੁਣਾ ਹੈ। ਖ਼ੁਦਾ ਦੇ ਤਖ਼ਤ ਵਿਚ ਆਦਮੀਆਂ ਅਤੇ ਔਰਤਾਂ ਦੀ ਮਿਲੀ ਜੁਲੀ ਕਿਸੇ ਵੀ ਮੰਡਲੀ ਵਿਚ ਔਰਤ ਦੀ ਅਗਵਾਈ ਕਰਨ ਦੀ ਨਾ ਤਾਂ ਕੋਈ ਮਿਸਾਲ ਹੈ ਅਤੇ ਨਾ ਹੀ ਲਿਖਤ ਵਿਚ ਇਸ ਦੀ ਕੋਈ ਇਜਾਜ਼ਤ ਹੈ। ਇਸ ਕਰਕੇ ਅਜਿਹਾ ਕਰਨ ਦਾ ਸਾਡੇ ਕੋਲ ਕੋਈ ਇਖ਼ਤਿਆਰ ਨਹੀਂ।

ਵਿਵਸਥਾ ਦੀ ਕਿਤਾਬ ਵਿਚ ਸਾਨੂੰ ਇਸੇ ਹੀ ਤਰ੍ਹਾਂ ਦਾ ਇਕ ਸੁਆਲ ਮਿਲਦਾ ਹੈ। ਖ਼ੁਦਾ ਨੇ ਕਿਹਾ ਕਿ ਜੇ ਕੋਈ ਨਬੀ ਜਾਂ ਸੁਫ਼ਨਾ ਵੇਖਣ ਵਾਲਾ (ਜੋ ਆਪਣਾ ਇਖ਼ਤਿਆਰ ਲਿਖਤ ਤੋਂ ਉੱਪਰ ਦੱਸੇ) ਇਸਰਾਏਲ ਨੂੰ ਬਹਿਕਾਉਣ ਦੀ ਕੋਸ਼ਿਸ਼ ਕਰੇ, ਸਗੋਂ ਕੋਈ 'ਅਚਰਜ

ਕੰਮ' ਅਤੇ 'ਨਿਸ਼ਾਨ ਵਿਖਾਵੇ' ਅਤੇ ਕਹੇ ਕਿ ਅਸੀਂ 'ਦੂਜੇ ਦੇਵਤਿਆਂ ਦੇ ਪਿੱਛੇ ਚੱਲੀਏ ਅਤੇ ਉਨ੍ਹਾਂ ਦੀ ਪੂਜਾ ਕਰੀਏ', *''ਤਾਂ ਤੁਸੀਂ ਉਸ ਨਬੀ ਅਥਵਾ ਸੁਫ਼ਨਾ ਵੇਖਣ ਵਾਲੇ ਦੀਆਂ ਗੱਲਾਂ ਨਾ ਸੁਣਿਓ ... ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਮਗਰ ਚੱਲਿਓ। ਉਸ ਤੋਂ ਡਰਿਓ, ਉਸ ਦੇ ਹੁਕਮ ਦੀ ਪਾਲਣਾ ਕਰਿਓ, ਉਸ ਦੀ ਆਵਾਜ਼ ਨੂੰ ਸੁਣਿਓ, ਉਸ ਦੀ ਉਪਾਸਨਾ ਕਰਿਓ ਅਤੇ ਉਸ ਦੇ ਨਾਲ ਲੱਗੇ ਰਹਿਓ। ਅਤੇ ਉਹ ਨਬੀ ਅਥਵਾ ਸੁਫ਼ਨਿਆਂ ਦੇ ਵੇਖਣ ਵਾਲਾ ਮਾਰ ਦਿੱਤਾ ਜਾਵੇ, ਕਿਉਂ ਜੋ ਉਸ ਨੇ ਬੋਲ ਕੇ ਤੁਹਾਨੂੰ ਯਹੋਵਾਹ ਤੁਹਾਡੇ ਪਰਮੇਸ਼ੁਰ ਦੇ ਵਿਰੁੱਧ ਕੁਰਾਹੇ ਪਾਇਆ ਹੈ''* (ਵਿਵਸਥਾਸਾਰ 3:2–5)।

ਅਸੀਂ ਅੱਜ ਮੂਸਾ ਦੀ ਸ਼ਰ੍ਹਾ ਦੇ ਅਧੀਨ ਜਾਂ ਉਸ ਯੁੱਗ ਵਿਚ ਨਹੀਂ ਰਹਿ ਰਹੇ ਜਦ ਖ਼ੁਦਾ ਆਪਣਾ ਹੁਕਮ ਤੋੜਨ ਵਾਲਿਆਂ ਲਈ ਲੋਕਾਂ ਨੂੰ ਹੁਕਮ ਕਰਦਾ ਸੀ ਕਿ ਉਸ ਨੂੰ ਮਾਰ ਸੁੱਟਣ, ਪਰ ਫਿਰ ਵੀ ਸਾਨੂੰ ਉਸ ਦੀ ਗੱਲ ਨੂੰ ਘੱਟ ਨਹੀਂ ਸਮਝਣਾ ਚਾਹੀਦਾ ਬਲਕਿ ਸਾਨੂੰ ਉਸ ਦੀ ਅਵਾਜ਼ ਸੁਣ ਕੇ ਉਸ ਦਾ ਹੁਕਮ ਮੰਨਣਾ ਚਾਹੀਦਾ ਹੈ। ਇਹ ਖ਼ਿਆਲ ਕਰਨਾ ਕਿ ਖ਼ੁਦਾ ਦੀਆਂ ਦਿੱਤੀਆਂ ਹਦਾਇਤਾਂ ਨੂੰ ਦੁਬਾਰਾ ਲਿਖ ਕੇ ਉਸ ਦੇ ਹੁਕਮ ਨੂੰ ਬਦਲ ਦਿੱਤਾ ਜਾਵੇ, ਬਹੁਤ ਹੀ ਖ਼ਤਰਨਾਕ ਗੁਨਾਹ ਹੈ। ਫਿਰ ਉਹ ਭਾਵੇਂ ਕੋਈ ਵੀ ਆਦਮੀ ਕਰੇ ਜਾਂ ਔਰਤ। ਬੇਸ਼ੱਕ ਕੋਈ ਵੀ ਮਸੀਹੀ ਅਜਿਹੇ ਪਾਪ ਦਾ ਦੋਸ਼ੀ ਨਹੀਂ ਬਣਨਾ ਚਾਹੇਗਾ।

## ਚਰਚਾ ਲਈ ਸਵਾਲ

1. ਅੱਜ ਜਦ ਕਿ ਸਾਡਾ ਸਮਾਜ ਬਦਲ ਗਿਆ ਹੈ ਤਾਂ ਭਲਾ ਸਾਨੂੰ ਮਸੀਹੀ ਲੋਕਾਂ ਨੂੰ ਉਸੇ ਮੁਤਾਬਿਕ ਚੱਲ ਕੇ ਔਰਤਾਂ ਅਤੇ ਆਦਮੀਆਂ ਦੇ ਮਤਹਿਤ ਹੋਣ ਦੀ ਗੱਲ ਦੀ ਸਮੀਖਿਆ ਦੁਬਾਰਾ ਤੋਂ ਕਰਨੀ ਚਾਹੀਦੀ ਹੈ?
2. ਔਰਤ ਦਾ ਸਿਰ ਕੌਣ ਹੈ? ਆਦਮੀ ਦਾ ਸਿਰ ਕੌਣ ਹੈ?
3. ਵਚਨ ਸਿਰ ਹੋਣ ਦੇ ਸਵਾਲ ਵੱਲ ਬਾਰ ਬਾਰ ਕਿਉਂ ਧਿਆਨ ਦੁਆਉਂਦਾ ਹੈ?
4. ਵਚਨ ਨੂੰ ........................ ਦੇ .......................... ਨਾਲ ਲਿਖਿਆ ਗਿਆ ਹੈ, ਨਾ ਕਿ ........................................ ..................
5. ਆਦਮੀਆਂ ਅਤੇ ਔਰਤਾਂ ਦੀ ਮਿਲੀ ਜੁਲੀ ਸਭਾ ਵਿਚ ਜੇ ਕੋਈ ਆਦਮੀ ਔਰਤ ਨੂੰ ਦੁਆ ਵਿਚ ਅਗਵਾਈ ਕਰਨ ਲਈ ਕਹੇ ਤਾਂ ਉਹ ਅਸਲ ਵਿਚ ਉਸ ਨੂੰ ਕੀ ਕਰਨ ਲਈ ਕਹਿ ਰਿਹਾ ਹੈ?
6. ਅਜਿਹਾ ਕਰਕੇ ਐਲਡਰ ਹੋਵੇ ਜਾਂ ਕੋਈ ਹੋਰ, ਪ੍ਰਭੂ ਦੀ ਹਦਾਇਤ ਨਾਲੋਂ ....................... ਹੋਣ ਦਾ ਦਾਅਵਾ ਕਰਦਾ ਹੈ।
7. ਇਹ ਕਿਹੋ ਜਿਹਾ ਪਾਪ ਹੈ?
8. ਭਲਾ ਕਿਸੇ ਔਰਤ ਲਈ ਮਰਦਾਂ ਅਤੇ ਔਰਤਾਂ ਦੇ ਕਿਤੇ ਇਕੱਠਿਆ ਹੋਣ ਤੇ ''ਚੇਨ ਪ੍ਰੇਅਰ'' ਵਿਚ ਦੁਆ ਵਿਚ ਅਗਵਾਈ ਕਰਨ ਦੀ ਇਜਾਜ਼ਤ ਹੈ?
9. ਖ਼ੁਦਾ ਦੀਆਂ ਹਦਾਇਤਾਂ ਨੂੰ ਤੋੜਨ ਵਾਲੇ ਐਲਡਰਾਂ ਬਾਰੇ ਵਿਵਸਥਾਸਾਰ ਵਿਚ ਕੀ

ਉਦਾਹਰਣ ਦਿੱਤੀ ਗਈ ਹੈ?

10. ‘‘ਤੁਸੀਂ ਯਹੋਵਾਹ ਆਪਣੇ .................. ਦੇ ਮਗਰ ਚੱਲਿਓ। ਉਸ ਤੋਂ ..............., ਉਸ ਦੇ ..................... ਦੀ ਪਾਲਣਾ ਕਰਿਓ ................... ਉਸ ਦੀ ................ ਨੂੰ ਸੁਣਿਓ, ........................ ਉਸ ਦੀ ............... ਅਤੇ ਉਸ ਦੇ ਨਾਲ ............... .................. ਲੱਗੇ ਰਹਿਓ।
11. ਖ਼ੁਦਾ ਨੇ ਝੂਠੀ ਰੂਹਾਨੀ ਅਗਵਾਈ ਨੂੰ ਕਿੰਨੀ ਗੰਭੀਰਤਾ ਨਾਲ ਵੇਖਿਆ? ਉਸ ਨੇ ਅਜਿਹੇ ਸ਼ਖ਼ਸ ਨਾਲ ਕੀ ਕਰਨ ਦਾ ਹੁਕਮ ਦਿੱਤਾ?
12. ਅੱਜ ਭਾਵੇਂ ਅਸੀਂ ਪੁਰਾਣੇ ਨੇਮ ਦੀ ਸ਼ਰ੍ਹਾ ਦੇ ਮਤਹਿਤ ਨਹੀਂ ਹਾਂ, ਪਰ ਸਾਨੂੰ ਖ਼ੁਦਾ ਦੀਆਂ ਹਦਾਇਤਾਂ ............................ ਉਸ ਦੇ ਠਹਿਰਾਏ ........................... ਦੂਜੀ ਗੱਲ ਸੋਚਣਾ ........................... ਹੈ।



## ਪਾਠ 10

# ਭਲਾ ਬੰਦਗੀ ਦੌਰਾਨ ਔਰਤ ਲਈ ਸਿਰ ਕੱਜਣਾ ਲਾਜ਼ਮੀ ਹੈ?

ਅਜਿਹੇ ਲੋਕ ਹਨ ਜਿਨ੍ਹਾਂ ਦਾ ਕਹਿਣਾ ਹੈ ਕਿ 1 ਕੁਰਿੰਥੀਆਂ 11 ਅਧਿਆਇ ਔਰਤ ਲਈ ਕਲੀਸੀਆ ਦੀ ਬੰਦਗੀ ਦੌਰਾਨ ਸਿਰ ਤੇ ਪੱਲੂ ਲੈਣਾ ਜਾਂ ਸਿਰ ਢੱਕਣਾ ਜ਼ਰੂਰੀ ਹੈ। ਅਜਿਹੇ ਉਦੋਂ ਕੁਝ ਨਹੀਂ ਬੋਲਦੇ ਜਦੋਂ ਉਹ ਸਕੂਲ ਵਿਚ ਪੜ੍ਹਾ ਰਹੀਆਂ ਹੁੰਦੀਆਂ ਹਨ, ਗਲੀ ਜਾਂ ਬਜ਼ਾਰ ਵਿਚ ਕਿਸੇ ਨਾਲ ਮਿਲਣ ਤੇ ਵਚਨ ਦੀ ਗੱਲ ਕਰ ਰਹੀਆਂ ਹੁੰਦੀਆਂ ਹਨ ਜਾਂ ਭਾਂਡੇ ਮਾਂਜਦੀਆਂ ਮਨ ਹੀ ਮਨ ਵਿਚ ਦੁਆ ਕਰ ਰਹੀਆਂ ਹੁੰਦੀਆਂ ਹਨ। ਹੋਰਨਾਂ ਸਮਾਜਾਂ ਵਿਚ, ਹੋਰ ਲੋਕ ਹਨ ਜਿਹੜੇ ਆਖਦੇ ਹਨ ਕਿ ਉਸ ਨੂੰ ਹਰ ਵਕਤ ਸਿਰ ਕੱਜ ਕੇ ਰੱਖਣਾ ਚਾਹੀਦਾ ਹੈ। ਕਈਆਂ ਦਾ ਕਹਿਣਾ ਹੁੰਦਾ ਹੈ ਕਿ ਸਿਰ ਦੇ ਨਾਲ–ਨਾਲ ਚਿਹਰਾ ਅਤੇ ਪੂਰਾ ਬਦਨ ਵੀ ਢੱਕਿਆ ਹੋਣਾ ਲਾਜ਼ਮੀ ਹੈ।

ਹੋਰ ਲੋਕ ਹਨ ਜਿਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਸਿਰ ਢੱਕਣਾ ਜ਼ਰੂਰੀ ਨਹੀਂ ਹੈ। ਇਸ ਉਲਝਣ ਦਾ ਕਾਰਣ 1 ਕੁਰਿੰਥੀਆਂ 11:2–16 ਵਿਚ ਸਿਰ ਹੋਣ, ਰੀਤਾਂ ਅਤੇ ਸਿਰ ਕੱਜਣ ਦੀ ਚਰਚਾ ਦੀ ਨਾਸਮਝੀ ਦਾ ਹੋਣਾ ਹੈ।

***ਵਿਚਾਰ ਕਰਨ ਵਾਲੀ ਗੱਲ***

*ਭਲਾ ਤੁਹਾਡੇ ਸਮਾਜ ਵਿਚ ਔਰਤ ਲਈ ਆਪਣੇ ਪਤੀ ਦੇ ਮਤਹਿਤ ਹੋਣਾ ਜਾਂ ਆਦਰ ਵਿਖਾਉਣ ਲਈ ਘੁੰਡ ਕੱਢਣਾ ਜਾਂ ਸਿਰ ਤੇ ਦੁਪੱਟਾਂ ਲੈਣਾ ਜ਼ਰੂਰੀ ਹੈ। ਭਲਾ ਤੁਸੀਂ ਵਚਨ ਵਿੱਚੋਂ ਇਸ ਦਾ ਮੁਤਾਲਿਆ ਕੀਤਾ ਹੈ? ਜੇ ਕੀਤਾ ਹੈ ਤਾਂ ਕੀ ਤੁਸੀਂ ਮੰਨਦੇ ਹੋ ਕਿ ਸਿਰ ਤੇ ਪੱਲੂ ਲੈਣਾ ਲਾਜ਼ਮੀ ਹੈ।*

ਇਸ ਪਾਠ ਦੇ ਸ਼ੁਰੂ ਵਿਚ ਇਹ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ ਕਿ 1 ਕੁਰਿੰਥੀਆਂ 11 ਵਿਚ ਬਾਈਬਲ ਕਿਤੇ ਵੀ ਇਹ ਸੰਕੇਤ ਨਹੀਂ ਦਿੰਦੀ ਕਿ ਔਰਤ ਪੀ ਪੋਸ਼ਾਕ ਜਾਂ ਪਹਿਰਾਵੇ ਨਾਲ ਸਬੰਧਤ ਵਚਨ ਆਮ ਬੰਦਗੀ ਦੇ ਵਕਤ ਤਕ ਹੀ ਸੀਮਤ ਹੋਵੇ।

ਪਹਿਲੀ ਸਦੀ ਦੌਰਾਨ ਚੁਣੇ ਹੋਏ ਲੋਕਾਂ ਨੂੰ ''ਰਸੂਲਾਂ ਦੇ ਹੱਥ ਰੱਖਣ'' ਨਾਲ ਪਵਿੱਤਰ ਆਤਮਾ ਦਿੱਤੇ ਜਾਣ ਦਾ ਜੋ ਵਾਅਦਾ ਕੀਤਾ ਗਿਆ ਸੀ ਉਸ ਵਿਚ ਔਰਤਾਂ ਵੀ ਸਨ: ''... ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸਰੀਰਾਂ ਉੱਤੇ ਵਹਾ ਦਿਆਂਗਾ, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ ਅਗਮ ਵਾਕ ਕਰਨਗੇ'' (ਰਸੂਲਾਂ ਦੇ ਕਰਤੱਬ 2:17ਅ)।

ਰਸੂਲਾਂ ਦੇ ਕਰਤੱਬ 21:9 ਵਿਚ ਅਸੀਂ ਪੜ੍ਹਦੇ ਹਾਂ ਕਿ ਫ਼ਿਲਿੱਪੁਸ ਦੀਆਂ ਚਾਰ ਕੁਆਰੀਆਂ ਧੀਆਂ ਸਨ ਜਿਹੜੀਆਂ ਨਬੂਵਤ ਕਰਦੀਆਂ ਸਨ। ਇਸ ਦੇ ਬਾਵਜੂਦ ਜਿਵੇਂ ਕਿ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਪੌਲੁਸ ਦੇ ਰਾਹੀਂ ਕਿਹਾ ਗਿਆ, ਔਰਤਾਂ ਨੂੰ ਕਲੀਸੀਆ ਦੀ ਮਿਲੀ ਜੁਲੀ ਸਭਾ ਵਿਚ ਜਿੱਥੇ ਔਰਤ ਅਤੇ ਮਰਦ ਸਭ ਹੋਣ, ਬੋਲਣ ਦੀ ਮਨਾਹੀ ਸੀ। ''ਮੰਡਲੀਆਂ ਵਿਚ ਤੀਵੀਂਆਂ ਚੁੱਪ ਹੋ ਰਹਿਣ ਕਿਉਂ ਜੋ ਉਨ੍ਹਾਂ ਨੂੰ ਬੋਲਣ ਦੀ ਆਗਿਆ ਨਹੀਂ ਹੈ। ਸਗੋਂ ਉਹ ਅਧੀਨ ਹੋ ਰਹਿਣ ਜਿਵੇਂ ਸ਼ਰ੍ਹਾ ਵੀ ਕਹਿੰਦੀ ਹੈ (1 ਕੁਰਿੰਥੀਆਂ 14:34) । ਇਸ ਕਰਕੇ ਫਿਲਿੱਪੁਸ ਦੀਆਂ ਬੇਟੀਆਂ ਦਾ ਨਬੂਵਤ ਕਰਨਾ ਨਿਰੀਆਂ ਔਰਤਾਂ ਵਿਚ, ਇਕੱਲੇ ਘਰਾਂ ਵਿਚ, ਅਤੇ ਨਿੱਜੀ ਲੋਕਾਂ ਨਾਲ ਹੁੰਦਾ ਹੋਵੇਗਾ।

ਇਨ੍ਹਾਂ ਵਚਨਾਂ ਦੇ ਅਧਾਰ ਤੇ ਜੋ ਕਿ ਕਲੀਸੀਆ ਵਿਚ ਔਰਤਾਂ ਦੀ ਭੂਮਿਕਾ ਦੇ ਰੌਸ਼ਨੀ ਪਾਉਂਦੇ ਹਨ, ਸਾਨੂੰ ਨਿਚੋੜ ਕੱਢਣਾ ਪਵੇਗਾ ਕਿ 1 ਕੁਰਿੰਥੀਆਂ 11 ਵਿਚ ਇੱਕੋ ਔਰਤਾਂ ਦੇ ਖਾਮੋਸ਼ੀ ਨਾਲ ਜਾਂ ਬੋਲ ਕੇ, ਦੁਆ ਕਰਨ ਵਿਚ ਆਮ ਹਾਲਾਤ ਵਿਚ ਜਿੱਥੇ ਸਿਰਫ਼ ਔਰਤਾਂ ਹੋਣ, ਔਰਤਾਂ ਦੇ ਪਹਿਰਾਵੇ ਅਤੇ ਸਿਰ ਢੱਕਣ ਅਤੇ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਨਬੂਵਤ ਕਰਨ, ਨਿੱਜੀ ਗੱਲਬਾਤ ਵਿਚ ਸਿੱਖਿਆ ਦੇਣ ਦੀ ਗੱਲ ਹੈ।

ਅਜਿਹਾ ਲਗਦਾ ਹੈ ਕਿ ਕਾਫ਼ਿਰ ਜਨਾਨਾ ਕੰਮ ਕਰਨ ਵਾਲੀਆਂ ਤੋਂ ਮਸੀਹੀ ਔਰਤਾਂ ਦਰਮਿਆਨ ਰੂਹਾਨੀ ਕਰਮਚਾਰੀ ਵਿਚ ਫ਼ਰਕ ਕਰਨ ਲਈ ਇਕ ਲਾਈਨ ਖਿੱਚੀ ਜਾ ਰਹੀ ਸੀ। ਮੰਦਰ ਦੀਆਂ ਵੇਸਵਾਵਾਂ ਜਿੱਥੇ ਸਥਾਨਕ ਰੀਤਾਂ ਦੀ ਅਣਗਹਿਲੀ ਕਰਦੇ ਹੋਏ ਆਪਣੇ ਪੇਸ਼ੇ ਨੂੰ ਵਿਖਾਉਣ ਲਈ ਨੰਗੇ ਸਿਰ ਘੁੰਮਦੀਆਂ ਅਤੇ ਵਾਲ ਮੁਨਾ ਲੈਂਦੀਆਂ ਸਨ, ਉੱਥੇ ਹੀ ਮਸੀਹੀ ਔਰਤਾਂ ਲਈ ਭਗਤੀ ਭਾਵ ਅਤੇ ਮਤਹਿਤ ਹੋਣ ਨੂੰ ਵਿਖਾਉਂਦਿਆਂ, ਖ਼ਾਸ ਕਰ ਦੁਆ ਕਰਨ ਜਾਂ ਨਬੂਵਤ ਕਰਨ ਦੇ ਰੂਹਾਨੀ ਕਾਰਜ ਵਿਚ ਲੱਗੇ ਹੋਣ ਤੇ, ਅਜਿਹਾ ਪਹਿਰਾਵਾ ਪਹਿਨਣਾ ਜ਼ਰੂਰੀ ਸੀ ਜਿਸ ਨੂੰ ਬਾਹਰ ਦੇ ਕੁਝ ਲੋਕ ਸਿਰਫ਼ ਮਰਦਾਂ ਵੱਲੋਂ ਕੀਤਾ ਜਾਣ ਵਾਲਾ ਕੰਮ ਹੀ ਮੰਨਦੇ ਹੋਣਗੇ।

ਆਮ ਦਸਤੂਰ ਮੁਤਾਬਕ ਸਿਰ ਢੱਕ ਕੇ ਮਸੀਹੀ ਔਰਤ ਆਪਣੇ ਆਪ ਨੂੰ ਕਾਫ਼ਿਰ ਔਰਤਾਂ ਨਾਲੋਂ ਅੱਡ ਕਰਦੀ ਅਤੇ ਇਸ ਗੱਲ ਦੀ ਤਸਦੀਕ ਵੀ ਕਰਦੀ ਸੀ ਕਿ ਰੂਹਾਨੀ ਕੰਮ ਕਰਨ ਵਿਚ ਉਹ ਕਲੀਸੀਆ ਦੇ ਆਦਮੀਆਂ ਨਾਲ ਮੁਕਾਬਲਾ ਨਹੀਂ ਕਰ ਰਹੀ, ਬਲਕਿ ਆਪਣੇ ਪਤੀ ਦੇ ਮਤਹਿਤ ਹੈ।

ਆਮ ਸੋਚ ਦੇ ਉਲਟ ਇਹ ਆਇਤਾਂ ਔਰਤ ਦੇ ਪੂਰੀ ਕਲੀਸੀਆ ਦੀ ਸਭਾ ਵਿਚ

ਭਾਗ ਲੈਣ ਵੇਲੇ ਔਰਤ ਦੇ ਪਹਿਰਾਵੇ ਦੀ ਗੱਲ ਕਰਦੀਆਂ ਨਹੀਂ ਲਗਦੀਆਂ। ਅਸਲ ਵਿਚ, ਇਕੱਲੀਆਂ, ਰੋਜ਼–ਮੱਰਾ ਦੀ ਜ਼ਿੰਦਗੀ ਵਿਚ ਉਸ ਦੀ ਪੋਸ਼ਾਕ ਭਾਵੇਂ ਓਹੋ ਜਿਹੀ ਹੋ ਸਕਦੀ ਹੈ, ਜਿਹੋ ਜਿਹੀ ਮੰਡਲੀ ਵਿਚ ਹੋਵੇ। ਪਰ ਇਨ੍ਹਾਂ ਆਇਤਾਂ ਵਿਚ ਮੰਡਲੀ ਦੀਆਂ ਆਮ ਸਭਾਵਾਂ ਦੀ ਗੱਲ ਨਹੀਂ ਹੈ। 2–16 ਆਇਤਾਂ ਵਿਚ ''ਇਕੱਠੇ ਹੋਣ'' (11:17), ''ਜਿਸ ਵੇਲੇ ਤੁਸੀਂ ਕਲੀਸੀਆ ਵਿਚ ਇਕੱਠੇ ਹੁੰਦੇ ਹੋ'' (11:18), ''ਜਿਸ ਵੇਲੇ ਤੁਸੀਂ ਇਕ ਥਾਂ ਇਕੱਠੇ ਹੁੰਦੇ ਹੋ'' (11:20), ''ਕਲੀਸੀਆ ਇਕ ਥਾਂ ਇਕੱਠੀ ਹੋਵੇ'' (14:23), ''ਜਾਂ ਤੁਸੀਂ ਇਕੱਠੇ ਹੁੰਦੇ ਹੋ'' (14:26) ਦੀ ਕੋਈ ਗੱਲ ਨਹੀਂ ਹੈ।

ਆਓ ਇਨ੍ਹਾਂ ਹਵਾਲਿਆਂ ਤੇ ਵਿਚਾਰ ਕਰਦੇ ਹਾਂ

## 1 ਕੁਰਿੰਥੀਆਂ 11:2

ਅਤੇ ਜਿਸ ਪ੍ਰਕਾਰ ਮੈਂ ਤੁਹਾਨੂੰ ਰੀਤਾਂ ਸੌਂਪੀਆਂ ਉਸੇ ਪ੍ਰਕਾਰ ਤੁਸੀਂ ਫੜੀ ਰੱਖਦੇ ਹੋ।

ਸ਼ੁਰੂ ਤੋਂ ਹੀ ਪੌਲੁਸ ਨੇ ਉਸ ਵਿਸ਼ੇ ਨੂੰ ਜਿਸ ਤੇ ਉਹ ਚਰਚਾ ਕਰਨ ਵਾਲਾ ਸੀ, ਨਿਯਮ ਨਾ ਆਖ ਕੇ ''ਰੀਤ'' ਆਖਿਆ ਜਿਸ ਨਾਲ ਉਨ੍ਹਾਂ ਵੱਲੋਂ ਪੁੱਛੇ ਗਏ ਸਵਾਲ ਦੀ ਜਾਣ ਪਛਾਣ ਹੋ ਗਈ।

## 1 ਕੁਰਿੰਥੀਆਂ 11:3

''ਪਰ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਹ ਜਾਣ ਲਵੋ ਭਈ ਹਰੇਕ ਪੁਰਖ ਦਾ ਸਿਰ ਮਸੀਹ ਹੈ ਅਤੇ ਇਸਤਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ।''

''ਰੀਤ'' ਦੇ ਉਲਟ ਉਸ ਨੇ ਕਿਹਾ ਕਿ ''ਪਰ।'' ਅਤੇ ਫਿਰ ਇਖ਼ਤਿਆਰ ਦੇ ਜਿਸ ਨਿਯਮ ਉੱਤੇ ਵਿਚਾਰ ਕੀਤਾ ਜਾਣਾ ਜ਼ਰੂਰੀ ਸੀ ਉਸ ਨੂੰ ਉਭਾਰਦਿਆਂ ਉਸ ਦੀ ਪਰਿਭਾਸ਼ਾ ਦਿੱਤੀ। ਠਹਿਰਾਏ ਹੋਏ ਇਖ਼ਤਿਆਰ ਨਾਲ ਸਬੰਧਿਤ ਪਰਮੇਸ਼ੁਰ ਦੇ ਨਿਯਮ ਦੇ ਪ੍ਰਤੀ ਅਧੀਨਗੀ ਨੂੰ [ਰੀਤ ਦੇ ਰੂਪ ਵਿਚ] ਵਿਖਾਉਂਦੀ ਹੋਣ ਕਰਕੇ ਸਿਰ ਕੱਝਣ ਦੀ ਚਰਚਾ ਬਾਅਦ ਦੀ ਗੱਲ ਹੈ।

ਇਸ ਵਚਨ ਵਿਚ ਹੋਰ ਜੋ ਵੀ ਸਿੱਖਿਆ ਹੋਵੇ ਸਾਨੂੰ ਖ਼ੁਦਾ ਦੇ ਠਹਿਰਾਏ ਇਖ਼ਤਿਆਰ ਦੀ ਤਰਤੀਬ ਦੀ ਹਕੀਕਤ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਇਸ ਉੱਤੇ ਬਹਿਸ ਕਰਕੇ ਕਿ ਸਿਰ ਕਿਵੇਂ ਕੱਜਿਆ ਜਾਵੇ ਜਾਂ ਇਖ਼ਤਿਆਰ ਦਾ ਪ੍ਰਤੀਕ ਕੀ ਹੋਵੇ, ਅਸੀਂ ਇਮਾਨਦਾਰੀ ਨਾਲ ਅਤੇ ਨੇਕ ਨੀਤੀ ਨਾਲ ਗਲਤ ਨਤੀਜੇ ਤੇ ਪਹੁੰਚ ਸਕਦੇ ਹਾਂ, ਜਿਹਦੇ ਲਈ ਯਕੀਨਨ ਖ਼ੁਦਾ ਸਾਨੂੰ ਮਾਫ਼ ਕਰ ਦਵੇਗਾ। ਪਰ ਅਸੀਂ ਇਸ ਸਪੱਸ਼ਟ ਸਿੱਖਿਆ ਨੂੰ ਨਹੀਂ ਭੁੱਲ ਸਕਦੇ ਕਿ ਆਦਮੀ ਦਾ ਸਿਰ ਮਸੀਹ ਹੈ, ਔਰਤ ਦਾ ਸਿਰ ਆਦਮੀ ਹੈ ਅਤੇ ਮਸੀਹ ਦਾ ਸਿਰ ਖ਼ੁਦਾ ਹੈ। ਇਸ ਸਚਿਆਈ ਨੂੰ ਨਜ਼ਰਅੰਦਾਜ਼ ਕਰਨਾ ਜਾਂ ਇਸ ਨੂੰ ਚੁਣੌਤੀ ਦੇਣਾ ਖ਼ੁਦਾ ਦੇ ਇੰਤਜ਼ਾਮ ਉੱਤੇ ਹੀ ਹਮਲਾ ਹੈ।

## 1 ਕੁਰਿੰਥੀਆਂ 11:4-6

> ''ਹਰੇਕ ਪੁਰਖ ਜਿਹੜਾ ਸਿਰ ਕੱਜਿਆ ਹੋਇਆ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦਾ ਹੈ ਉਹ ਆਪਣੇ ਸਿਰ ਨੂੰ ਬੇਪਤ ਕਰਦਾ ਹੈ। ਪਰ ਹਰੇਕ ਇਸਤਰੀ ਜਿਹੜੀ ਅਣਕੱਜੇ ਸਿਰ ਪ੍ਰਾਰਥਨਾ ਅਥਵਾ ਅਗੰਮ ਵਾਕ ਕਰਦੀ ਹੈ ਉਹ ਆਪਣੇ ਸਿਰ ਨੂੰ ਬੇਪੱਤ ਕਰਦੀ ਹੈ ਕਿਉਂ ਜੋ ਇਹ ਇਹੋ ਜਿਹੀ ਗੱਲ ਹੈ ਭਈ ਮਾਨੋ ਉਹ ਦਾ ਸਿਰ ਮੁੰਨਿਆ ਗਿਆ। ਕਿਉਂਕਿ ਜੋ ਇਸਤਰੀ ਸਿਰ ਨਾ ਕੱਜੇ ਤਾਂ ਆਪਣੀ ਗੁੱਤ ਭੀ ਵਢਾਵੇ ਅਤੇ ਜੇ ਇਸਤਰੀ ਗੁੱਤ ਵੱਢੀ ਹੋਈ ਅਥਵਾ ਸਿਰ ਮੁੰਨੀਂ ਹੋਈ ਬੇਪਤ ਹੁੰਦੀ ਹੈ ਤਾਂ ਸਿਰ ਕੱਜੇ।''

ਇਖ਼ਤਿਆਰ ਦੀ ਖ਼ੁਦਾ ਦੀ ਤਰਤੀਬ (ਪਰਮੇਸ਼ੁਰ–ਮਸੀਹ–ਪੁਰਖ–ਇਸਤਰੀ) ਨੂੰ ਸਾਫ਼–ਸਾਫ਼ ਦੱਸਣ ਦੇ ਬਾਅਦ ਪੌਲੁਸ ਇਹ ਧਿਆਨ ਦੁਆਉਣ ਲੱਗਾ ਕਿ ਦੁਆ ਕਰਨ ਜਾਂ ਨਬੂਵਤ ਕਰਨ ਵੇਲੇ ਸਿਰ ਢੱਕਣਾ ਜਾਂ ਨਾ ਢੱਕਣਾ ਆਪਣੇ ਸਿਰ ਦਾ ਆਦਰ ਜਾਂ ਅਨਾਦਰ ਕਰਨ ਦੇ ਬਰਾਬਰ ਸੀ। ਜੇ ਆਦਮੀ ਸਿਰ ਕੱਜ ਦੇ ਦੁਆ ਕਰੇ ਤਾਂ ਉਹ ਨੇ ਆਪਣੇ ਸਿਰ ਦੀ ਬੇਈਜ਼ਤੀ ਕੀਤ। (ਉਹਦੇ ਆਪਣੇ ਸਿਰ ਦੀ ਜਾਂ ਮਸੀਹ ਦੀ, ਜਿਹਦਾ ਇਖ਼ਤਿਆਰ ਪੁਰਖ ਤੇ ਹੈ, ਇਹ ਸਾਫ਼ ਨਹੀਂ ਹੈ; ਇਹ ਮੰਨ ਲੈਣਾ ਕਾਫ਼ੀ ਹੈ ਕਿ ਮਸੀਹੀ ਆਦਮੀ ਨੇ ਅਜਿਹਾ ਅਨਾਦਰ ਨਹੀਂ ਕਰਨਾ ਸੀ)।

ਦੂਜੇ ਪਾਸੇ ਬਿਨਾਂ ਸਿਰ ਕੱਜੇ ਦੁਆ ਕਰਨ ਵਾਲੀ ਔਰਤ ਆਪਣੇ ਸਿਰ ਦਾ ਅਪਮਾਨ ਕਰਦੀ ਹੈ। ਫੇਰ ਜੇ ਅਪਾਣੇ ਸਿਰ ਦਾ ਹੋਵੇ ਜਾਂ ਆਪਣੇ ਪਤੀ ਦਾ ਅਪਮਾਣ। ਮਸੀਹੀ ਔਰਤ ਨੇ ਦੋਹਾਂ ਵਿੱਚੋਂ ਕੋਈ ਵੀ ਅਪਮਾਨ ਜਾਂ ਅਨਾਦਰ ਕਰਨ ਦਾ ਦੋਸ਼ੀ ਹੋਣ ਦੀ ਖ਼ਾਹਿਸ਼ ਨਹੀਂ ਕਰਨੀ ਸੀ। ਪਰ ਇਹ ਵੇਖਣ ਲਈ ਕਿ ਪੌਲੁਸ ਇੱਕੇ ਕੁਰਿੰਥੁਸ ਦੇ ਮਸੀਹੀ ਲੋਕਾਂ ਨਾਲ ਜਿਸ ਹਲਾਤ ਦੀ ਚਰਚਾ ਕਰ ਰਿਹਾ ਹੈ ਉਸ ਦੀ ਇੱਕ ਸ਼ਰਤ ਹੈ, ''ਜੇ ਇਸਤ੍ਰੀ ਗੁਤ ਵੱਡੀ ਹੋਈ ਅਥਵਾ ਸਿਰ ਮੁੰਨੀ ਹੋਈ ਬੇਪਤ ਹੁੰਦੀ ਹੈ'' ਸਾਨੂੰ ਅੱਗੇ ਪੜ੍ਹਨਾ ਜ਼ਰੂਰੀ ਹੈ। ਜਦ ਤਕ ਸ਼ਾਲੀਨਤਾ ਦੇ ਖ਼ੁਦਾ ਦੇ ਨਿਯਮ ਨਹੀਂ ਟੁੱਟਦੇ, ਸੱਭਿਆਚਾਰ ਜਾਂ ਰੀਤ ਨਾਲ ਇਹ ਤੈਅ ਹੁੰਦਾ ਹੈ ਕਿ ਪਹਿਰਾਵੇ ਵਿਹ ਕਿਸ ਗੱਲ ਨੂੰ ਬੇਸ਼ਰਮੀ ਦੀ ਗੱਲ ਮੰਨਿਆ ਜਾਵੇ ਅਤੇ ਕਿਸ ਨੂੰ ਕਬੂਲਿਆ ਜਾਵੇ।

***ਵਿਚਾਰ ਕਰਨ ਵਾਲੀ ਗੱਲ***

*ਇਸ ਆਇਤ ਵਿਚ, ਇਸ ਸ਼ਰਤ ਤੇ ਅਧਾਰ ਤੇ ਕਿ "ਬੇਪਤ ਹੁੰਦੀ ਹੈ'' ਖ਼ੁਦਾ ਦੀ ਪ੍ਰੇਰਣਾ ਨਾਲ ਪੌਲੁਸ ਨੇ ਸਿਰ ਕੱਜਣ ਦੇ ਸਬੰਧ ਵਿਚ ਨਿਯਮ ਬਣਾ ਦਿੱਤੇ। ਜੇ ਕਿਸੇ ਦੇਸ਼ ਵਿਚ ਲਮੇ ਵਾਲ ਰੱਖਣ ਜਾਂ ਗੁੰਡ ਕਰਨ ਜਾਂ ਪਰਦੇ ਦੇ ਨਾ ਹੋਣ ਨੂੰ ਸ਼ਰਮ ਦੀ ਗੱਲ ਨਹੀਂ ਮੰਨਿਆ ਜਾਂਦਾ ਤਾਂ ਭਲਾ ਇਹ ਨਿਯਮ ਉੱਥੇ ਵੀ ਲਾਗੂ ਹੋਣਗੇ?*

ਮੁੱਢ ਵਿਚ ਜਦ ਆਦਮ ਅਤੇ ਹੱਵ੍ਹਾ ਨੇ ਪਾਪ ਕੀਤਾ ਸੀ ਅਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਅਸੀਂ ਨੰਗੇ ਹਾਂ ਤਾਂ ਬਾਈਬਲ ਦੱਸਦੀ ਹੈ ਕਿ ਖ਼ੁਦਾ ਨੇ ਹੱਵ੍ਹਾ ਉੱਤੇ ਆਦਮ

ਦੇ ਸਿਰ ਬਣਨ ਦਾ ਐਲਾਨ ਕਰ ਦਿੱਤਾ ਅਤੇ ਉਸ ਨੇ ਉਨ੍ਹਾਂ ਦੇ ਨੰਗੇਜ਼ ਨੂੰ ਢੱਕਣ ਲਈ ਉਨ੍ਹਾਂ ਨੂੰ ਚੋਲੇ ਪੁਆ ਦਿੱਤੇ (ਉਤਪਤ 3:16, 21)। ਇਸ ਘਟਨਾ ਤੋਂ ਸਾਨੂੰ ਦੋ ਅਹਿਮ ਗੱਲਾਂ ਦਾ ਪਤਾ ਲਗਦਾ ਹੈ। ਘਰ ਵਿਚ ਇਖ਼ਤਿਆਰ ਦੀ ਤਰਤੀਬ (ਜਿੱਥੇ ਆਦਮੀ ਸਿਰ ਹੈ ਅਤੇ ਔਰਤ ਉਸ ਦੇ ਮਤਹਿਤ ਹੈ) ਸ਼ੁਰੂ ਤੋਂ ਹੀ ਬਣਿਆ ਨਿਯਮ ਹੈ, ਨਾ ਕਿ ਕਿਸੇ ਖ਼ਾਸ ਇਲਾਕੇ ਦੀ ਰੀਤ ਜਾਂ ਰਸਮ ਹੈ ਅਤੇ (2) ਖ਼ੁਦਾ ਨੇ ਕੱਪੜੇ ਨਾਲ ਸਾਡੇ ਸਰੀਰਾਂ ਨੂੰ ਢੱਕਣ ਦੀ ਗੱਲ ਠਹਿਰਾ ਦਿੱਤੀ ਤਾਂ ਜੋ ਸਾਡਾ ਨੰਗੇਜ਼ ਲੁਕ ਜਾਵੇ। ਹੱਵ੍ਹਾ ਦੇ ਸਿਰ ਕੱਜਣ ਦੇ ਸਬੰਧ ਵਿਚ ਕੁਝ ਨਹੀਂ ਕਿਹਾ ਗਿਆ। ਅਜਿਹਾ ਕਿਹਾ ਜਾ ਸਕਦਾ ਸੀ ਕਿ ਸ਼ੁਰੂ ਵਿਚ ਖ਼ੁਦਾ ਵੱਲੋਂ ਘੁੰਡ ਨੂੰ ਨਿਯਮ ਨਹੀਂ ਬਣਾਇਆ ਗਿਆ ਸੀ।

ਪਰ ਇਸ ਪਾਠ ਨਾਲ ਸਬੰਧਿਤ, ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਕਿਸੇ ਦੀ ਜੀਵਨ ਸ਼ੈਲੀ, ਮਾਨਤਾ, ਨੈਤਿਕਤਾ ਅਤੇ ਧਾਰਮਿਕ ਵਿਸ਼ਵਾਸ ਨੂੰ ਵਿਖਾਉਣ ਲਈ ਵਚਨ ਦੇ ਨਾਲ ਨਾਲ ਤਕਰੀਬਨ ਹਰ ਸਬਿਅਤਾ ਨਾਲ ਜੋੜ ਦਿੱਤਾ ਗਿਆ ਕਿ ਵਾਲ ਕਿਵੇਂ ਕੱਜੇ ਜਾਂਦੇ ਸਨ ਅਤੇ/ਜਾਂ ਘੁੰਡ ਜਾਂ ਹੋਰ ਤਰ੍ਹਾਂ ਤੇ ਪਲੂ ਹੁੰਦੇ ਸਨ।

ਪੁਰਾਣੇ ਨੇਮ ਅਤੇ ਯਹੂਦੀ ਪਿਛੋਕੜ ਵਿਚ ਸਿਰ ''ਨੰਗਾ'' ਕਰਨ ਦਾ ਮਤਲਬ ਸੀ ਮੁੰਨਣ ਕਰਾਉਣਾ। ਲੇਵੀਆਂ 10:1 ਵਿਚ ਜਦੋਂ ਨਦਾਬ ਅਤੇ ਅਬੀਹੂ ਆਪਣੇ ਪਾਪ ਦੇ ਕਾਰਣ ਮਰ ਗਏ ਤਾਂ ਖ਼ੁਦਾ ਨੇ ਹਾਰੂਨ ਨੂੰ ਰਵਾਇਤ ਮੁਤਾਬਿਕ ਅਫ਼ਸੋਸ ਵਿਚ ਆਪਣਾ ਸਿਰ ''ਮੁਨਾਉਣ'' ਤੋਂ ਮਨ੍ਹਾ ਕਰ ਦਿੱਤਾ। ਅੱਯੂਬ 1:20 ਸਾਨੂੰ ਦੱਸਦਾ ਹੈ ਕਿ ਜਦੋਂ ਅੱਯੂਬ ਨੂੰ ਇਹ ਖ਼ਬਰ ਮਿਲੀ ਕਿ ਉਸ ਦੇ ਬੱਚੇ ਇਕ ਜ਼ਬਰਦਸਤ ਤੂਫ਼ਾਨ ਵਿਚ ਮਾਰੇ ਗਏ ਹਨ ਤਾਂ ਉਸ ਨੇ ਆਪਣੇ ਕੱਪੜੇ ਪਾੜੇ ਅਤੇ ਸਿਰ ਮੁਣਾ ਲਿਆ।

ਮੂਸਾ ਦੀ ਸ਼ਰ੍ਹਾ ਦੇ ਮਤਹਿਤ ਯਾਜਕ ''ਪਰਤਾਪ ਅਤੇ ਸੁਹੱਪਣ'' ਲਈ ਪੱਗਾਂ (ਕੂਚ 28:40; 39:28) ਜਾਂ ਟੋਪੀਆਂ ਪਾਉਂਦੇ ਸਨ। ਪਗ ਪਹਿਨਣ ਤੋਂ ਇਲਾਵਾ ਮਹਾਯਾਜਕ ''ਪਵਿੱਤਰ ਤਾਜ'' ਪਹਿਨਦਾ ਸੀ (ਕੂਚ 29:6)। ਯਹੂਦੀ ਲੋਕ ਅੱਜ ਵੀ ਬੰਦਗੀ ਵੇਲੇ ਆਪਣੇ ਸਿਰਾਂ ਤੇ ਕੁਝ ਨਾ ਕੁਝ ਪਾ ਕੇ ਉਹ ਨੂੰ ਕੱਜਦੇ ਹਨ। ਦੂਜੇ ਪਾਸੇ ਕੋੜ੍ਹੀ ਆਦਮੀ ਲਈ ਆਪਣਾ ਉੱਪਰਲਾ ਬੁੱਲ੍ਹ ਢੱਕ ਕੇ ਆਪਣੇ ਸਿਰ ਦੇ ਵਾਲ ਖਿਲਾਰਣਾ ਜ਼ਰੂਰੀ ਹੁੰਦਾ ਸੀ (ਲੇਵੀਆਂ 13:45)।

ਗਿਣਤੀ 6 ਦੇ ਮੁਤਾਬਿਕ ਨਾਜ਼ੀਰੀ ਮੰਨਤ ਮੰਨਣ ਵਾਲਾ ਵਿਅਕਤੀ ਜਦੋਂ ਤਕ ਉਸ ਮੰਨਣ ਦੇ ਅਧੀਨ ਰਹਿੰਦਾ ਸੀ ਉਦੋਂ ਤਕ ਉਹ ਆਪਣੇ ਵਾਲ ਨਹੀਂ ਕਟਵਾ ਸਕਦਾ ਸੀ। ਸ਼ਮਊਨ ਨਾਜ਼ੀਰ ਹੀ ਸੀ।

ਰਿਬਕਾਹ ਨੇ ਆਪਣੇ ਵਿਆਹ ਤੋਂ ਪਹਿਲਾਂ ਇਸਹਾਕ ਨੂੰ ਉਸ ਨੂੰ ਮਿਲਣ ਲਈ ਖੇਤ ਦੇ ਦੂਜੇ ਪਾਸਿਓਂ ਆਉਂਦਿਆਂ ਵੇਖਿਆ ਤਾਂ ਉਤਪਤ 24:65 ਦੱਸਦਾ ਹੈ ਕਿ, ''ਉਸ ਨੇ ਨੌਕਰ ਕੋਲੋਂ ਪੁੱਛਿਆ, ਉਹ ਮਨੁੱਖ ਜਿਹੜਾ ਖੇਤ ਦੇ ਵਿੱਚ ਦੀ ਸਾਨੂੰ ਮਿਲਣ ਲਈ ਆਉਂਦਾ ਹੈ ਕੌਣ ਹੈ? ਅਤੇ ਨੌਕਰ ਨੇ ਆਖਿਆ,

ਉਹ ਮੇਰਾ ਸਵਾਮੀ ਹੈ ਤਾਂ ਉਹ ਨੇ ਬੁਰਕਾ ਲੈ ਕੇ ਆਪ ਨੂੰ ਢੱਕ ਲਿਆ।'' ਜ਼ਾਹਿਰ ਹੈ ਕਿ ਕਿਸੇ ਅਣਵਿਆਹੀ ਔਰਤ ਵੱਲੋਂ ਸਨਮਾਨ ਵਿਖਾਉਣ ਲਈ ਇਹ ਸਥਾਨਕ ਰੀਤ ਸੀ।

ਫਿਰ ਵੀ ਉਤਪਤ 38:14 ਵਿਚ ਅਸੀਂ ਪੜ੍ਹਦੇ ਹਾਂ ਕਿ ਜਦੋਂ ਤਾਮਾਰ ਨੇ ਯਹੂਦਾ ਨੂੰ ਰਿਝਾਉਣਾ ਚਾਹਿਆ ਤਾਂ ਉਸ ਨੇ *''ਆਪਣੇ ਉੱਤੋਂ ਰੰਡੇਪੇ ਦੇ ਵਸਤਰ* (ਜਿਸ ਵਿਚ ਜ਼ਾਹਿਰ ਤੌਰ ਤੇ ਘੁੰਡ ਨਹੀਂ ਸੀ) *ਲਾਹ ਸੁੱਟੇ ਅਰ ਬੁਰਕਾ ਪਾ ਕੇ ਆਪਣੇ ਆਪ ਨੂੰ ਲਪੇਟ ਲਿਆ।''* ਉਸ ਸਮਾਜ ਦੇ ਸੱਭਿਆਚਾਰ ਵਿਚ ਅਜਿਹਾ ਲਗਦਾ ਹੋਵੇਗਾ ਕਿ ਘੁੰਡ ਕੱਢਣਾ ਵੇਸਵਾ ਹੋਣ ਦੀ ਨਿਸ਼ਾਨੀ ਹੈ।

ਸਾਰਾਹ ਅਤੇ ਰਿਬਕਾਹ ਦੇ ਜ਼ਬਰਦਸਤੀ ਮਿਸਰ ਦੇ ਰਾਜੇ ਅਤੇ ਫ਼ਲਸਤੀਨ ਦੇ ਰਾਜੇ ਦੇ ਜਨਾਨਖਾਨੇ ਵਿਚ ਲਿਜਾਏ ਜਾਣ ਦਾ ਕਾਰਣ ਅਸੀਂ ਪੜ੍ਹਦੇ ਹਾਂ, *''ਕਿਉਂ ਜੋ ਉਹ ਵੇਖਣ ਵਿਚ ਸੋਹਣੀ ਸੀ''* (ਉਤਪਤ 12:14; 26:7)। ਜ਼ਾਹਿਰ ਹੈ ਕਿ ਉਸ ਸੱਭਿਆਚਾਰ ਵਿਚ ਇਹ ਜ਼ਰੂਰੀ ਨਹੀਂ ਸੀ ਕਿ ਉਸ ਵਕਤ ਜਾਂ ਥਾਂ ਦੀਆਂ ਔਰਤਾਂ ਘੁੰਡ ਕੱਢਣ ਨਾਲ ਕੋਈ ਉਨ੍ਹਾਂ ਦੀ ਖੂਬਸੂਰਤੀ ਨੂੰ ਵੇਖ ਨਾ ਸਕੇ।

ਪਹਿਲੀ ਸਦੀ ਦੇ ਕੁਰਿੰਥੁਸ ਸ਼ਹਿਰ ਦੀ ਮੂਰਤੀਪੂਜਕ ਲੋਕਾਂ ਦੀ ਸੱਭਿਅਤਾ ਵਿਚ ਹੀ ਜੋ ਕਿ ਰਤੀ ਦੇਵੀ ਦੀਆਂ ਪੁਜਾਰਣਾਂ ਅਤੇ ਦੇਵਦਾਸੀਆਂ ਹੁੰਦੀਆਂ ਸਨ, ਆਮ ਤੌਰ ਤੇ ਆਪਣੇ ਵਾਲ ਕਟਵਾ ਲੈਂਦੀਆਂ ਸਨ ਜਾਂ ਸਿਰ ਮੁਨਾ ਲੈਂਦੀਆਂ ਸਨ, ਜਿਸ ਤੋਂ ਉਨ੍ਹਾਂ ਦੇ ਪੇਸ਼ੇ ਦਾ ਪਤਾ ਲਗਦਾ ਸੀ। ਇਕ ਮਸੀਹੀ ਔਰਤ ਲਈ ਸਿਰ ਮੁਨਾਉਣਾ ਉਨ੍ਹਾਂ ਨਿਚੋੜਾਂ ਕਰਕੇ ''ਸ਼ਰਮ ਦੀ ਗੱਲ'' ਸੀ ਕਿ ਲੋਕ ਉਹਦੇ ਬਾਰੇ ਅਤੇ ਉਹ ਪਤੀ ਨਾਲ ਉਹ ਦੇ ਸਬੰਧ ਬਾਰੇ ਕੀ ਅਰਥ ਕੱਢ ਲੈਣਗੇ।

ਕੁਰਿੰਥੁਸ ਯੂਨਾਨੀਆਂ, ਰੋਮੀਆਂ ਅਤੇ ਯਹੂਦੀਆਂ ਸਣੇ–ਮਿਲੇ ਜੁਲੇ ਲੋਕਾਂ ਦੇ ਸੱਭਿਆਚਾਰ ਵਾਲਾ ਸ਼ਹਿਰ ਸੀ। ਅਜਿਹੀ ਹਾਲਤ ਵਿਚ ਵਾਲ ਬਣਾਉਣ ਦੇ ਨਾਲ ਘੁੰਢ ਕੱਢਣਾ ਵੀ ਪਛਾਣ ਦੀ ਗੱਲ ਹੁੰਦੀ ਸੀ।

ਉਸੇ ਤਰ੍ਹਾਂ ਅੱਜ ਸਮਾਜ ਦੇ ਉਸੇ ਬਾਗੀ ਤੱਤ ਵਾਲੀਆਂ ਔਰਤਾਂ ਵਾਲਾਂ ਦੇ ਬੇਢਵੇ ਫ਼ੈਸਨ ਕਰਨਾ ਇਕ ਮਸੀਹੀ ਔਰਤ ਲਈ ਜੋ ਅਜਿਹੇ ਵਾਲ ਬਣਾਉਣ ਦਾ ਕੰਮ ਕਰਦੀਆਂ, ਸ਼ਰਮਨਾਕ ਗੱਲਾ ਹੀ ਹੋਵੇਗੀ। ਕਾਇਮ ਇੰਤਜ਼ਾਮ ਦੇ ਇਖ਼ਤਿਆਰ ਦੇ ਪ੍ਰਤੀ ਬਗ਼ਾਵਤ ਅਤੇ ਉਸ ਨੂੰ ਨਾ ਮੰਨਣ ਲਈ ''ਹਿੱਪੀਆਂ'' ਦੇ ਵਾਲ ਰੱਖਣ ਦਾ ਤਰੀਕਾ ਵੀ ਵਰਤਿਆ ਜਾਂਦਾ ਸੀ।

ਇਹ ਸੱਚ ਹੈ ਕਿ ਪੁਰਾਣੇ ਅਤੇ ਨਵੇਂ ਨੇਮਾਂ ਵਿਚਕਾਰ ਵੰਡਣ ਵਾਲੀ ਇਕ ਵੱਡੀ ਰੇਖਾ ਹੈ ਅਤੇ ਜਿਹੜੇ ਨਿਯਮ ਇਕ ਨੇਮ ਦੇ ਤਹਿਤ ਆਉਂਦੇ ਹਨ ਉਨ੍ਹਾਂ ਦਾ ਦੂਜੇ ਨੇਮ ਦੇ ਨਿਯਮਾਂ ਨਾਲ ਕੋਈ ਵਾਸਤਾ ਨਹੀਂ ਹੁੰਦਾ। ਇਸ ਕਰਕੇ ਪੁਰਾਣੇ ਨੇਮ ਵਿਚ ਆਦਮੀਆਂ ਦੇ ਲੰਮੇ ਵਾਲ ਅਤੇ ਪੱਗ ਜਾਂ ਟੋਪੀ ਪਾਉਣ ਦੀ ਗੱਲ ਪੜ੍ਹਨ ਅਤੇ ਔਰਤਾਂ ਦੇ ਘੁੰਡ ਦੇ ਹੋਣ ਜਾਂ ਨਾ ਹੋਣ ਤੋਂ ਅਸੀਂ ਇਹ ਨਿਚੋੜ ਨਹੀਂ ਕੱਢ ਸਕਦੇ ਕਿ ਇਹ ਗੱਲਾਂ ਨਵੇਂ ਨੇਮ ਦੇ ਤਹਿਤ

ਮਸੀਹੀ ਲੋਕਾਂ ਲਈ ਦਿੱਤੀਆਂ ਗਈਆਂ ਹਦਾਇਤਾਂ ਉੱਤੇ ਕੋਈ ਪ੍ਰਭਾਅ ਪਾਉਂਦੀਆਂ ਹਨ।

ਬੇਸ਼ੱਕ ਅਸੀਂ ਇਹ ਨਿਚੋੜ ਕੱਢ ਸਕਦੇ ਹਾਂ ਕਿ (ਯਾਜਕਾਂ, ਕੋੜ੍ਹੀਆਂ ਅਤੇ ਨਜ਼ੀਰਾਂ ਲਈ ਸਿਰ ਢੱਕਣ ਦੀਆਂ ਜ਼ਿਆਦਾਤਰ ਗੱਲਾਂ ਰਵਾਇਤ ਜਾਂ ਸੱਭਿਆਚਾਰ ਦੇ ਵਰਗ ਵਿਚ ਆਉਂਦੀਆਂ ਲੱਗਦੀਆਂ ਹਨ। ਜ਼ਿਆਦਾਤਰ ਮਾਮਲਿਆਂ ਵਿਚ ਵਾਲਾਂ ਜਾਂ ਟੋਪੀ ਦੇ ਸਬੰਧ ਵਿਚ ਖ਼ੁਦਾ ਨੇ ਕੋਈ ਨਿਯਮ ਨਹੀਂ ਦਿੱਤਾ। ਫਿਰ ਵੀ ਪ੍ਰਚੱਲਤ ਰਵਾਇਤ ਨੂੰ ਧਿਆਨ ਵਿਚ ਰੱਖਦਿਆਂ ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਇਹ ਹਦਾਇਤਾਂ ਦਿੱਤੀਆਂ:

## 1 ਕੁਰਿੰਥੀਆਂ 11:7

ਕਿਉਂ ਜੋ ਪੁਰਖ ਨੂੰ ਆਪਣਾ ਸਿਰ ਕੱਜਿਆ ਰੱਖਣਾ ਨਹੀਂ ਚਾਹੀਦਾ ਇਸ ਲਈ ਜੋ ਉਹ ਪਰਮੇਸ਼ੁਰ ਦਾ ਸਰੂਪ ਅਤੇ ਪਰਤਾਪ ਹੈ ਪਰੰਤੂ ਇਸਤਰੀ ਪੁਰਖ ਦਾ ਪਰਤਾਪ ਹੈ।

ਉਸ ਸਮੇਂ ਅਤੇ ਸੰਸਾਰ ਦੇ ਉਸ ਭਾਗ ਵਿਚ ਪਾਈਆਂ ਜਾਣ ਵਾਲੀਆਂ ਰਸਮਾਂ ਵਿਚ ਜ਼ਾਹਿਰ ਤੌਰ ਤੇ ਗੈਰਕੌਮ ਆਦਮੀ ਕੱਪੜੇ ਨਾਲ ਜਾਂ ਲੰਮੇ ਵਾਲਾਂ ਨਾਲ ਸਿਰ ਨਹੀਂ ਢੱਕਦੇ ਸਨ, ਵਿਸ਼ਵਾਸੀ ਯਹੂਦੀ ਪੁਰਖ ਭਾਵੇਂ ਢੱਕਦੇ ਹੋਣਗੇ। ਦੂਜੇ ਪਾਸੇ ਮਤਹਿਤ ਰਹਿਣ ਵਾਲੀਆਂ ਸਨਮਾਨਿਤ ਔਰਤਾਂ ਬੇਸ਼ੱਕ ਢੱਕਦੀਆਂ ਸਨ। ਕੁਰਿੰਥੁਸ ਦੀ ਕਲੀਸੀਆ ਵਿਚ ਸਮਾਜ ਦੇ ਗੈਰਕੌਮ ਹਿੱਸੇ ਤੋਂ ਬਣੇ ਮਸੀਹੀ ਲੋਕ ਜ਼ਿਆਦਾ ਸਨ। ਜਿਸ ਕਰਕੇ ਉਨ੍ਹਾਂ ਦੇ ਸਮਾਜ ਵਿਚ ਆਦਮੀਆਂ ਦੇ ਸਿਰ ਢੱਕਣ ਦੀ ਰੀਤ ਅਤੇ ਔਰਤਾਂ ਲਈ ਘੁੰਡ ਕੱਢਣ ਦੀ ਰੀਤ ਨਹੀਂ ਹੋਵੇਗੀ।

## 1 ਕੁਰਿੰਥੀਆਂ 11:8-10

ਕਿਉਂ ਜੋ ਪੁਰਖ ਇਸਤਰੀ ਤੋਂ ਨਹੀਂ ਹੋਇਆ ਪਰ ਇਸਤਰੀ ਪੁਰਖ ਤੋਂ ਹੋਈ। ਅਤੇ ਨਾ ਪੁਰਖ ਇਸਤਰੀ ਦੇ ਲਈ ਉਤਪੰਨ ਹੋਇਆ ਪਰ ਇਸਤਰੀ ਪੁਰਖ ਦੇ ਲਈ ਉਤਪੰਨ ਹੋਈ। ਇਸ ਕਰਕੇ ਇਸਤਰੀ ਨੂੰ ਚਾਹੀਦਾ ਹੈ ਜੋ ਦੂਤਾਂ ਦੇ ਕਾਰਨ ਆਪਣੇ ਸਿਰ ਉੱਤੇ ਇਖ਼ਤਿਆਰ ਦਾ ਨਿਸ਼ਾਨ ਰੱਖੇ।

ਚਰਚਾ ਆਰੰਭ ਦੇ ਸਮੇਂ ਵਿਚ ਜਾ ਕੇ ਰਚਨਾ ਦੀ ਤਰਤੀਬ ਦੇ ਸਹੀ ਹੋਣ ਕਰਕੇ ਪੁਰਖ ਦੇ ਇਸਤਰੀ ਦਾ ਸਿਰ ਹੋਣ ਵੱਲ ਮੁੜ ਜਾਂਦੀ ਹੈ। ਇਹ ਤੱਥ ਸਪੱਸ਼ਟ ਹਨ, ਪਰ ਸਵਾਲ ਉੱਠਦਾ ਹੈ:

ਇਹਦਾ ਕੀ ਮਤਲਬ ਹੋਇਆ ਕਿ ''ਦੂਤਾਂ ਦੇ ਕਾਰਣ''? ਇਸ ਸਵਾਲ ਉੱਤੇ ਬਹੁਤ ਅਧਿਐਨ ਅਤੇ ਚਰਚਾ ਹੋ ਚੁੱਕੀ ਹੈ। ਪੱਕਾ ਕੋਈ ਨਹੀਂ ਦੱਸ ਸਕਦਾ ਕਿ ਇਹਦਾ

ਮਤਲਬ ਕੀ ਹੈ। ਪਰ ਇਕ ਸੰਭਾਵਨਾ ਚਰਚਾ ਦੇ ਮੁੱਖ ਭਾਗ ਨਾਲ ਮੇਲ ਖਾਂਦੀ ਹੈ ਕਿ ਹੇਠਾਂ ਸੁੱਟਿਆ ਗਿਆ ਫ਼ਰਿਸ਼ਤਾ ਸ਼ੈਤਾਨ ਹੀ ਸੀ ਜਿਹੜਾ ਹੱਵ੍ਹਾ ਦੇ ਕੋਲ ਆਇਆ ਅਤੇ ਉਸ ਨੇ ਉਸ ਤੋਂ ਖ਼ੁਦਾ ਦਾ ਹੁਕਮ ਤੁੜਵਾਇਆ। ਜਿਸ ਕਰਕੇ ਹੱਵ੍ਹਾ ਦੀ ਹਿਫ਼ਾਜ਼ਤ ਅਤੇ ਰਾਖੀ ਲਈ ਖ਼ੁਦਾ ਨੇ ਉਸ ਨੂੰ ਆਪਣੇ ਪਤੀ ਦੇ ਇਖ਼ਤਿਆਰ ਵਿਚ ਕਰ ਦਿੱਤਾ ਜਿਸ ਨੇ ਹਰ ਹਾਲ ਵਿਚ ਉਹ ਦੇ ਅਤੇ ਸੰਸਾਰ ਦੇ ਦਰਮਿਆਨ ਖਲੋਣਾ ਸੀ।

ਸ਼ੈਤਾਨ ਅਤੇ ਉਸ ਦੇ ਦੁਸ਼ਟ ਅੱਜ ਵੀ ਸੰਸਾਰ ਵਿਚ ਹਨ ਅਤੇ ਮਨੁੱਖ ਜਾਤੀ ਨੂੰ ਅਜੇ ਵੀ ਭਰਮਾ ਰਹੇ ਹਨ। ਜਿਹੜੀ ਔਰਤ ਆਪਣੇ ਸਿਰ ਭਾਵ ਆਪਣੇ ਪਤੀ ਦੇ ਇਖ਼ਤਿਆਰ ਵਿਚ ਰਹਿੰਦੀ ਹੈ ਉਹਦੇ ਕੋਲ ਆਪਣੇ ਅਤੇ ਸ਼ੈਤਾਨ ਦਰਮਿਆਨ ਕਵਚ ਹੈ। ਉਹ ਭਾਵੇਂ ਆਪਣੀ ਹਿਫ਼ਾਜ਼ਤ ਦੇ ਸੂਚਕ ਦੇ ਰੂਪ ਵਿਚ ਘੁੰਡ ਕੱਢੇ ਜਾਂ ਕੋਈ ਹੋਰ ਪ੍ਰਤੀਕ ਜਾਂ ਉਸ ਦਾ ਕਵਚ ਸਿਰਫ਼ ਸਿਰਫ਼ ਉਸ ਦਾ ਆਗਿਆਕਾਰੀ ਮਨ ਹੋਵੇ, ਉਸ ਨੂੰ ਇਖ਼ਤਿਆਰ ਦੇ ਮਤਹਿਤ ਰਹਿਣਾ ''ਚਾਹੀਦਾ ਹੈ।''

ਪੁਰਖ ਅਤੇ ਇਸਤਰੀ ਦੇ ਸਬੰਧ ਦੀ ਹੋਰ ਚਰਚਾ ਦੋਹਾਂ ਦੇ ਇਕ ਦੂਜੇ ਤੇ ਨਿਰਭਰ ਹੋਣ ਨੂੰ ਵਿਖਾਉਂਦੀ ਹੈ। ਸ਼ੁਰੂ ਵਿਚ ਭਾਵੇਂ ਔਰਤ ਨੂੰ ਆਦਮੀ 'ਚੋਂ ਬਣਾਇਆ ਗਿਆ ਸੀ ਪਰ ਖ਼ੁਦਾ ਵੱਲੋਂ ਜਨਮ ਦੇਣ ਦੇ ਸਿਸਟਮ ਵਿਚ ਆਦਮੀ ਦੀਆਂ ਅਗਲੀਆਂ ਸਭ ਪੀੜ੍ਹੀਆਂ ਨੂੰ ਦੁਨੀਆਂ ਵਿਚ ਔਰਤ ਦੇ ਰਾਹੀਂ ਹੀ ਲਿਆਂਦਾ ਗਿਆ ਹੈ। ਇਸ ਤਰ੍ਹਾਂ ਨਿਚੋੜ ਇਹ ਹੈ ਕਿ ਇਕ ਦੂਜੇ ਤੇ ਦੋਹਾਂ ਦੀ ਨਿਰਭਰਤਾ ਹੈ ਭਾਵ ਔਰਤ ਅਤੇ ਮਰਦ ਦੋਹਾਂ ਦੀ ਅਹਿਮੀਅਤ ਹੈ, ਇਸ ਦੇ ਬਾਵਜੂਦ ਅਖ਼ੀਰ ਵਿਚ ਸਭ ਗੱਲਾਂ ਖ਼ੁਦਾ ਵੱਲੋਂ ਹੀ ਹਨ।

## 1 ਕੁਰਿੰਥੀਆਂ 11:11, 12

ਤਾਂ ਭੀ ਪ੍ਰਭੂ ਵਿਚ ਨਾ ਇਸਤਰੀ ਪੁਰਖ ਤੋਂ ਅੱਡ ਹੈ ਅਤੇ ਨਾ ਪੁਰਖ ਇਸਤਰੀ ਤੋਂ ਅੱਡ। ਕਿਉਂਕਿ ਜਿਸ ਪਰਕਾਰ ਇਸਤਰੀ ਪੁਰਖ ਤੋਂ ਹੈ ਉਸੇ ਪਰਕਾਰ ਪੁਰਖ ਇਸਤਰੀ ਦੇ ਰਾਹੀਂ ਹੈ ਪਰ ਸੱਭੋ ਕੁਝ ਪਰਮੇਸ਼ੁਰ ਤੋਂ ਹੈ।

## 1 ਕੁਰਿੰਥੀਆਂ 11:13-15

ਤੁਸੀਂ ਆਪੇ ਨਿਆਉਂ ਕਰੋ, ਭਲਾ, ਇਹ ਫਬਦਾ ਹੈ ਜੋ ਇਸਤਰੀ ਨੰਗੇ ਸਿਰ ਪਰਮੇਸ਼ੁਰ ਦੇ ਅੱਗੇ ਪ੍ਰਾਰਥਨਾ ਕਰੇ? ਕੀ ਕੁਦਰਤ ਵੀ ਆਪ ਤੁਹਾਨੂੰ ਨਹੀਂ ਸਿਖਾਲਦੀ ਹੈ ਭਈ ਜੇ ਪੁਰਖ ਸਿਰ ਦੇ ਵਾਲ ਲੰਮੇ ਰੱਖੇ ਤਾਂ ਉਹ ਦੇ ਲਈ ਨਿਰਾਦਰ ਹੈ? ਪਰੰਤੂ ਜੇ ਇਸਤਰੀ ਲੰਮੇ ਵਾਲ ਰੱਖੇ ਤਾਂ ਉਹ ਦੇ ਲਈ ਸਜਾਉਟ ਹੈ ਕਿਉਂ ਜੋ ਵਾਲ ਉਸ ਨੂੰ ਪੜਦੇ ਦੇ ਥਾਂ ਦਿੱਤੇ ਹੋਏ ਹਨ।

ਕੁਰਿੰਥੀਆਂ ਨੂੰ ਚੁਣੌਤੀ ਦਿੱਤੀ ਗਈ ਕਿ ਇਸ ਮਾਮਲੇ ਵਿਚ ਉਹ ਆਪੇ ਹੀ ਵਿਚਾਰ

ਕਰਨ। ਫਿਰ ਉਨ੍ਹਾਂ ਤੋਂ ਪੁੱਛਿਆ ਗਿਆ, *''ਭਲਾ ਇਹ ਫੱਬਦਾ ਹੈ ਕਿ ਜੋ ਇਸਤਰੀ ਨੰਗੇ ਸਿਰ ਪਰਮੇਸ਼ੁਰ ਦੇ ਅੱਗੇ ਪ੍ਰਾਰਥਨਾ ਕਰੇ?''* ਫਿਰ ਇਹ ਜਤਾਉਂਦੇ ਹੋਏ ਕਿ ਚਰਚਾ ਘੁੰਡ ਜਾਂ ਪਰਦੇ ਤੋਂ ਹੱਟ ਕੇ ਦੂਜੇ ਪਾਸੇ ਜਾ ਰਹੀ ਹੈ, ਜਵਾਬ ਦਿੱਤਾ ਜਾਂਦਾ ਹੈ ਕਿ ਔਰਤ ਦੇ ਲੰਮੇ ਵਾਲ ਉਹਦੀ ਸ਼ਾਨ ਹਨ ਅਤੇ ਉਸ ਨੂੰ ਸਜਾਵਟ ਵਾਸਤੇ ਦਿੱਤੇ ਗਏ ਹਨ। ਕਈਆਂ ਦਾ ਸੁਝਾਅ ਹੈ ਕਿ ਅਸੀਂ ਇੱਥੇ ਇਹ ਚਰਚਾ ਕਰ ਸਕਦੇ ਹਾਂ ਕਿ ਆਦਮੀ ਦੇ ਮੁਕਾਬਲੇ ਔਰਤ ਦੇ ਵਾਲ ਲੰਮੇ ਹੋਣਾ ''ਘੁੰਡ'' ਵਾਸਤੇ ਹੈ।

ਬੇਸ਼ੱਕ ਅਜਿਹਾ ਲਗਦਾ ਹੈ ਕਿ ਪਿਛਲੀਆਂ ਆਇਤਾਂ ਵਿਚ ਵਾਧੂ ਘੁੰਡ ਦੀ ਗੱਲ ਹੈ ਜਿਹਾ ਕਿ ਸਨਮਾਨਿਤ ਔਰਤਾਂ ਵੱਲੋਂ ਰਵਾਇਤੀ ਤੌਰ ਤੇ ਕੀਤਾ ਜਾਂਦਾ ਸੀ। ਪਰ ਇਹ ਆਇਤ ਸੁਝਾਅ ਦਿੰਦੀ ਹੈ ਕਿ ਔਰਤ ਦੇ ਸਿਰ ਢੱਕਣ ਲਈ ਲੰਮੇ ਵਾਲ ਕਬੂਲ ਹਨ ਜੋ ਕਿ ਦੁਨੀਆਂ ਵਿਚ ਹਰ ਥਾਂ ਅਤੇ ਹਰ ਯੁੱਗ ਵਿਚ ਸਭ ਔਰਤਾਂ ਕੋਲ ਹੁੰਦੇ ਹਨ ਅਤੇ ਇਹ ਸੁਭਾਵਕ ਸਿਰ ਢੱਕਣਾ ਰਸਮ ਜਾਂ ਰੀਤ ਨਾਲ ਕਿਸੇ ਤਰ੍ਹਾਂ ਬਦਲਦਾ ਨਹੀਂ ਹੈ।

ਬਿਨਾਂ ਕਿਸੇ ਝਗੜੇ ਦੇ, ਜਿਵੇਂ ਕਿ ਇਹ ਆਇਤ ਸੁਝਾਅ ਦਿੰਦੀ ਹੈ, ਆਮ ਤੌਰ ਤੇ ਹੁੰਦਾ ਹੈ ਕਿ ਆਦਮੀਆਂ ਦੇ ਵਾਲ ਔਰਤਾਂ ਦੇ ਵਾਲਾਂ ਨਾਲੋਂ ਛੋਟੇ ਹੁੰਦੇ ਹਨ। ਇਹ ਇਕ ਅਜਿਹੀ ਹਕੀਕਤ ਹੈ ਜੋ ਆਪਣੇ ਆਪ ਵਿਚ ਬੁਨਿਆਦ ਹੋਣੀ ਚਾਹੀਦੀ ਹੈ। ਇਹਦਾ ਮਤਲਬ ਇਹ ਨਹੀਂ ਹੈ ਕਿ ਆਦਮੀ ਦੇ ਵਾਲ ਨਹੀਂ ਹੋ ਸਕਦੇ, ਜਾਂ ਔਰਤ ਦੇ ਵਾਲਾਂ ਤੇ ਕਦੇ ਕੈਂਚੀ ਨਹੀਂ ਲੱਗ ਸਕਦੀ। ''ਲੰਮੇ'' ਲਈ ਇਹ ਨਹੀਂ ਦੱਸਿਆ ਗਿਆ ਕਿ ਕਿੰਨੇ ਸੈਂਟੀਮੀਟਰ ਜਾਂ ਕਿੰਨੇ ਇੰਚ ਲੰਮੇ ਹੋਵੇ ਚਾਹੀਦੇ ਹਨ। ਇਹਦੀ ਥਾਂ ਕਿਉਂ ਜੋ ਇਹ ਜਿਸਮ ਦਾਂ ਇਕ ਬਦਲਣ ਵਾਲਾ ਹਿੱਸਾ ਹੈ, ਇਸ ਕਰਕੇ ਵਾਲਾਂ ਦੀ ਲੰਬਾਈ ਦੀ ਵਰਤੋਂ ਆਦਮੀ ਅਤੇ ਔਰਤ ਦਰਮਿਆਨ ਸਰੀਰਕ ਫ਼ਰਕ ਬਣਾਈ ਰੱਖਣ ਦੀ ਮਦਦ ਵਿਚ ਕੀਤੀ ਜਾਣੀ ਚਾਹੀਦੀ ਹੈ।

ਸ਼ਾਇਦ ਬਾਈਬਲ ਦੇ ਦੋ ਵੱਖੋ–ਵੱਖ ਵਿਸ਼ਿਆਂ ਵਿਚ ''ਜੋੜਿਆਂ'' ਵਿਚਕਾਰ ਸਮਾਨਤਾ ਬਣਾ ਕੇ ਇਸ ਨੂੰ ਸਮਝਾਇਆ ਜਾ ਸਕਦਾ ਹੈ:

ਵਾਲਾਂ ਦੇ ਕੁਦਰਤੀ ਸਿਰ ਢੱਕਣ ਅਤੇ ਘੁੰਡ ਵਿਚਕਾਰ; ਆਦਮੀ ਦੀਆਂ ਵੋਕਲ ਕੌਡ ਦੇ ਮੁਕਾਬਲੇ ਬੰਦਗੀ ਵਿਚ ਗਾਉਣ ਦੇ ਨਾਲ ਸਾਜ਼ਾਂ ਦੀ ਵਰਤੋਂ ਵਿਚਕਾਰ।

ਭਾਵੇਂ ਜਿੰਨੇ ਵੀ ਤਰਕ ਹੋਣ ਪਰ ਆਦਮੀ ਦੀਆਂ ਵੋਕਲ ਕੌਡ (vocal cord) ਉਸ ਨੂੰ ਕਿਤੇ ਵੀ, ਕਿਸੇ ਵੀ ਸਮੇਂ, ਕਿਸੇ ਵੀ ਹਾਲਾਤ ਵਿਚ ਗਾਉਣ ਵਿਚ ਬੰਦਗੀ ਕਰਨ ਦੇ ਯੋਗ ਬਣਾਉਂਦੀਆਂ ਹਨ, ਜੋ ਕਿ ਸਾਜ਼ਾਂ ਦੇ ਲਾਜ਼ਮੀ ਹੋਣ ਤੇ ਹਰ ਥਾਂ, ਹਰ ਸਮੇਂ ਜਾਂ ਹਰ ਹਾਲਾਤ ਵਿਚ ਮੁਮਕਿਨ ਨਹੀਂ ਹੋਵੇਗਾ।

ਇਹ ਜਾਣਦਿਆਂ ਕਿ ਵਾਲਾ ਦਾ ਔਰਤਾਂ ਵਾਲਾ ਪੜਦਾ ਉਸ ਨੂੰ ਆਦਮੀ ਨਾਲੋਂ ਅੱਡ ਕਰਦਾ ਹੈ, ਔਰਤ ਵਿਚ ਉਹੀ ਫ਼ਾਇਦਾ ਹੈ ਅਤੇ ਘੁੰਡ ਜਾਂ ਪੜਦਾ ਹੋਣ ਦੇ ਬਾਵਜੂਦ ਇਸ ਅਰਥ ਵਿਚ ਉਸ ਦੇ ਮਤਹਿਤ ਹੋਣ ਦਾ ਪਰਤੀਕ ਹੈ।

***ਵਿਚਾਰ ਕਰਨ ਵਾਲੀ ਗੱਲ***

*"ਤੁਸੀਂ ਆਪੇ ਨਿਆਂਓ ਕਰੋ'' ... "ਫਬਦਾ ਹੈ'' ... "ਕੀ ਕੁਦਰਤ ਆਪ ਵੀ ਤੁਹਾਨੂੰ ਨਹੀਂ ਸਿਖਾਲਦੀ'' ... "ਜੇ'' "ਦਸਤੂਰ'' ... ਵਰਗੇ ਸ਼ਬਦਾਂ ਤੋਂ ਸੰਕੇਤ ਮਿਲਦਾ ਹੈ ਕਿ ਨਿਯਮ ਨਾਲੋਂ ਇਸ ਨੂੰ ਸਥਾਨਕ ਰੀਤ ਨੂੰ ਧਿਆਨ ਵਿਚ ਰੱਖਦਿਆਂ ਫ਼ੈਸਲਾ ਲੈਣ ਲਈ ਕਿਹਾ ਗਿਆ ਹੈ।*

*ਉਨ੍ਹਾਂ ਲਈ ਜਿਹੜੇ ਜ਼ਿਦ ਕਰਦੇ ਹਨ ਕਿ ਇਨ੍ਹਾਂ ਵਚਨਾਂ ਵਿਚ ਸਿਰ ਢੱਕਣ ਲਈ ਪੱਲਾ ਹੋਣਾ ਜ਼ਰੂਰੀ ਦੱਸਿਆ ਗਿਆ ਹੈ, ਭਲਾ ਇਸ ਸਮਝ ਦੀ ਹਮਾਇਤ ਕਰਨ ਵਾਲਾ ਕੋਈ ਹਵਾਲਾ ਹੈ? ਆਇਤਾਂ ਨੂੰ ਇਕੱਠਾ ਮਿਲਾਉਣ ਤੇ ਇਕ ਸਪੱਸ਼ਟ ਸਮਝ ਬਣਾਉਣ ਲਈ ਖ਼ੁਦਾ ਕਿਸੇ ਵਿਸ਼ੇ ਤੇ ਇਕ ਨਾਲੋਂ ਵੱਧ ਥਾਂਵਾਂ ਤੇ ਸਮਝਾਉਂਦਾ ਹੈ।*

ਦੋ ਹੋਰ ਗੱਲਾਂ ਪ੍ਰਾਸੰਗਿਕ ਹਨ:

ਭਾਵੇਂ ਕੋਈ ਹੋਰ ਹਵਾਲਾ ਨਹੀਂ ਹੈ ਜੋ ਕਲੀਸੀਆ ਵਿਚ ਔਰਤਾਂ ਦੇ ਸਿਰ ਢੱਕਣ ਦੀ ਵਰਤੋਂ ਦਾ ਹੁਕਮ ਦਿੰਦਾ ਹੋਵੇ ਪਰ ਇਕ ਅਜੀਬ ਜਿਹੀ ਖਾਮੋਸ਼ੀ ਹੈ ਕਿ ਜੇ ਪੌਲੁਸ ਸੱਭਿਅਤਾ ਦੇ ਨਿਯਮ ਦੀ ਥਾਂ ਆਮ ਨਿਯਮ ਦੀ ਗੱਲ ਕਰ ਰਿਹਾ ਸੀ ਤਾਂ ਸਥਾਨਕ ਸੱਭਿਅਤਾ ਦੇ ਰੋਜ਼ਮੱਰਾ ਦੀ ਜ਼ਿੰਦਗੀ ਨੂੰ ਲੈਣ ਤੇ ਵਿਚਾਰ (ਜਦ ਇਹ ਖ਼ੁਦਾ ਦੇ ਨਿਯਮ ਨਾਲ ਉਲਝਦਾ ਨਾ ਹੋਵੇ) ਮੂਰਤੀਆਂ ਨੂੰ ਚੜ੍ਹਾਏ ਗਏ ਭੋਜਨ ਨਾਲ ਸਬੰਧਿਤ (1 ਕੁਰਿੰਥੀਆਂ 8:10), ਮਸੀਹ ਵਿਚ ਅਜ਼ਾਦੀ (ਗਲਾਤੀਆਂ 5:13–15), ਵਿਆਹ ਕਰਨ ਜਾਂ ਅਣਵਿਆਹੇ ਰਹਿਣ ਦੀ ਛੂਟ (1 ਕੁਰਿੰਥੀਆਂ 7), ਯਹੂਦੀ ਰਸਮਾਂ ਨੂੰ ਮੰਨਣਾ *[ਜਾਂ ਨਾ ਮੰਨਣ]* (ਰਸੂਲਾਂ ਦੇ ਕਰਤੱਬ 16:3; ਗਲਾਤੀਆਂ 2:3–5; ਰਸੂਲਾਂ ਤਦੇ ਕੰਮ 21:18–26) ਦੀ ਗੱਲ ਕੀਤੀ ਗਈ ਹੈ।

ਮਸੀਹੀ ਲੋਕਾਂ ਨੂੰ ਜਿਵੇਂ ਮਸੀਹ ਮੱਤੀ 23:5 ਵਿਚ ਯਿਸੂ ਵੱਲੋਂ ਆਪਣੇ ਤਵੀਜ਼ ਚੌੜੇ ਕਰਨ ਸਬੰਧੀ ਚਿਤਾਵਨੀ ਦਿੱਤੀ ਗਈ ਸੀ ਅਤੇ ਅਧਿਆਇ 5 ਵਿਚ ਮਨੁੱਖਾਂ ਨੂੰ ਵਿਖਾਉਣ ਲਈ ਰੋਜ਼ਾ ਰੱਖਣ ਅਤੇ ਦੁਆ ਕਰਨ ਵਿਚ ਚਿਤਾਵਨੀ ਦਿੰਦਿਆਂ ਮਨਾਹੀ ਕੀਤੀ ਗਈ ਸੀ।

1 ਕੁਰਿੰਥੀਆਂ 11:13–15 ਦਾ ਮਤਲਬ ਇਹ ਹੈ ਕਿ ਖ਼ੁਦਾ ਨਹੀਂ ਚਾਹੁੰਦਾ ਕਿ ਮਰਦ ਔਰਤਾਂ ਵਰਗੇ ਨਜ਼ਰ ਆ ਕੇ ਉਸ ਦਾ ਅਪਮਾਨ ਕਰਨ; ਨਾ ਹੀ ਉਹ ਕਿਸੇ ਮਸੀਹੀ ਤੋਂ ਆਪਣੇ ਵਾਲ ਕਟਵਾ ਕੇ ਜਾਂ ਮੁਨਾ ਕੇ, ਜੋ ਕਿ ਉਸ ਵਕਤ ਮੰਦਰ ਦੀ ਵੇਸਵਾ ਦੀ ਪਛਾਣ ਸੀ ਜਾਂ ਆਦਮੀ ਵਰਗੀ ਨਜ਼ਰ ਆ ਕੇ ''ਨੰਗੇ ਸਿਰ'' ਹੋਣ ਨਾਲ ਆਪਣੇ ਪਤੀ ਦਾ ਅਨਾਦਰ ਕਰੇ।

ਔਰਤ–ਮਰਦ ਦੇ ਪਹਿਰਾਵੇ ਦਾ ਇਹ ਖ਼ਾਸ ਸੁਆਲ ''ਸੱਭਿਅਤਾ'' ਦੀਆਂ ਬਦਲਦੀਆਂ ਹੋਈਆਂ ਸਨਕਾਂ ਦੇ ਕਾਰਣ ਨਹੀਂ ਹੈ। ਇਹ ਆਦਮੀ ਅਤੇ ਔਰਤ ਦੀਆਂ ਭੂਮਿਕਾਵਾਂ ਦੇ ਸਬੰਧ ਵਿਚ ਇਖ਼ਤਿਆਰ ਦੇ ਖ਼ੁਦਾ ਦੇ ਨਿਯਮਾਂ ਉੱਤੇ ਅਧਾਰਿਤ ਹੈ ਅਤੇ

ਇਸ ਦੀ ਸ਼ੁਰੂਆਤ ਆਦਮ ਅਤੇ ਹੱਵ੍ਹਾ ਦੇ ਸਮੇਂ ਤੋਂ ਹੀ ਹੋਈ ਲਗਦੀ ਹੈ। ਪਰ ਵਾਲਾਂ ਦੇ ਕੁਦਰਤੀ ਢੱਕਣ ਦੇ ਇਲਾਵਾ ਪਰਦੇ, ਘੁੰਡ ਕਰਨ ਜਾਂ ਪੱਲਾ ਲੈਣ ਦਾ ਸੁਆਲ ਸਥਾਨਕ ਰੀਤ ਜਾਂ ਸੱਭਿਅਤਾ ਦਾ ਮਾਮਲਾ ਹੈ, ਜੋ ਕਿ ਸਮੇਂ ਦੇ ਨਾਲ ਬਦਲ ਸਕਦਾ ਹੈ।

ਅੱਜ ਜੇ ਸੱਭਿਆਚਾਰ ਅਜਿਹਾ ਹੈ ਕਿ ਘੁੰਡ ਕੱਢੇ ਬਗੈਰ ਔਰਤ ਨੂੰ ਅਨੈਤਿਕ ਜਾਂ ਆਪਣੇ ਪਤੀ ਦੇ ਪ੍ਰਤੀ ਅਨਾਦਰ ਵਿਖਾਉਣ ਵਾਲੀ ਮੰਨਿਆ ਜਾਂਦਾ ਹੈ ਤਾਂ ਸਥਾਨਕ ਸੱਭਿਆਚਾਰ ਨੂੰ ਚੁਣੌਤੀ ਦੇਣ ਨਾਲੋਂ ਉਸ ਦੀ ਕਦਰ ਕਰਨ ਵਿਚ ਸਿਆਣਪ ਹੈ। ਜਾਂ ਜੇ ਆਪਣੇ ਪ੍ਰਤੀ ਦੇ ਪ੍ਰਤੀ ਪਤਨੀ ਦੀ ਅਧੀਨਗੀ ਨੂੰ ਵਿਖਾਉਣ ਲਈ ਕਿਸੇ ਸੱਭਿਆਚਾਰ ਵਿਚ ਕਿਸੇ ਹੋਰ ''ਪ੍ਰਤੀਕ'' ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਰੀਤ ਨੂੰ ਮੰਨਣ ਨੂੰ ਤਰਜੀਹ ਦਿੱਤੀ ਜਾਵੇ ਤਾਂ ਜੋ *''ਵਿਰੋਧੀਆਂ ਨੂੰ ਨਿੰਦਿਆਂ ਕਰਨ ਦਾ ਮੌਕਾ ਨਾ''* ਮਿਲੇ (1 ਤਿਮੋਥਿਉਸ 5:14)। ਦੂਜੇ ਪਾਸੇ ਜੇ ਕਿਸੇ ਸੱਭਿਅਤਾ ਵਿਚ ਘੁੰਡ ਜਾਂ ਟੋਪ ਪ੍ਰਾਸੰਗਿਕ ਨਹੀਂ ਹੈ ਤਾਂ ਉਸ ਨੂੰ ਪਾਉਣਾ ਬੇਕਾਰ ਹੀ ਹੋਵੇਗਾ ਕਿਉਂ ਜੋ ਇਹ ਮਸੀਹੀ ਆਦਮੀ ਦਾ ਤਮਾਸ਼ਾ ਹੀ ਬਣਾਵੇਗਾ। ਸਾਨੂੰ ਅਜਿਹੀ ਬੇਲੋੜੀ ਖਿੱਚ ਦਾ ਕਾਰਣ ਨਹੀਂ ਬਣਨਾ ਚਾਹੀਦਾ (ਮੱਤੀ 6:5, 16)

## 1 ਕੁਰਿੰਥੀਆਂ 11:16

ਪਰ ਜੇ ਕੋਈ ਝਾਗੜੂ ਮਲੂਮ ਹੋਵੇ ਤਾਂ ਨਾ ਸਾਡਾ ਕੋਈ ਇਹੋ ਜਿਹਾ ਦਸਤੂਰ ਹੈ ਅਤੇ ਨਾ ਪਰਮੇਸ਼ੁਰ ਦੀਆਂ ਕਲੀਸੀਆਵਾਂ ਦਾ।

ਭਲਾ ਪੌਲੁਸ ਇਹ ਆਖ ਰਿਹਾ ਹੈ ਕਿ ਦੁਨੀਆਂ ਭਰ ਵਿਚ ਸਾਡੇ ਅੰਦਰ ਜੋ ਕਿ ਮਸੀਹ ਦੀ ਕਲੀਸੀਆਵਾਂ ਦੇ ਲੋਕ ਹਨ, ਘੁੰਡ ਲਾਹੁਣ ਦਾ ਸਾਡਾ ਕੋਈ ਦਸਤੂਰ ਨਹੀਂ''? ਜਾਂ ਉਹ ਇਹ ਕਹਿ ਰਿਹਾ ਹੈ ਕਿ ''ਦੁਨੀਆਂ ਭਾਰ ਵਿਚ ਸਾਡਾ ਜੋ ਕੀ ਮਸੀਹ ਦੀਆਂ ਕਲੀਸੀਆਵਾਂ ਦੇ ਲੋਕ ਹਨ, ਸਿਰ ਢੱਕਣ ਦਾ ਕੋਈ ਦਸਤੂਰ ਨਹੀਂ ਹੈ''? ਭਲਾ ਪੌਲੁਸ ਇਹ ਆਖ ਰਿਹਾ ਹੈ ਕਿ ਇਸ ਵਿਚ ਝਗੜਾ ਕਰਨ ਵਾਲੀ ਕੋਈ ਗੱਲ ਨਹੀਂ ਹੈ? ਜਾਂ ਪੂਰੇ ਸਵਾਲ ਨੂੰ ਹੀ ''ਦਸਤੂਰ'' ਵਿਚ ਵੰਡ ਰਿਹਾ ਹੈ?

ਸੰਖੇਪ ਵਿਚ ਉੱਪਰ ਦਿੱਤੀਆਂ ਗਈਆਂ ਸਭ ਗੱਲਾਂ ਉੱਤੇ ਫੇਰ ਤੋਂ ਵਿਚਾਰ ਕਰਦੇ ਹਾਂ:

1. ਪੂਰਾ ਹਵਾਲਾ ਖ਼ੁਦਾ ਵੱਲੋਂ ਠਹਿਰਾਏ ਗਏ ਇਖ਼ਤਿਆਰ ਦੀ ਤਰਤੀਬ ਦੀ ਗੱਲ ਕਰ ਰਿਹਾ ਹੈ। ਮਸੀਹ ਦਾ ਸਿਰ ਪਰਮੇਸ਼ੁਰ ਹੈ; ਆਦਮੀ ਦਾ ਸਿਰ ਮਸੀਹ ਹੈ; ਔਰਤ ਦਾ ਸਿਰ ਆਦਮੀ ਹੈ। ਆਦਮੀ ਨੂੰ ਔਰਤ ਲਈ ਨਹੀਂ ਬਣਾਇਆ ਗਿਆ ਸੀ, ਬਲਕਿ ਔਰਤ ਨੂੰ ਆਦਮੀ ਲਈ ਬਣਾਇਆ ਗਿਆ ਸੀ। ਆਦਮੀ ਖ਼ੁਦਾ ਦਾ ਸਰੂਪ ਅਤੇ ਉਸ ਦਾ ਤੇਜ ਹੈ, ਜਦ ਕਿ ਆਦਮੀ ਦੀ ਪੱਸਲੀ ਵਿੱਚੋਂ ਬਣੀ ਹੋਣ ਕਰਕੇ ਔਰਤ ਆਦਮੀ ਦੀ ਮਹਿਮਾ ਹੈ।
2. ਦੂਜੀ ਗੱਲ ਇਹ ਹੈ ਕਿ ਆਦਮੀ ਅਤੇ ਔਰਤ ਦੇ ਪਹਿਰਾਵੇ ਵਿਚ ਸਾਫ਼ ਸਾਫ਼

ਫ਼ਰਕ ਹੋਣਾ ਲਾਜ਼ਮੀ ਹੈ। ਕੁਦਰਤ ਵੀ ਇਹ ਸਿਖਾਉਂਦੀ ਹੈ ਕਿ ਜੇ ਕਿਸੇ ਆਦਮੀ ਦੇ ਵਾਲ ਲੰਮੇ ਹਨ ਤਾਂ ਇਹ ਉਹਦੇ ਲਈ ਅਨਾਦਰ ਦੀ ਗੱਲ ਹੈ। ਪਰ ਜੇ ਔਰਤ ਦੇ ਵਾਲ ਲੰਮੇ ਹਨ ਤਾਂ ਇਹ ਉਹਦੇ ਲਈ ਮਾਣ ਦੀ ਗੱਲ ਹੈ।

3. ਔਰਤ ਦੇ ਵਾਲ਼ ਉਸ ਨੂੰ ਸਿਰ ਢੱਕਣ ਲਈ ਦਿੱਤੇ ਗਏ ਹਨ। ਵਾਲਾਂ ਦਾ ਪੜਦਾ ਖ਼ੁਦਾ ਵੱਲੋਂ ਦਿੱਤਾ ਗਿਆ ਹੈ।
4. ਵਾਲਾਂ ਦਾ ਪੜਦਾ ਖ਼ੁਦਾ ਵੱਲੋਂ ਦਿੱਤਾ ਗਿਆ ਹੈ। ਘੁੰਡ ਦੇ ਵਾਧੂ ਪੜਦੇ ਵੱਖੋ ਵੱਖ ਰਸਮਾਂ ਜਾਂ ਰੀਤਾਂ ਨੂੰ ਮੰਨਣ ਤੇ ਅਧਾਰਿਤ ਹੋਣਗੇ ਨਾ ਕਿ ਵਚਨ ਦੇ ਅਧਾਰਿਤ।
5. ਇਸ ਗੱਲ ਤੇ ਜ਼ੋਰ ਦੇਣਾ ਕਿ ਹਰ ਸੱਭਿਆਚਾਰ ਵਿਚ ਸਭ ਮਸੀਹੀ ਔਰਤਾਂ ਵੱਲੋਂ ਪੂਰਾ ਸਿਰ ਕੱਜਣਾ ਹੋਰਨਾਂ ਵਚਨਾਂ ਦੇ ਨਿਯਮਾਂ ਦਾ ਉਲੰਘਣ ਹੋਵੇਗਾ ਜਿੱਥੇ ਮਸੀਹੀ ਲੋਕਾਂ ਨੂੰ ਅਜਿਹੇ ਵਿਹਾਰ ਦੀ ਮਨਾਹੀ ਕੀਤੀ ਗਈ ਹੈ ਜਿਸ ਨਾਲ ਲੋਕਾਂ ਦਾ ਧਿਆਨ ਉਨ੍ਹਾਂ ਵੱਲ ਬਿਨਾਂ ਕਾਰਣ ਖਿੱਚਿਆ ਜਾਵੇ।

## ਚਰਚਾ ਲਈ ਸਵਾਲ

1. 1 ਕੁਰਿੰਥੀਆਂ 11 ਵਾਲੇ ਭਾਗ ਵਿਚ ਸ਼ੁਰੂ ਵਿਚ ਪਵਿੱਤਰ ਆਤਮਾ ਫੇਰ ਤੋ ਇਖ਼ਤਿਆਰ ਦੀ ਤਰਤੀਬ ਨੂੰ ਠਹਿਰਾਉਂਦਾ ਹੈ। ਉਹ ਤਰਤੀਬ ਕੀ ਹੈ?
2. ਇਸ ਵਚਨ ਵਿਚ ਭਾਵੇਂ ਜੋ ਵੀ ਸਿੱਖਿਆ ਹੋਵੇ ਸਾਨੂੰ ................. ਦੇ ਠਹਿਰਾਏ ਇਖ਼ਤਿਆਰ ਦੀ .................... ਨੂੰ ਕਦੇ ਵੀ ..................... ਭੁਲਾਉਣਾ ਚਾਹੀਦਾ ਹੈ।
3. ਭਲਾ ਤੁਹਾਡੇ ਸਮਾਜ ਵਿਚ ਕਿਸੇ ਔਰਤ ਦੇ ਵਾਲ ਕੱਟਣਾ ਜਾਂ ਘੁੰਡ ਨਾ ਕੱਢਣਾ ਜਾਂ ਪੱਲਾ ਨਾ ਲੈਣਾ ਸ਼ਰਮ ਦੀ ਗੱਲ ਮੰਨੀ ਜਾਂਦੀ ਹੈ?
4. ਅਤੀਤ ਵਿਚ ਲੋਕਾਂ ਦੇ ਵਿਸ਼ਵਾਸ, ਇਖ਼ਲਾਕ, ਧਾਰਮਿਕ ਆਸਥਾ ਆਦਿ ਵਿਚ ਵਰਤੇ ਜਾਣ ਵਾਲੇ ਵਾਲਾਂ ਅਤੇ ਸਿਰ ਢੱਕਣ ਦੀਆਂ ਕੁਝ ਉਦਾਹਰਣਾਂ ਦਿਓ।
5. ਮੂਰਤੀਪੂਜਕ ਧਰਮਾਂ ਵਿਚ ਆਮ ਤੌਰ ਤੇ ਪੁਜਾਰਨਾਂ ਆਪਣੇ ਵਾਲ ਕਟਵਾ ਲੈਂਦੀਆਂ ਸਨ ਜਾਂ ਮੁਨਾ ਲੈਂਦੀਆਂ ਸਨ, ਇਸ ਕਰਕੇ ਜੇ ਕੋਈ ਮਸੀਹੀ ਔਰਤ ਇਸ ਤਰ੍ਹਾਂ ਨਾਲ ਸਿਰ ................... ਤਾਂ ਉਹਦੇ ਲਈ ਇਹ .................... ਗੱਲ ਸੀ।
6. ''ਤਸੀਂ ਆਪੇ ਨਿਆਓਂ ਕਰੋ, ਭਲਾ, ਇਹ ................ਹੈ ਜੋ ............... ਪਰਮੇਸ਼ੁਰ ਦੇ ਅੱਗੇ ................... ਕਰੇ?''
7. ਵਚਨ ਵਿਚ ਜ਼ਿਆਦਾਤਰ ਮਾਮਲਿਆਂ ਵਿਚ .................... ਦੇ ਸਬੰਧ ਵਿਚ ਖ਼ੁਦਾ ਨੇ ਕੋਈ ਨਿਯਮ ਨਹੀਂ ਦਿੱਤਾ।
8. ਸਿਰ ਢੱਕਣ ਅਤੇ ਲੰਮੇ ਵਾਲਾਂ ਦੇ ਸਬੰਧ ਵਿਚ ਕੁਰਿੰਥੁਸ ਵਿਚ ਆਦਮੀਆਂ ਅਤੋ ਔਰਤਾਂ ਲਈ ਕੀ ਦਸਤੂਰ ਸੀ?
9. ''ਦੂਤਾਂ ਦੇ ਕਾਰਣ'' ਦੇ ਸੰਭਾਵਿਤ ਅਰਥ ਤੇ ਚਰਚਾ ਕਰੋ।

10. ਪੌਲੁਸ ਨੇ ਕੀ ਆਖਿਆ ਕਿ ਕੁਦਰਤ ਵੀ ਕੀ ਸਿਖਾਉਂਦੀ ਹੈ?
11. ਆਇਤ 15 ਵਿਚ ਔਰਤ ਦੇ ਵਾਲਾਂ ਬਾਰੇ ਕਿਹੜੇ ਦੋ ਸ਼ਬਦ ਵਰਤੇ ਗਏ?
12. ਇਕ ਮਿਸਾਲ ਦੇ ਤੌਰ ਤੇ ਕਿ ਔਰਤ ਦੇ ਪੜਦੇ ਲਈ ਖ਼ੁਦਾ ਸਿਰਫ਼ ਵਾਲਾਂ ਨੂੰ ਹੀ ਕਾਫ਼ੀ ਮੰਨ ਸਕਦਾ ਹੈ, ਕੀ ਤੁਹਾਨੂੰ ਵਰਤੇ ਗਏ ਇਨ੍ਹਾਂ ਦੋ ''ਸਮਾਨਤਾਵਾਂ'' ਵਿਚ ਕੁਝ ਮਤਲਬ ਲਗਦਾ ਹੈ?
13. ਤੁਸੀਂ ਨਵੇਂ ਲੇਮ ਦਾ ਕੋਈ ਹੋਰ ਹਵਾਲਾ ਦੱਸ ਸਕਦੇ ਹੋ ਜਿਸ ਵਿਚ ਇਹ ਨਿਯਮ ਹੋਵੇ ਕਿ ਮਸੀਹੀ ਆਦਮੀ ਨੂੰ ਸਿਰ ਢੱਕਣਾ ਚਾਹੀਦਾ ਹੈ ਜਾਂ ਨਹੀਂ?
14. ਵਚਨ ਵਿਚ ਜਿਨ੍ਹਾਂ ਗੱਲਾਂ ਦੀ ਚਰਚਾ ਕੀਤੀ ਗਈ ਹੈ ਭਲਾ ਉਨ੍ਹਾਂ ਵਿਚ ਹੋਰ ਵੀ ਗੱਲਾਂ ਹਨ ਜਿਨ੍ਹਾਂ ਨੂੰ ''ਨਿਯਮ'' ਦੀ ਥਾਂ ਸੱਭਿਅਤਾ ਦੀਆਂ ਗੱਲਾਂ ਮੰਨਿਆ ਜਾ ਸਕਦਾ ਹੈ? ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਉੱਤੇ ਚਰਚਾ ਕਰੋ।
15 ਭਲਾ ਮਸੀਹੀ ਆਦਮੀ ਨੂੰ ਅਜਿਹਾ ਪਹਿਰਾਵਾ ਪਾਉਣਾ ਜਾਂ ਅਜਿਹੇ ਕੰਮ ਕਰਨਾ ਗਲਤ ਹੈ ਜਿਸ ਨਾਲ ਉਹਦੇ ਪਹਿਰਾਵੇ ਜਾਂ ਵਿਹਾਰ ਵਿਚ ਲੋਕਾਂ ਦਾ ਧਿਆਨ ਉਹਦੇ ਵੱਲ ਖਿੱਚਿਆ ਜਾਵੇ?
16. ਜੇ ਸਥਾਨਕ ਰਿਵਾਜ਼ ਦਾ ਪਰਮੇਸ਼ੁਰ ਦੀ ਵਿਵਸਥਾ ਨਾਲ ਕੋਈ ਟਕਰਾਅ ਨਹੀਂ ਹੈ ਤਾਂ ਕੀ ਸਾਨੂੰ ਇਸ ਨੂੰ ਮੰਨ ਲੈਣਾ ਚਾਹੀਦਾ ਹੈ?
17. ਭਲਾ ਕਿਸੇ ਅਮਰੀਕੀ ਮਸੀਹੀ ਔਰਤ ਦਾ ਪਾਕਿਸਤਾਨ ਦੀ ਕਿਸੇ ਮੰਡਲੀ ਵਿਚ ਜਿੱਥੇ ਉੱਥੋਂ ਦੀਆਂ ਔਰਤਾਂ ਬੁਰਕਾ ਪਾਉਂਦੀਆਂ ਹਨ, ਬੁਰਕੇ ਦੇ ਬਗੈਰ ਬੰਦਗੀ ਕਰਨਾ ਬੁਰਾ ਲੱਗੇਗਾ? ਓਹੀ ਔਰਤ ਜੇ ਅਮਰੀਕਾ ਵਿਚ ਬੁਰਕਾ ਪਾ ਲਵੇ ਜੋ ਕਿ ਪਾਕਿਸਤਾਨ ਦਾ ਰਿਵਾਜ਼ ਹੈ ਤਾਂ ਭਲਾ ਇਹ ਉਸ ਨੂੰ ਲੋਕਾਂ ਦੇ ਸਾਹਮਣੇ ਮਜ਼ਾਕ ਨਹੀਂ ਬਣਾ ਦਵੇਗਾ?
18. ਭਲਾ ਇਸ ਨਾਲ ਉਸ ਅਜ਼ਾਦੀ ਨੂੰ ਜਿਹੜੀ ਮਸੀਹ ਵਿਚ ਸਾਨੂੰ ਮਿਲੀ ਹੈ ਸਮਝਣ, ਜਿਸ ਵੀ ਸੱਭਿਅਤਾ ਜਾਂ ਦੇਸ਼ ਵਿਚ ਰਹਿੰਦੇ ਹੋਏ ਇਕ ਮਸੀਹੀ ਲਈ ਉਵੇਂ ਹੀ ਵਿਹਾਰ ਕਰਨ ਵਿਚ ਮਦਦ ਮਿਲਦੀ ਹੈ?
19. ਅਸੀਂ ''ਵਿਰੋਧੀ ਨੂੰ .................. ਕਰਨ ਦਾ ................. ਨਾ'' ਦਈਏ।



# ਪਾਠ 11

# ਭਲਾ ਮੰਡਲੀ ਵਿਚ ਔਰਤ ''ਬੋਲੀਆਂ'' ਬੋਲ ਸਕਦੀ ਹੈ?

''ਪੈਂਟੀਕਾਸਟਲ'' ਅੱਜ ਦੁਨੀਆਂ ਦੀਆਂ ਸਭ ਤੋਂ ਤੇਜ਼ੀ ਨਾਲ ਵਧਣ ਵਾਲੀਆਂ ਧਾਰਮਿਕ ਮੂਵਮੈਂਟਾਂ ਵਿੱਚੋਂ ਇਕ ਹੈ। ਇਸ ਵਿਚ ਅਸੈਂਬਲੀ ਆਫ਼ ਗੌਡ, ਚਰਚ ਆਫ਼ ਗੌਡ, ਪੈਂਟੀਕਾਸਟਲ ਚਰਚ ਆਦਿ ਵਰਗੀਆਂ ਬਹੁਤ ਸਾਰੀਆਂ ਜਮਾਤਾਂ ਆ ਜਾਂਦੀਆਂ ਹਨ। ਮੁੱਖ ਧਾਰਾ ਦੇ ਚਰਚਾਂ ਦੀਆਂ ਕਈ ਕਲੀਸੀਆਵਾਂ ਨੇ ਵੀ ਪਵਿੱਤਰ ਆਤਮਾ ਦੇ ਬਪਤਿਸਮੇ, ਚਮਤਕਾਰਾਂ, ''ਬੋਲੀਆਂ'' ਬੋਲਣ ਅਤੇ ਚਮਤਕਾਰੀ ਢੰਗ ਨਾਲ ਪਵਿੱਤਰ ਆਤਮਾ ਦੇ ਕੰਮ ਕਰਨ ਦੇ ਹੋਰ ਦਾਅਵਿਆਂ ਵਰਗੀਆਂ ''ਪੈਂਟੀਕਾਸਟਲ'' ਸਿੱਖਿਆਵਾਂ ਨੂੰ ਅਪਣਾ ਲਿਆ ਹੈ।

***ਵਿਚਾਰ ਕਰਨ ਵਾਲੀ ਗੱਲ***

*ਭਲਾ ਤੁਸੀਂ ਇਹ ਅਧਿਐਨ ਕੀਤਾ ਹੈ ਕਿ ਵਚਨ ਚਮਤਕਾਰਾਂ ਦੀ ਵਰਤੋਂ, ਗੈਰ ਜ਼ਬਾਨਾਂ ਵਿਚ ਬੋਲਣ, ਖ਼ਾਸ ਦਾਨਾਂ ਦੇ ਸਬੰਧ ਵਿਚ ਜੋ ਕਿ ਪਹਿਲੀ ਸਦੀ ਦੇ ਚੁਣੇ ਹੋਏ ਮਸੀਹੀ ਲੋਕਾਂ ਨੂੰ ਦਿੱਤੇ ਜਾਂਦੇ ਸਨ, ਕੀ ਆਖਦਾ ਹੈ? ਕੀ ਤੁਸੀਂ ਮੰਨਦੇ ਹੋ ਕਿ ਅੱਜ ਦੇ ਕਥਿਤ ਚਮਤਕਾਰ ਓਵੇਂ ਹੀ ਹੁੰਦੇ ਹਨ ਜਿਵੇਂ ਉਦੋਂ ਹੁੰਦੇ ਸਨ? ਭਲਾ "ਟੀਵੀ" ਤੇ ਵਿਖਾਈਆਂ ਜਾਣ ਵਾਲੀਆਂ ਪੈਂਟੀਕਾਸਟਲ ਸਭਾਵਾਂ ਸਚਮੁਚ ਵਿਚ ਮੁੱਢਲੀ ਕਲੀਸੀਆ ਦੀ ਬੰਦਗੀ ਜਾਂ ਪ੍ਰਚਾਰ ਕਰਨ ਦੇ ਵੱਖੋ-ਵੱਖ ਮੌਕਿਆਂ ਨਾਲ ਮੇਲ ਜਾਂਦੀਆਂ ਹਨ?*

ਇਹ ਕਲੀਸੀਆਵਾਂ **ਪਵਿੱਤਰ ਆਤਮਾ, ਪੈਂਟੀਕਾਸਟ, ਚਰਚ ਆਫ਼ ਗੌਡ** ਆਦਿ ਵਰਗੇ ਬਾਈਬਲ ਵਿਚਲੇ ਸ਼ਬਦਾਂ ਤੇ ਜ਼ੋਰ ਦਿੰਦੀਆਂ ਹਨ ਜਿਸ ਕਰਕੇ ਜ਼ਿਆਦਾਤਰ ਲੋਕ

ਉਨ੍ਹਾਂ ਦੇ ਇਤਿਹਾਸ, ਸਿੱਖਿਆ ਅਤੇ ਖ਼ੁਦਾ ਦੇ ਵਚਨ ਦੇ ਮੁਕਾਬਲੇ ਕੀਤੇ ਜਾਣ ਵਾਲੇ ਉਨ੍ਹਾਂ ਦੇ ਕੰਮਾਂ ਤੇ ਗੌਰ ਕੀਤੇ ਬਗੈਰ, ਵਚਨ ਦੇ ਮੁਤਾਬਿਕ ਕਲੀਸੀਆਵਾਂ ਹੋਣ ਦੇ ਉਨ੍ਹਾਂ ਦੇ ਦਾਅਵਿਆਂ ਨੂੰ ਸਹੀ ਮੰਨ ਲੈਂਦੇ ਹਨ।

ਇਹ ਸੱਚ ਹੈ ਕਿ ਜਦ ਅਸੀਂ ਨਵੇਂ ਨੇਮ ਨੂੰ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਯਿਸੂ ਦੇ ਸੁਰਗ ਉੱਤੇ ਉਠਾ ਲਏ ਜਾਣ ਦੇ ਕਰੀਬ ਇਕ ਹਫ਼ਤਾ ਬਾਅਦ ਪੈਂਟੀਕਾਸਟ ਵਾਲੇ ਦਿਨ ਪਵਿੱਤਰ ਆਤਮਾ ਦੇ ਉਤਰਣ ਨਾਲ ਮਸੀਹ ਦੀ ਕਲੀਸੀਆ ਸ਼ੁਰੂ ਹੋਈ ਸੀ। ਸੋ ਇਨ੍ਹਾਂ ਜਮਾਤਾਂ ਦੀ ਭਾਸ਼ਾ ਵਿਚ ਇਨ੍ਹਾਂ ਨਾਵਾਂ ਨੂੰ ਲੈ ਕੇ ਆਪਣੇ ਲਈ ਵਰਤਿਆ ਜਾਂਦਾ ਹੈ ਜਿਸ ਕਰਕੇ ਉਹ ਲੋਕ, ਜਿਹੜੇ ਹੋ ਸਕਦਾ ਹੈ ਕਿ ਸੱਚਾਈ ਦੀ ਭਾਲ ਬੜੀ ਸੰਜੀਦਗੀ ਨਾਲ ਕਰ ਰਹੇ ਹੋਣ, ਬੜੀ ਉਲਝਣ ਵਿਚ ਪੈ ਜਾਂਦੇ ਹਨ।

ਪਰ ਦਿੱਕਤ ਇਹ ਹੈ ਕਿ ਇਨ੍ਹਾਂ ਕਲੀਸੀਆਵਾਂ ਨੂੰ ਮਸੀਹ ਨੇ ਪਹਿਲੀ ਸਦੀ ਵਿਚ ਨਹੀਂ ਬਣਾਇਆ ਸੀ। **ਅਸੈਂਬਲੀਜ਼ ਆਫ਼ ਗੌਡ** ਨੂੰ ਕਈ ਪ੍ਰਚਾਰਕਾਂ ਅਤੇ ਸਾਬਕਾ ਮਿਸ਼ਨਰੀਆਂ ਦੁਆਰਾ 1914 ਵਿਚ ਅਮਰੀਕਾ ਦੇ ਰਾਜ ਆਰਕੈਂਸਾ ਵਿਚ ਹਾਰਟ ਸਪ੍ਰਿੰਗਜ਼ ਨਾਮਕ ਥਾਂ ਉੱਤੇ ਸੰਗਠਿਤ ਕੀਤਾ ਗਿਆ ਸੀ। **ਚਰਚ ਆਫ਼ ਗੌਡ** ਜੋ ਪਹਿਲਾਂ ਹੋਲੀਨੈਂਸ ਚਰਚ ਹੁੰਦਾ ਸੀ, ਦੀ ਸ਼ੁਰੂਆਤ ਰਿਚਰਡ ਜੀ. ਸਪਰਲਿੰਗ ਨੇ ਟੈਨਿਸੀ 1902 ਵਿਚ ਮੋਨਰੋ ਕਾਉਂਟੀ ਕੀਤੀ ਸੀ। 1943 ਵਿਚ ਟੌਮਲਿੰਨਸਨ ਭਰਾਵਾਂ ਨੇ ਇਸ ਦੀਆਂ ਦੋ ਸਾਖਾਵਾਂ ਬਣਾ ਦਿੱਤੀਆਂ ਸਨ ਜਿਨ੍ਹਾਂ ਨੂੰ ਇਸ ਦੀ ਰਹਿਨੁਮਾਈ ਵਿਰਾਸਤ ਵਿਚ ਆਪਣੇ ਪਿਤਾ ਤੋਂ ਮਿਲੀ ਸੀ। ਦੋਹਾਂ ਸ਼ਾਖਾਵਾਂ ਦੇ ਮੁੱਖ ਦਫ਼ਤਰ ਅਮਰੀਕਾ ਦੇ ਟੈਨਸੀ ਰਾਜ ਦੇ ਕਲੀਵਲੈਂਡ ਨਾਮਕ ਥਾਂ ਵਿਚ ਹਨ। **ਪੈਂਟੀਕਾਸਟਲ ਹੋਲੀਨੈੱਸ ਚਰਚ** ਸਾਊਥ ਕੈਰੋਲਾਈਨਾ ਵਿਚ ਐਂਡਰਸਨ ਨਾਮਕ ਥਾਂ ਤੇ 1851 ਵਿਚ ਬਣੀ ਸੀ। ਅੱਜ ਦੁਨੀਆਂ ਭਰ ਵਿਚ ਪੈਂਟੀਕਾਸਟਲ ਟਾਈਪ ਦੀਆਂ ਕਲੀਸੀਆਵਾਂ ਹਨ ਜਿਨ੍ਹਾਂ ਵਿਚ ਕੁਝ ਤਾਂ ਸੰਗਠਤ ਹਨ ਅਤੇ ਕੁਝ ਅਜ਼ਾਦ ਤੌਰ ਤੇ ਕੰਮ ਕਰ ਰਹੀਆਂ ਹਨ। ਪਰ ਇਨ੍ਹਾਂ ਵਿੱਚੋਂ ਕਿਸੇ ਵੀ ਜਮਾਤ ਦੀ ਸ਼ੁਰੂਆਤ ਪਹਿਲੀ ਸਦੀ ਵਿਚ ਨਹੀਂ ਹੋਈ ਸੀ। ਜਿਹਦਾ ਮਤਲਬ ਇਹ ਹੈ ਕਿ ਉਹ ਸਭ ਉਹ ਮੁੱਢਲੀ ਕਲੀਸੀਆ ਨਹੀਂ ਹੋ ਸਕਦੀਆਂ ਜਿਹਨੂੰ ਮਸੀਹ ਨੇ ਬਣਾਇਆ ਸੀ।

ਕਲੀਸੀਆ ਦਾ ਜਨਮ ਭਾਵੇਂ ਪੈਂਟੀਕਾਸਟ ਵਾਲੇ ਦਿਨ ਹੋਇਆ ਸੀ, ਪਰ ਖ਼ੁਦਾ ਦਾ ਆਪਣੇ ਪਰਿਵਾਰ ਨੂੰ ਪੈਂਟੀਕਾਸਟਲ ਆਖ ਕੇ ਬੁਲਾਉਣਾ, ਉਸ ਯਹੂਦੀ ਪਰਬ ਦੇ ਦਿਨ (ਪੈਂਟੀਕਾਸਟ) ਨੂੰ ਵਡਿਆਉਣ ਦਾ ਕੋਈ ਇਰਾਦਾ ਨਹੀਂ ਸੀ। ਅਫ਼ਸੀਆਂ 3: 14, 15 ਸਾਨੂੰ ਦਸਦਾ ਹੈ ਕਿ ਸਾਨੂੰ *''ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਣੇ''* ਜ਼ਰੂਰੀ ਹਨ, *''ਜਿਸ ਤੋਂ ਅਕਾਸ਼ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਓਂ ਆਖੀਦਾ ਹੈ।''* ਰਸੂਲਾਂ ਦੇ ਕਰਤੱਬ 4: 12 ਦੱਸਦਾ ਹੈ ਕਿ

*''ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿਚ [ਮਸੀਹ ਤੋਂ ਛੁਟ] ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।''* ਰੋਮ ਦੀ ਕਲੀਸੀਆ ਨੂੰ ਪੌਲੁਸ ਨੇ ਲਿਖਿਆ ਕਿ ਉਹ ਮਸੀਹ ਦੇ ਨਾਲ ਵਿਆਹੇ ਗਏ ਹਨ (ਰੋਮੀਆਂ 7:4) ਅਤੇ ਰੋਮੀਆਂ 16:16 ਵਿਚ ਉਸ ਨੇ ਸਲਾਮ ਆਖਦਿਆਂ ਕਿਹਾ ਕਿ ''ਮਸੀਹ ਦੀਆਂ ਸਾਰੀਆਂ ਕਲੀਸੀਆਵਾਂ ਤੁਹਾਡੀ ਸੁੱਖ ਸਾਂਦ ਪੁੱਛਦੀਆਂ ਹਨ।'' ਅਫ਼ਸੀਆਂ 5:23–32 ਪਤੀ ਅਤੇ ਉਸ ਦੀ ਪਤਨੀ ਵਿਚਕਾਰ ਅਤੇ ਮਸੀਹ ਅਤੇ ਕਲੀਸੀਆ ਵਿਚਕਾਰ ਪਾਈ ਜਾਣ ਵਾਲੀ ਖੂਬਸੂਰਤ ਸਮਾਨਤਾ ਨੂੰ ਵਿਖਾਉਂਦਾ ਹੈ।

ਇਨ੍ਹਾਂ ਆਇਤਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਮੁਕੰਮਲ ਤੌਰ ਤੇ ਕਲੀਸੀਆ ਅਤੇ ਨਿੱਜੀ ਤੌਰ ਤੇ ਮਸੀਹੀ ਲੋਕਾਂ ਲਈ ਲਾੜੇ ਦਾ ਭਾਵ ਮਸੀਹ ਦਾ ਨਾਂਅ ਅਪਨਾਉਣਾ ਜ਼ਰੂਰੀ ਹੈ। ਵਚਨ ਵਿਚ ਵੀ ਕਲੀਸੀਆ ਨੂੰ ''ਪੈਂਟੀਕਾਸਟਲ'' ਆਖ ਕੇ ਯਹੂਦੀ ਪਰਬ ਨੂੰ ਵਡਿਆਈ ਨਹੀਂ ਦਿੱਤੀ ਗਈ। ਲੋਕਾਂ ਨੈ ਅਜਿਹਾ ਕਰਕੇ ਵੱਡੀ ਭਾਰੀ ਗਲਤੀ ਕੀਤੀ ਹੈ, ਪਰ ਫਿਰ ਵੀ ਉਹ ''ਪਵਿੱਤਰ ਆਤਮਾ ਦਾ ਬਪਤਿਸਮਾ'' ਪਾਏ ਹੋਣ ਦਾ ਦਾਅਵਾ ਕਰਦੇ ਹਨ। ਜੇ ਪਵਿੱਤਰ ਆਤਮਾ ਉਨ੍ਹਾਂ ਨਾਲ ਉਸੇ ਤਰ੍ਹਾਂ ਨਾਲ ਕੰਮ ਕਰ ਰਿਹਾ ਹੁੰਦਾ ਜਿਵੇਂ ਉਹ ਰਸੂਲਾਂ ਨਾਲ ਕਰਦਾ ਸੀ, ਤਾਂ ਜੋ ਕੁਝ ਉਸ ਨੇ ਨਵੇਂ ਨੇਮ ਵਿਚ ਪਹਿਲਾਂ ਤੋਂ ਲਿਖ ਦਿੱਤਾ ਸੀ, ਉਸ ਤੋਂ ਹਟ ਕੇ ਉਸ ਨੇ ਉਨ੍ਹਾਂ ਨੂੰ ਅਜਿਹੀਆਂ ਅਤੇ ਹੋਰ ਗਲਤੀਆਂ ਕਰਨ ਦੀ ਇਜਾਜ਼ਤ ਨਹੀਂ ਦੇਣੀ ਸੀ।

ਇਹ ਲੋਕ ਪਵਿੱਤਰ ਆਤਮਾ ਦੇ ਚਮਤਕਾਰੀ ਕੰਮ ਤੇ ਇਵੇਂ ਜ਼ੋਰ ਦਿੰਦੇ ਹਨ ਜਿਵੇਂ ਖ਼ੁਦਾਈ ਵਿਚ ਉਹੀ ਅਹਿਮ ਹੋਣ ਅਤੇ ਜਿਵੇਂ ਚਮਤਕਾਰ ਕਰਨਾ ਅਤੇ ਸਰੀਰਕ ਚੰਗਾਈ ਦੇਣਾ ਹੀ ਖ਼ੁਦਾ ਦੀ ਨਜ਼ਰ ਵਿਚ ਸਭ ਤੋਂ ਵੱਡੀ ਗੱਲ ਹੋਵੇ। ਜਦੋਂ ਕੋਈ ਖੁੱਲ੍ਹੀਆਂ ਅੱਖਾਂ ਨਾਲ ਨਵੇਂ ਨੇਮ ਨੂੰ ਧਿਆਨ ਨਾਲ ਪੜ੍ਹਦਾ ਹੈ ਤਾਂ ਉਸ ਨੂੰ ਪਤਾ ਲਗ ਜਾਂਦਾ ਹੈ ਕਿ ਨਵਾਂ ਨੇਮ ਪੂਰਾ ਹੋਣ ਤੋਂ ਪਹਿਲਾਂ ਪਵਿੱਤਰ ਆਤਮਾ ਨਵੇਂ ਨੇਮ ਨੂੰ ਲਿਖਣ ਅਤੇ ਉਸ ਵਕਤ ਸੁਣਾਏ ਗਏ ਵਚਨ ਨੂੰ ਪੱਕਾ ਕਰਨ ਲਈ ਪ੍ਰੇਰਣਾ ਦੇਣ ਵਾਸਤੇ ਦਿੱਤਾ ਗਿਆ ਸੀ। ਪਰ ਉਦੋਂ ਵੀ ਉਹ ਆਪਣਾ ਨਹੀਂ ਬਲਕਿ ''ਮਸੀਹ ਦਾ ਪ੍ਰਚਾਰ'' ਕਰਨ ਦੀ ਪ੍ਰੇਰਣਾ ਦਿੰਦਾ ਸੀ। ਅਤੇ ਸਰੀਰਕ ਚੰਗਿਆਈ ਸਿਰਫ਼ ਸੰਦੇਸ਼ ਦੇਣ ਵਾਲੇ ਦੀ ਗੱਲ ਨੂੰ ਪੁਖ਼ਤਾ ਕਰਨ ਲਈ ਕਦੇ ਕਦਾਈਂ ਹੋ ਜਾਂਦੀ ਸੀ ਕਿਉਂ ਜੋ ਚਮਤਕਾਰ ਕਰਨਾ ਕਦੇ ਵੀ **ਪ੍ਰਚਾਰ ਕਰਨ ਦਾ ਮਕਸਦ ਨਹੀਂ** ਹੁੰਦਾ ਸੀ।

ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਯਿਸੂ ਦਾ ਪ੍ਰਚਾਰ ਕੀਤਾ (ਰਸੂਲਾਂ ਦੇ ਕਰਤੱਬ 2), ਫ਼ਿਲਿੱਪੁਸ ਸਾਮਰੀਆ ਵਿਚ ਯਿਸੂ ਅਤੇ ਪਰਮੇਸ਼ੁਰ ਦੇ ਰਾਜ ਦੀਆਂ ਗੱਲਾਂ ਸੁਣਾਉਣ ਗਿਆ (ਰਸੂਲਾਂ ਦੇ ਕਰਤੱਬ 12)। ਉਸ ਨੇ ਹਬਸ਼ੀ ਖੋਜੇ ਨੂੰ ਯਿਸੂ ਬਾਰੇ ਦੱਸਿਆ (ਰਸੂਲਾਂ ਦੇ ਕਰਤੱਬ 8:35) ਅਤੇ ਪੌਲੁਸ ਆਪਣੀ ਮਨਬਦਲੀ ਦੇ ਫੌਰਨ ਬਾਅਦ ਮਸੀਹ ਦਾ ਪ੍ਰਚਾਰ ਕਰਨ ਲੱਗ ਪਿਆ (ਰਸੂਲਾਂ ਦੇ ਕਰਤੱਬ 9:20)। ਵਚਨ ਵਿਚ ਕਿਤੇ ਵੀ ਪ੍ਰਚਾਰਕਾਂ ਨੇ

ਪਵਿੱਤਰ ਆਤਮਾ ਦੇ ਵਿਸ਼ੇ ਤੇ ਪ੍ਰਚਾਰ ਨਹੀਂ ਕੀਤਾ, ਜਿਵੇਂ ਕਿ ਅੱਜ ਦੇ ਪੈਂਟੀਕਾਸਟਲ ਪ੍ਰਚਾਰਕ ਕਰਦੇ ਹਨ।

ਇਸ ਤੋਂ ਇਲਾਵਾ ਇੰਜੀਲ ਦੇ ਵਿਰਤਾਂਤਾਂ ਦੇ ਬਾਅਦ ਸਿਰਫ਼ ਰਸੂਲਾਂ ਦੇ ਕਰਤੱਬ ਕਿਤਾਬ ਵਿਚ ਹੀ ਮੋਅਜਜ਼ਿਆਂ ਦੇ ਨਿੱਜੀ ਮਾਮਲਿਆਂ ਦੀ ਗੱਲ ਮਿਲਦੀ ਹੈ। ਰਸੂਲਾਂ ਦੇ ਕਰਤੱਬ ਵਿਚ ਵਾਪਸ ਜਾ ਕੇ ਵਚਨ ਵਿਚ ਮੋਅਜਜ਼ਿਆਂ ਦੀ ਹਰ ਘਟਨਾ ਤੇ ਨਿਸ਼ਾਨ ਲਾਉਣਾ ਅੱਖਾਂ ਖੋਲ੍ਹ ਦੇਣ ਵਾਲਾ ਹੋਵੇਗਾ। ਬਹੁਤ ਸਾਰੇ ਪਾਠਕ ਅੱਜ ਕਲੀਸੀਆਵਾਂ ਵਿਚ ਇਸ ਵਿਸ਼ੇ ਅਤੇ ''ਚਮਤਕਾਰ'' ਕੀਤੇ ਜਾਣ ਤੇ ਦਿੱਤੇ ਜਾਣ ਵਾਲੇ ਬੇਹੱਦ ਜ਼ੋਰ ਤੋਂ ਇਹ ਵੇਖ ਕੇ ਦੰਗ ਰਹਿ ਜਾਣਗੇ ਕਿ ਉਸ ਵਿਰਤਾਂਤ ਵਿਚ ਉਨ੍ਹਾਂ ਉੱਤੇ ਕਿੰਨਾ ਘੱਟ ਜ਼ੋਰ ਦਿੱਤਾ ਗਿਆ ਹੈ ਅਤੇ ਕਿਵੇਂ ਸਿਰਫ਼ ਕੁਝ ਕੁ ਮਾਮਲਿਆਂ ਦਾ ਜ਼ਿਕਰ ਹੈ। ਪੱਤਰੀਆਂ ਵਿਚ ਹੀ ਸਿਰਫ਼ 1 ਕੁਰਿੰਥੀਆਂ, ਗਲਾਤੀਆਂ ਅਤੇ ਇਬਰਾਨੀਆਂ ਵਿਚ ਮੋਅਜਜ਼ਿਆਂ ਦਾ ਜ਼ਿਕਰ ਹੈ। ਕਿਉਂ ਭਲਾ?

***ਵਿਚਾਰ ਕਰਨ ਵਾਲੀ ਗੱਲ***

*ਵਿਵਸਥਾਸਾਰ 13:15 ਵਿਚ ਖ਼ੁਦਾ ਨੇ ਆਖਿਆ ਕਿ ਝੂਠਾ ਨਬੀ ਕਿਸੇ ਹੁਕਮ ਦੀ ਹਮਾਇਤ ਲਈ ਜਿਹੜਾ ਉਸ ਨੇ ਲੋਕਾਂ ਨੂੰ ਦਿੱਤਾ ਹੋਵੇ, ਜੋ ਪਹਿਲਾਂ ਤੋਂ ਕਹੀ ਗਈ ਖ਼ੁਦਾ ਦੀ ਗੱਲ ਦਾ ਉਲੰਘਣ ਹੋਵੇ, ਕੋਈ ਨਿਸ਼ਾਨ ਜਾਂ ਅਚੰਭਾ ਕੰਮ ਕਰ ਸਕਦਾ ਸੀ। ਅਜਿਹਾ ਹੋਣ ਤੇ ਲੋਕਾਂ ਨੂੰ ਅਜਿਹੇ ਨਬੀ ਦੀ ਮੰਨਣ ਤੋਂ ਮਨ੍ਹਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਹੁਕਮ ਸੀ ਕਿ ਉਸ ਨੂੰ ਮਾਰ ਦਿੱਤਾ ਜਾਵੇ। ਜਦ "ਪਾਸਟਰ" ਉਸ ਦਾ ਜੋ ਨਵੇਂ ਨੇਮ ਵਿਚ ਲਿਖਿਆ ਹੈ, ਉਲੰਘਣ ਕਰਦੇ ਹੋਏ ਬੋਲਣ ਦਾ ਦਾਅਵਾ ਕਰਦੇ ਅਤੇ "ਚਮਤਕਾਰ" ਕਰਦੇ ਹਨ ਤਾਂ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਸੰਦੇਸ਼ ਨਾਲ ਕੀ ਹੋਣਾ ਜ਼ਰੂਰੀ ਹੈ।*

ਨਵੇਂ ਨੇਮ ਦੀਆਂ ਕਿਤਾਬਾਂ ਮੁਕੰਮਲ ਹੋਣ ਜਾਣ ਨਾਲ ਮੋਅਜਜ਼ਿਆਂ ਦੀ ਲੋੜ ਘਟਦੀ ਜਾ ਰਹੀ ਸੀ। ਜਿਵੇਂ ਕਿ ਮਰਕੁਸ 16:20 ਵਿਚ ਮਿਲਦਾ ਹੈ ਕਿ ਵਚਨ ਦੇ ਲਿਖੇ ਜਾਣ ਅਤੇ ਨਾਲ ਨਾਲ ਹੋਣ ਵਾਲੇ ਨਿਸ਼ਾਨਾਂ ਨਾਲ ਇਸ ਦੀ ਤਸਦੀਕ ਕੀਤੇ ਜਾਣ ਦੇ ਬਾਅਦ ਮੋਅਜਜ਼ਿਆਂ ਦਾ ਯੁੱਗ ਖ਼ਤਮ ਹੋਣ ਦੇ ਨੇੜੇ ਸੀ।

ਬਾਈਬਲ ਦੇ ਕਿੰਗ ਜੇਮਸ ਵਾਲੇ ਅਨੁਵਾਦ ਵਿਚ ''ਬੋਲੀਆਂ'' ਦੇ ਜ਼ਿਕਰ ਕਰਕੇ 1 ਕੁਰਿੰਥੀਆਂ 14 ਅਧਿਆਇ ਪੈਂਟੀਕਾਸਟਲ ਲੋਕਾਂ ਦਾ ਪਸੰਦੀਦਾ ਹਵਾਲਾ ਹੈ। ਉਨ੍ਹਾਂ ਨੇ ਇਨ੍ਹਾਂ ''ਬੋਲੀਆਂ'' ਦਾ ਅਰਥ ਸੁਰਗੀ ਭਾਸ਼ਾ ਕੱਢ ਲਿਆ ਹੈ ਜਿਹ ਨੂੰ ਸਿਰਫ਼ ਖ਼ੁਦਾ ਹੀ ਸਮਝ ਸਕਦਾ ਹੈ। ਜਿਸ ਕਰਕੇ ਉਹ ਪਵਿੱਤਰ ਆਤਮਾ ਦੀ ਚਮਤਕਾਰੀ ਸ਼ਕਤੀ ਨਾਲ ਅੱਜ ਅਜਿਹੀਆਂ ਬੋਲੀਆਂ ਬੋਲਣ ਦਾ ਦਾਅਵਾ ਕਰਦੇ ਹਨ। ਭਲਾ ਇਹ ਸੱਚ ਹੈ? ਪੂਰੇ ਹਵਾਲੇ ਨੂੰ ਧਿਆਨ ਨਾਲ ਵੇਖਣ ਤੇ ਪਤਾ ਲੱਗੇਗਾ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਵਿਹਾਰ ਦਿੱਤੀਆਂ ਜਾਣ ਵਾਲੀਆਂ ਸਪੱਸ਼ਟ ਸਿੱਖਿਆਵਾਂ ਤੋਂ ਉਲਟ ਹਨ।

1. ਆਇਤ 40 ਤੋਂ ਸ਼ੁਰੂ ਕਰਕੇ ਪਿੱਛੇ ਨੂੰ ਵੇਖਣ ਤੇ ਸਾਨੂੰ ਪਤਾ ਲਗਦਾ ਹੈ ਕਿ

ਪਵਿੱਤਰ ਆਤਮਾ ਪੌਲੁਸ ਰਸੂਲ ਨੂੰ *''ਸਾਰੀਆਂ ਗੱਲਾਂ ਢਬ ਸਿਰ ਅਤੇ ਜੁਗਤੀ''* ਨਾਲ ਕੀਤੇ ਜਾਣ ਲਈ ਆਖ ਰਿਹਾ ਸੀ। ਪੈਂਟੀਕਾਸਟਲ ਸਭਾਵਾਂ ਤਾੜੀਆਂ ਮਾਰਨ, ਰੌਲਾ ਰੱਪਾ ਪਾਉਣ ਅਤੇ ਕਈਆਂ ਦੇ ਜੋਸ਼ ਵਿਚ ਆਉਣ ਲਈ ਮਸ਼ਹੂਰ ਹਨ, ਜਿਹੜੇ ਕੋਈ ਗੱਲ ਕਹਿਣ ਜਾਂ ਬਲੀਆਂ ਬੋਲਣ ਲਈ ਅਚਾਨਕ ਪਵਿੱਤਰ ਆਤਮਾ ਨਾਲ ''ਭਰ ਜਾਣ'' ਦਾ ਦਾਅਵਾ ਕਰਦੇ ਹਨ। ਪਵਿੱਤਰ ਆਤਮਾ ਨੇ ਲੋਕਾਂ ਨੂੰ ਅੱਜ ਸਿੱਧੇ ਸਿੱਧੇ ਉਸ ਦਾ ਜੋ ਉਸ ਨੇ 1 ਕੁਰਿੰਥੀਆਂ 14:40 ਵਿਚ ਲਿਖਿਆ ਸੀ, ਵਿਰੋਧ ਕਰਨ ਲਈ ਨਹੀਂ ਉਕਸਾਉਣਾ ਸੀ।

2. ਬੋਲੀਆਂ ਬੋਲਣ ਅਤੇ ਨਬੂਵਤ ਕਰਨ ਦੀ ਗੱਲ ਕਰਦਿਆਂ ਅਇਤ ਦੇ ਵਿਚਕਾਰ ਵੇਖੋ, ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਹੁਕਮ ਦਿੱਤਾ ਗਿਆ ਹੈ, ''ਮੰਡਲੀਆਂ ਵਿਚ ਤੀਵੀਆਂ ਚੁੱਪ ਹੋ ਰਹਿਣ ਕਿਉਂ ਜੋ ਉਨ੍ਹਾਂ ਨੂੰ ਬੋਲਣ ਦੀ ਆਗਿਆ ਨਹੀਂ ਹੈ ,ਸਗੋਂ ਉਹ ਅਧੀਨ ਹੋ ਰਹਿਣ ਜਿਵੇਂ ਸ਼ਰ੍ਹਾ ਕਹਿੰਦੀ ਹੈ, ਅਤੇ ਜੇ ਕੁਝ ਸਿੱਖਣਾ ਚਾਹੁੰਦੀਆਂ ਹਨ ਤਾਂ ਘਰ ਵਿਚ ਆਪੋ ਆਪਣੇ ਪਤੀਆਂ ਕੋਲੋ ਪੁੱਛਣ ਕਿਉਂ ਜੋ ਤੀਵੀਂ ਦੇ ਲਈ ਮੰਡਲੀ ਦੇ ਵਿਚ ਬੋਲਣਾ ਲਾਜ ਦੀ ਗੱਲ ਹੈ'' (1 ਕੁਰਿੰਥੀਆਂ 14:34, 35)।

> ਪੈਂਟੀਕਾਸਟਲ ਜਮਾਤਾ ਵਿਚ ਮਸ਼ਹੂਰ ਹੈ ਕਿ ਉਨ੍ਹਾਂ ਵਿਚ ਜਨਾਨਾ ਪ੍ਰਚਾਰਕ ਹੁੰਦੀਆਂ ਹਨ ਅਤੇ ਇਹਦੇ ਲਈ ਉਨ੍ਹਾਂ ਦੀਆਂ ਸਭਾਵਾਂ ਵਿਚ ਆਦਮੀਆਂ ਨਾਲੋਂ ਕਿਤੇ ਵੱਧ ਉਨ੍ਹਾਂ ਦੀਆਂ ਔਰਤਾਂ ''ਗੈਰ ਜ਼ਬਾਨਾਂ ਬੋਲਦੀਆਂ'' ਹਨ। ਉਹ ਪਵਿੱਤਰ ਆਤਮਾ ਦੀ ਸਮਰਥਾ ਨਾਲ ਬਲਕਿ ਉਹਦੇ ਕੰਟਰੋਲ ਵਿਚ ਬੋਲਣ ਦਾ ਦਾਅਵਾ ਕਰਦੇ ਹਨ, ਜਿਵੇਂ ਉਨ੍ਹਾਂ ਦਾ ਆਪਣੇ ਵਿਹਾਰ ਉੱਤੇ ਕੋਈ ਵੱਸ ਨਾ ਹੋਵੇ। ਪਰ ਆਇਤ 32 ਸਾਫ਼ ਦੱਸਦੀ ਹੈ ਕਿ ਪਵਿੱਤਰ ਆਤਮਾ ਕਿਸੇ ਤੋਂ ਉਹਦੀ ਮਰਜ਼ੀ ਦੇ ਖ਼ਿਲਾਫ਼ ਨਹੀਂ ਬੁਲਵਾਏਗਾ। ਭਾਵ ਇਹ ਕਿ ਉਹ ਬੋਲਦੇ ਹਨ ਕਿਉਂ ਜੋ ਉਨ੍ਹਾਂ ਨੇ ਬੋਲਣਾ ਚੁਣਿਆ ਹੈ, ਅਤੇ ਜੋ ਉਹ ਬੋਲਦੇ ਹਨ ਜਾਂ ਕਰਦੇ ਹਨ, ਉਹ ਪਵਿੱਤਰ ਆਤਮਾ ਦੇ ਲਿਖੇ ਇਨ੍ਹਾਂ ਸ਼ਬਦਾਂ ਦਾ ਸਿੱਧਾ ਉਲੰਘਣ ਹੈ। ਇਸੇ ਤੱਥ ਤੋਂ ਅਸੀਂ ਇਹ ਜਾਣ ਸਕਦੇ ਹਾਂ ਕਿ ਪਵਿੱਤਰ ਆਤਮਾ ਉਨ੍ਹਾਂ ਨੂੰ ਬੋਲਣ ਲਈ ਉਭਾਰਦਾ ਨਹੀਂ ਹੈ।

3. ਆਇਤ 33 ਦੱਸਦੀ ਹੈ ਕਿ ''ਪਰਮੇਸ਼ੁਰ ਘਮਸਾਣ ਦਾ *[ਪਰਮੇਸ਼ੁਰ]* ਨਹੀਂ'' ਹੈ। 29–32 ਆਇਤਾਂ ਵਿਚ ਦੱਸਿਆ ਗਿਆ ਹੈ ਕਿ ਜਿਹੜੇ ਲੋਕ ਨਬੂਵਤ ਕਰਦੇ ਹਨ ਭਾਵ ਜਿਹੜੇ ਵਚਨ ਸਿਖਾਉਂਦੇ ਹਨ ਉਹ ਵਾਰੀ–ਵਾਰੀ ਨਾਲ ਬੋਲਣ ਤਾਂ ਜੋ ਗੜਬੜੀ ਨਾ ਹੋਵੇ। ਵੱਖੋ–ਵੱਖ ਲੋਕਾਂ ਦੇ ਉਛਲਣ, ਆਤਮਾ ਦਾ ਪ੍ਰਕਾਸ਼ ਹੋਣ ਦਾ ਦਾਅਵਾ ਕਰਨ, ਬੋਲੀਆਂ ਬੋਲਦਿਆਂ ਜੋਸ਼ ਵਿਚ ਆ ਕੇ ਦੂਜਿਆਂ ਨੂੰ ਰੋਕਣ (ਜਿਵੇਂ ਕਿ ਪੈਂਟੀਕਾਸਟਲ ਕਲੀਸੀਆਵਾਂ ਵਿਚ ਆਮ ਹੁੰਦਾ ਹੈ) ਦੇ ਵਿਚਾਰ ਨੂੰ ਇਨ੍ਹਾਂ ਆਇਤਾਂ ਵਿਚ ਜਿਨ੍ਹਾਂ ਦੀ ਖ਼ੁਦ ਪਵਿੱਤਰ ਆਤਮਾ ਵੱਲੋਂ ਪ੍ਰੇਰਣਾ ਦਿੱਤੀ ਗਈ ਸੀ, ਮਨਾਹੀ ਕੀਤੀ ਗਈ ਹੈ।

4. 9, 10, 11 ਆਇਤਾਂ ਵਿਚ ਇਨ੍ਹਾਂ ''ਬੋਲੀਆਂ ਨੂੰ'' ਸਾਫ਼ ਸਾਫ਼ ਇਨਸਾਨਾਂ ਵੱਲੋਂ ਬੋਲੀਆਂ ਜਾਣ ਵਾਲੀਆਂ ਬੋਲੀਆਂ ਦੱਸਿਆ ਗਿਆ ਹੈ। ਆਇਤ 9 ਵਿਚ ਪੌਲੁਸ ਦੱਸਦਾ ਹੈ, *''ਇਸੇ ਤਰ੍ਹਾਂ ਤੁਸੀਂ ਵੀ ਜੇ ਸਿੱਧੀ ਗੱਲ ਜ਼ਬਾਨ ਨਾਲ ਨਾ ਬੋਲੋ ਤਾਂ ਕੀ ਪਤਾ ਲੱਗੇ ਕਿ ਕੀ ਬੋਲਿਆ ਜਾਂਦਾ ਹੈ? ਤੁਸੀਂ ਪੌਣ ਨਾਲ ਗੱਲਾਂ ਕਰਨ ਵਾਲੇ ਹੋਵੋ!''* ਇਹੀ ਸਵਾਲ ਉਹ ਅੱਜ ਦੇ ਬੋਲੀਆਂ ਬੋਲਣ ਵਾਲਿਆਂ ਤੋਂ ਪੁੱਛਦਾ ਹੈ।

5. ਆਇਤ 10 ਸਾਫ਼ ਦੱਸਦੀ ਹੈ ਕਿ *''ਸੰਸਾਰ ਵਿਚ ਕਿੰਨੇ ਪ੍ਰਕਾਰ ਦੀਆਂ ਬੋਲੀਆਂ ਹਨ।''* (ਧਿਆਨ ਦਿਓ ਕਿ ਉਹ ਸੁਰਗੀ ਬੋਲੀ ਦੀ ਗੱਲ ਨਹੀਂ ਕਰ ਰਿਹਾ।) ਅਤੇ ''ਕੋਈ ਵਿਅਰਥ ਨਹੀਂ ਹੈ।''

6. ਆਇਤ 11 ਦੱਸਦੀ ਹੈ ਕਿ ਜੇ ਪੌਲੁਸ ਨੂੰ ਬੋਲੀ ਜਾਣ ਵਾਲੀ ਕਿਸੇ ਬੋਲੀ ਦਾ ਅਰਥ ਪਤਾ ਨਾ ਹੋਵੇ ਤਾਂ ਉਹਨੇ ਬੋਲਣ ਵਾਲੇ ਲਈ ਓਭੜ ਬਣਨਾ ਸੀ। ਵੱਖੋ ਵੱਖ ਮਨੁੱਖੀ ਬੋਲੀਆਂ ਅਤੇ ਸੁਣਨ ਵਾਲਿਆਂ ਲਈ ਬਾਹਰ ਦੀ ਭਾਸ਼ਾ ਵਿਚ ਬੋਲਣ ਦੇ ਸਵਾਲ ਦੇ ਵਿਸ਼ੇ ਦੀ ਗੱਲ ਹੋਣ ਤੇ ਇਹ ਸਭ ਗੱਲਾਂ ਬਿਲਕੁਲ ਸਮਝ ਵਿਚ ਆ ਜਾਂਦੀਆਂ ਹਨ।

7. ਪੌਲੁਸ ਦਾ ਨਿਚੋੜ ਇਹ ਸੀ (ਆਇਤ 12) ਕਿ ਉਨ੍ਹਾਂ ਵਿਚ ਕਲੀਸੀਆ ਦੀ ਤਰੱਕੀ ਦੀ ਭਾਵਨਾ ਹੋਵੇ, ਅਤੇ ਆਇਤ 19 ਵਿਚ ਉਸ ਨੇ ਆਖਿਆ ਕਿ ਉਹ ਸਮਝ ਵਿਚ ਨਾ ਆ ਸਕਣ ਵਾਲੇ ਦਸ ਹਜ਼ਾਰ ਸ਼ਬਦਾਂ ਨੂੰ ਬੋਲਣ ਨਾਲੋਂ, ਆਪਣੇ ਸੁਣਨ ਵਾਲਿਆਂ ਨੂੰ ਸਮਝ ਵਿਚ ਆ ਸਕਣ ਵਾਲੇ ਪੰਜ ਸ਼ਬਦ ਬੋਲਣਾ ਪਸੰਦ ਕਰੇਗਾ। ਪਵਿੱਤਰ ਆਤਮਾ ਨੇ ਜੇ ਉਸ ਵਕਤ ਪੌਲੁਸ ਨੂੰ ਅਜਿਹੀਆਂ ਗੱਲਾਂ ਲਿਖਣ ਲਈ ਕਹਿ ਦਿੱਤਾ ਤਾਂ ਕਿਸੇ ਨੂੰ ਕਿਵੇਂ ਲਗ ਸਕਦਾ ਹੈ ਕਿ ਅੱਜ ਅਜਿਹੀਆਂ ''ਬੋਲੀਆਂ'' ਜਿਨ੍ਹਾਂ ਦਾ ਕਿਸੇ ਲਈ ਵੀ ਕੋਈ ਅਰਥ ਨਹੀਂ ਹੈ, ਬੋਲਣ ਲਈ ਉਕਸਾਉਣ ਵਾਲਾ ਪੌਲੁਸ ਹੀ ਹੈ ਅਤੇ ਇਸ ਨਾਲ ਗੜਬੜੀ ਨੂੰ ਛੱਡ ਹੋਰ ਕੁਝ ਨਹੀਂ ਮਿਲਦਾ? ਇਹ ਸਭ ਇਸ ਅਧਿਆਇ ਦਾ ਸਿੱਧਾ ਸਿੱਧਾ ਉਲੰਘਣ ਹੈ।

***ਵਿਚਾਰ ਕਰਨ ਵਾਲੀ ਗੱਲ***

*ਜੇਕਰ ਤੁਸੀਂ ਟੈਲੀਵਿਜਨ ਉੱਤੇ "ਪੈਂਟੀਕਾਸਟਲ" ਪ੍ਰੋਗਰਾਮਾਂ ਨੂੰ ਵੇਖੋ ਤਾਂ ਇਨ੍ਹਾਂ ਵਿਚ ਨੋਟ ਕਰੋ ਕਿ "ਪਵਿੱਤਰ ਆਤਮਾ" ਕਿੰਨੀ ਵਾਰ ਬੋਲਿਆ ਗਿਆ। "ਪਰਮੇਸ਼ੁਰ" ਅਤੇ "ਯਿਸੂ" ਵੀ ਨੋਟ ਕਰੋ ਕਿ ਕਿੰਨੀ ਵਾਰ ਬੋਲਿਆ ਗਿਆ। ਫਿਰ ਇਸ ਨੂੰ ਰਸੂਲਾਂ ਦੇ ਕਰਤੱਬ ਕਿਤਾਬ ਵਿਚਲੇ ਉਪਦੇਸ਼ਾਂ ਨਾਲ ਮਿਲਾਓ।*

1 ਕੁਰਿੰਥੀਆਂ 14 ਅਧਿਆਇ ਵਿਚ ਪੌਲੁਸ ਨੂੰ ਪੇਸ਼ ਅਸਲ ਹਾਲਾਤ ਕੀ ਸੀ?

ਰਸੂਲਾਂ ਦੇ ਕਰਤੱਬ 2 ਵਿਚ ਵਾਪਸ ਜਾਣ ਤੇ ਸਾਨੂੰ ਪਤਾ ਲਗਦਾ ਹੈ ਕਿ ਰਸੂਲਾਂ ਨੂੰ ਰਸੂਲਾਂ ਦੇ ਕਰਤੱਬ 1:5 ਵਿਚ ਦਿੱਤੇ ਯਿਸੂ ਦੇ ਵਾਅਦੇ ਮੁਤਾਬਿਕ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ ਗਿਆ ਸੀ। ਆਤਮਾ ਦੇ ਇਸ ਬਪਤਿਸਮੇ ਨਾਲ ਉਹ ਸੱਭੇ ਵੱਖੋ-ਵੱਖ ਤਰ੍ਹਾਂ ਦੇ ਮੋਅਜਜ਼ੇ ਕਰ ਸਕਦੇ ਸਨ ਕਿਉਂ ਜੋ ਉਨ੍ਹਾਂ ਨੂੰ

ਚਮਤਕਾਰੀ ਗਿਆਨ, ਬੁੱਧ, ਪਰਖ, ਭਾਂਤ–ਭਾਂਤ ਦੀਆਂ ਬੋਲੀਆਂ ਬੋਲਣ ਦੀ ਸਮਰੱਥਾ, ਜਿਹੜੀਆਂ ਉਨ੍ਹਾਂ ਨੇ ਸਿੱਖੀਆਂ ਨਹੀਂ ਸਨ, ਬੀਮਾਰਾਂ ਨੂੰ ਚੰਗਿਆਂ ਕਰਨ ਦੀ ਸ਼ਕਤੀ, ਬਦਰੂਹਾਂ ਨੂੰ ਕੱਢਣ ਦੀ ਸ਼ਕਤੀ ਅਤੇ ਇੱਥੋਂ ਤਕ ਕਿ ਮੁਰਦਿਆਂ ਨੂੰ ਜ਼ਿੰਦਾ ਕਰਨ ਦੀ ਸ਼ਕਤੀ ਦਿੱਤੀ ਗਈ। ਰਸੂਲਾਂ ਦੇ ਕਰਤੱਬ 5:16 ਤੋਂ ਪਤਾ ਲਗਦਾ ਹੈ ਕਿ ਰਸੂਲਾਂ ਕੋਲ ਲਿਆਂਦੇ ਜਾਣ ਵਾਲੇ ਸਭ ਲੋਕਾਂ ਨੂੰ ਚੰਗਿਆਈ ਦਿੱਤੀ ਜਾਂਦੀ ਸੀ। ਉਨ੍ਹਾਂ ਨਾਲ ਅਜਿਹਾ ਕਦੇ ਨਹੀਂ ਹੋਇਆ ਕਿ ਉਨ੍ਹਾਂ ਨੂੰ ਕਿਸੇ ਨੂੰ ਚੰਗਿਆਈ ਨਾ ਦੇ ਸਕਣ ਤੇ ਇਹ ਬਹਾਨਾ ਬਣਾਉਣਾ ਪਿਆ ਹੋਏ ਕਿ ਬੀਮਾਰ ਦਾ ਵਿਸ਼ਵਾਸ ਨਹੀਂ ਸੀ, ਜਿਵੇਂ ਕਿ ਅੱਜ ਦੇ ਕਥਿਤ ''ਵਿਸ਼ਵਾਸ ਨਾਲ ਚੰਗਿਆਈ ਦੇਣ ਵਾਲੇ'' ਕਰਦੇ ਹਨ। ਰਸੂਲਾਂ ਦੇ ਮੋਅਜਜ਼ੇ ਫੌਰੀ ਅਤੇ ਮੁਕੰਮਲ ਹੁੰਦੇ ਸਨ ਨਾ ਕਿ ਬਿਮਾਰ ਬੰਦੇ ਦੇ, ''ਕਿਸ਼ਤਾਂ ਵਿਚ ਚੰਗਾ ਹੋਣ ਦੇ,'' ਜਿਵੇਂ ਕਿ ਅੱਜ ਦਾਅਵਾ ਕੀਤਾ ਜਾਂਦਾ ਹੈ।

ਭਾਵੇਂ ਰਸੂਲਾਂ ਦੇ ਕੰਮ 5:32 ਸਾਫ਼ ਦੱਸਦਾ ਹੈ ਕਿ ਖ਼ੁਦਾ ਆਪਣੇ ਸਭ ਮੰਨਣ ਵਾਲਿਆਂ ਨੂੰ ਪਵਿੱਤਰ ਆਤਮਾ ਦਿੰਦਾ ਸੀ, ਪਰ ਮੋਅਜਜ਼ੇ ਸਿਰਫ਼ ਰਸੂਲ ਹੀ ਕਰ ਸਕਦੇ ਸਨ! ਕਈ ਹਜ਼ਾਰ ਲੋਕਾਂ ਨੇ ਬਪਤਿਸਮਾ ਲੈ ਲਿਆ ਸੀ ਅਤੇ ਉਹ ਮਸੀਹੀ ਬਣ ਗਏ ਸਨ ਪਰ ਆਇਤ 12 ਦੱਸਦੀ ਹੈ ਕਿ *''ਰਸੂਲਾਂ ਦੇ ਹੱਥੋਂ ਬਹੁਤ ਸਾਰੇ ਨਿਸ਼ਾਨ ਅਰ ਅਚੰਭੇ ਲੋਕਾਂ ਵਿਚ ਪਰਗਟ ਹੋਏ।''*

ਰਸੂਲਾਂ ਨੂੰ ਛੱਡ ਹੋਰ ਕੋਈ ਵੀ ਉਦੋਂ ਤਕ ਮੋਅਜਜ਼ੇ ਨਹੀਂ ਕਰ ਸਕਦਾ ਸੀ ਜਦੋਂ ਤਕ ਰਸੂਲਾਂ ਨੇ ਕੁਝ ਮਸੀਹੀ ਲੋਕਾਂ ਨੂੰ ਚੁਣ ਕੇ (ਜਿਹੜੇ ਪਹਿਲਾਂ ਹੀ ਪਵਿੱਤਰ ਆਤਮਾ ਨਾਲ ਭਰਪੂਰ ਸਨ; ਰਸੂਲਾਂ ਦੇ ਕਰਤੱਬ 6:3) ਉਨ੍ਹਾਂ ਨੂੰ ਖ਼ਾਸ ਤੌਰ ਤੇ ਇਕ ਇਕ ਨੂੰ ਦਾਨ ਦਿੰਦਿਆਂ ਉਨ੍ਹਾਂ ਉੱਤੇ ਹੱਥ ਨਹੀਂ ਰੱਖੇ ਸਨ। ਇਹ ਲੋਕ ਉਹ ਸਾਰੇ ਕੰਮ ਕਰ ਸਕਦੇ ਸਨ ਜਿਹੜੇ ਰਸੂਲ ਕਰ ਸਕਦੇ ਸਨ, ਪਰ ਇਕ ਨੂੰ ਕੋਈ ਖ਼ਾਸ ਬੋਲੀ ਬੋਲਣ ਦੀ ਸ਼ਕਤੀ, ਕਿਸੇ ਹੋਰ ਨੂੰ ਕਿਸੇ ਹੋਰ ਬੋਲੀ ਬੋਲਣ ਦੀ ਸ਼ਕਤੀ, ਕਿਸੇ ਹੋਰ ਨੂੰ ਬਿਮਾਰਾਂ ਨੂੰ ਚੰਗਾ ਕਰਨ ਦੀ ਸ਼ਕਤੀ, ਕਿਸੇ ਨੂੰ ਮੋਅਜਜੇ ਦੇ ਰਾਹੀਂ ਗਿਆਨ, ਮੰਡਲੀਆਂ ਵਿਚ ਵੱਖੋ ਵੱਖ ਬੋਲੀਆਂ ਬੋਲਣ ਵਾਲੇ ਲੋਕ ਹੋਣ ਕਰਕੇ ਕਿਸੇ ਨੂੰ ਭਾਸ਼ਾ ਦਾ ਅਰਥ ਦੱਸਣ ਦੀ ਸ਼ਕਤੀ, ਕਿਸੇ ਹੋਰ ਨੂੰ ਨਬੂਵਤ ਦਾ ਦਾਨ ਆਦਿ ਮਿਲਦਾ ਸੀ।

1 ਕੁਰਿੰਥੀਆਂ 12:8–10 ਵਿਚ ਇਹ ਵਿਖਾਉਂਦੇ ਹੋਏ ਕਿ ਇਕ ਮਸੀਹੀ ਨੂੰ ਇਕ ਦਾਨ, ਕਿਸੇ ਹੋਰ ਮਸੀਹੀ ਨੂੰ ਕੋਈ ਹੋਰ ਦਾਨ ਦਿੱਤਾ ਜਾਂਦਾ ਸੀ, ਤਾਂ ਜੋ ਨਵਾਂ ਨੇਮ ਲਿਖੇ ਜਾਣ ਤੋਂ ਪਹਿਲਾਂ ਉਸ ਸਮੇਂ ਦੀ ਆਪਣੀ ਰੂਹਾਨੀ ਤਰੱਕੀ ਵਿਚ ਉਹ ਇਕ ਦੂਜੇ ਤੇ ਨਿਰਭਰ ਹੋਣ, ਦਾਨਾਂ ਦੀ ਪੂਰੀ ਫ਼ਹਰਿਸਤ ਦਿੱਤੀ ਗਈ ਹੈ।

ਕੁਝ ਮਾਮਲਿਆਂ ਵਿਚ ਅਜਿਹੇ ਅਰਥ ਦੱਸਣ ਵਾਲਿਆਂ ਦੀ ਲੋੜ ਸੀ (ਅਜਿਹਾ ਕੋਈ ਮਾਮਲਾ ਨਹੀਂ ਮਿਲਦਾ ਜਿੱਥੇ ਰਸੂਲ ਨੂੰ ਅਨੁਵਾਦ ਕਰਨ ਵਾਲੇ ਦੀ ਲੋੜ ਪਈ ਹੋਵੇ, ਜੋ ਕਿ ਇਸ ਗੱਲ ਦਾ ਸਬੂਤ ਹੈ ਕਿ ਉਹ ਜਿੱਥੇ ਵੀ ਜਾਂਦੇ ਸਨ ਪਵਿੱਤਰ ਆਤਮਾ ਉਨ੍ਹਾਂ ਨੂੰ ਉੱਥੋਂ ਦੀ ਬੋਲੀ ਬੋਲਣ ਦੇ ਸਮਰੱਥ ਬਣਾ ਦਿੰਦਾ ਸੀ)। ਇਹ ਸਾਫ਼ ਹੈ ਕਿ ਕਿਸੇ ਮਸੀਹੀ ਨੂੰ ਜਿਹੜਾ ਆਪਣੇ ਜੱਦੀ ਇਲਾਕੇ ਵਿਚ ਨਾ ਰਹਿ ਰਿਹਾ ਹੋਵੇ, ਚਮਤਕਾਰੀ ਢੰਗ ਨਾਲ ਉੱਥੋਂ ਦੀ ਭਾਸ਼ਾ ਦਾ ਗਿਆਨ ਦਿੱਤਾ ਜਾ ਸਕਦਾ ਸੀ। ਪਰ ਜੇ ਉਹ ਕਿਸੇ ਹੋਰ ਜਗ੍ਹਾ ਜਾਂਦਾ ਜਿੱਥੇ ਕੋਈ ਹੋਰ ਬੋਲੀ ਬੋਲੀ ਜਾਂਦੀ ਹੋਵੇ ਜਿੱਥੇ ਹੋ ਸਕਦਾ ਹੈ ਕਿ ''ਉਸ ਉੱਤੇ ਹੱਥ'' ਰੱਖਣ ਲਈ ਕੋਈ ਰਸੂਲ ਨਾ ਹੋਵੇ। ਅਜਿਹੀ ਹਾਲਤ ਵਿਚ ਚਮਤਕਾਰੀ ਦਾਨ ਜਿਹੜਾ ਉਸ ਨੂੰ ਪਹਿਲਾਂ ਮਿਲਿਆ ਸੀ ਤਦੇ ਲਾਹੇਵੰਦ ਹੋਣਾ ਸੀ ਜੇ ਉਸ ਮੰਡਲੀ ਦੇ ਕਿਸੇ ਬੰਦੇ ਕੋਲ ਵਿਆਖਿਆ ਕਰਨ ਦਾ ਚਮਤਕਾਰੀ ਦਾਨ ਹੋਵੇ, ਤਾਂ ਜੋ ਉਸ ਦੀ ਹੁਣ ''ਓਪਰੀ'' ਭਾਸ਼ਾ ਦਾ ਅਨੁਵਾਦ ਸਥਾਨਕ ਭਾਸ਼ਾ ਵਿਚ ਹੋ ਸਕੇ।

ਕਹਿਣ ਦਾ ਮਤਲਬ ਇਹ ਹੈ ਕਿ ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਵਚਨ ਸਾਫ਼ ਦੱਸਦਾ ਹੈ ਕਿ ਜਦ ਕਿਸੇ ਨੂੰ ''ਬੋਲੀਆਂ'' ਬੋਲਣ ਦਾ ਦਾਨ ਦਿੱਤਾ ਜਾਂਦਾ ਸੀ ਤਾਂ ਇਹਦਾ ਮਤਲਬ ਇਹ ਹੁੰਦਾ ਸੀ ਕਿ ਕਿਸੇ ਨੂੰ ਇਕ ਬੋਲੀ ਦਾ ਗਿਆਨ ਮੋਅਜਜ਼ੇ ਦੇ ਰਾਹੀਂ ਦਿੱਤਾ ਗਿਆ ਸੀ, ਜੋ ਕਿ ਸਾਫ਼ ਹੈ ਕਿ ਦਾਨ ਦਿੱਤੇ ਜਾਣ ਵੇਲੇ ਉਸ ਦੀ ਲੋੜ ਸੀ। ਉਸ ਨੂੰ ਸਾਰੀਆਂ ਗੱਲਾਂ ਦਾ ਗਿਆਨ ਨਹੀਂ ਦਿੱਤਾ ਜਾਂਦਾ ਸੀ, ਨਾ ਹੀ ਅਜਿਹਾ ਹੈ ਕਿ ਉਹ ਜਿੱਥੇ ਜਿੱਥੇ ਜਾਂਦਾ ਹੋਵੇ ਉੱਥੋਂ ਦੀ ਬੋਲੀ ਆਪਣੇ ਆਪ ਬੋਲਣ ਲੱਗ ਪੈਂਦਾ ਹੋਵੇਗਾ। ਜੇ ਅਜਿਹਾ ਹੁੰਦਾ ਤਾਂ ਅਨੁਵਾਦ ਕਰਨ ਦੀ ਲੋੜ ਹੀ ਨਹੀਂ ਹੋਣੀ ਸੀ। ਪਰ ਸਤਾਅ ਦੇ ਬਾਅਦ ਅਤੇ ਮਸੀਹੀ ਲੋਕਾਂ ਦੇ ਇਕ ਤੋਂ ਦੂਜੀ ਥਾਂ ਬਦਲਦੇ ਰਹਿਣ ਕਰਕੇ ਭਾਸ਼ਾ ਦਾ ਗਿਆਨ ਅਤੇ ਭਾਸ਼ਾ ਦਾ ਅਰਥ ਦੱਸਣਾ ਦੋਵੇਂ ਜ਼ਰੂਰੀ ਸਨ।

ਇਹ ਸੰਦਰਭ ਵਿਚ ਪੌਲੁਸ ਨੇ ਮੋਅਜ਼ਜੇ ਦੇ ਰਾਹੀਂ ਬੋਲੀਆਂ ਜਾਣ ਵਾਲੀਆਂ ''ਬੋਲੀਆਂ'' ਦੀ ਵਰਤੋਂ ਤੇ ਕਈ ਨੁਕਤੇ ਦੱਸੇ।

- ਅਜਿਹੀ ਬੋਲੀ ਬੋਲਣ ਵਾਲੇ ਜਿਸ ਦੀ ਸਮਝ ਸਥਾਨਕ ਮਸੀਹੀ ਲੋਕਾਂ ਨੂੰ ਨਾ ਹੋਵੇ, ਜਾਣਦੇ ਸਨ ਕਿ ਉਨ੍ਹਾਂ ਦਾ ਦਾਨ ਖ਼ੁਦਾ ਦੀ ਤਰਫ਼ੋਂ ਹੈ ਅਤੇ ਖ਼ੁਦਾ ਇਸ ਗੱਲ ਨੂੰ ਸਮਝਦਾ ਹੈ ਕਿ ਉਹ ਕੀ ਕਹਿ ਰਹੇ ਹਨ (ਅਤੇ ਅੱਜ ਦੀਆਂ ''ਬੋਲੀਆਂ'' ਬੋਲਣ ਦੇ ਉਲਟ ਜਦ ਬੋਲਣ ਵਾਲੇ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਕੀ ਬੋਲ ਰਿਹਾ ਹੈ, ਆਇਤ 4 ਵਿਚ ਪੌਲੁਸ ਨੇ ਆਖਿਆ ਕਿ ਉਸ ਸਮੇਂ ਦਾ ਬੋਲਣ ਵਾਲਾ ਆਪਣੀ ਤਰੱਕੀ ਕਰਦਾ ਸੀ ਭਾਵ ਉਹਨੂੰ ਪਤਾ ਹੁੰਦਾ ਸੀ ਕਿ ਉਹ ਕੀ ਬੋਲ ਰਿਹਾ ਹੈ), ਪਰ ਸੁਣ ਵਾਲਿਆਂ ਨੂੰ ਇਸ ਦਾ ਉਦੋਂ ਤਕ ਕੋਈ ਫ਼ਾਇਦਾ ਨਹੀਂ ਹੋਣਾ ਸੀ ਜਦ ਤਕ ਕੋਈ ਉਨ੍ਹਾਂ ਨੂੰ ਉਹ ਦਾ ਮਤਲਬ ਨਾ ਸਮਝਾਏ (1 ਕੁਰਿੰਥੀਆਂ 14:2)।
- ਸਚਿਆਈ ਦੀ ਉਸ ਦੀ ਆਪਣੀ ਸਮਝ ਜਿਸ ਨੂੰ ਉਹ ਸਮਝਾ ਰਿਹਾ ਸੀ, ਸੁਣਨ

ਵਾਲਿਆਂ ਦੀ ਸਮਝ ਤੋਂ ਬਾਹਰ ਸੀ, ਜਿਸ ਕਰਕੇ ਸੁਣਨ ਵਾਲਿਆਂ ਦੇ ਮਨਾਂ ਤੇ ਇਸ ਦਾ ਕੋਈ ਫਲ਼ ਨਹੀਂ ਆ ਸਕਦਾ ਸੀ (ਆਇਤ 14)।

ਉਨ੍ਹਾਂ ਨੂੰ ਉਦੋਂ ਤਕ ''ਬੋਲੀਆਂ'' ਬੋਲਣ ਤੋਂ ਮਨ੍ਹਾਂ ਕੀਤਾ ਗਿਆ ਜਦੋਂ ਤਕ ਕੋਈ ਅਰਥ ਕਰਨ ਵਾਲਾ ਨਾ ਹੋਵੇ (ਆਇਤ 28), ਕਿਉਂਕਿ ਜੇ ਕੋਈ ਬੋਲੀ ਗਈ ਭਾਸ਼ਾ ਦਾ ਅਰਥ ਸੁਣਨ ਵਾਲਿਆਂ ਨੂੰ ਸਮਝ ਨਹੀਂ ਆਉਂਦਾ ਤਾਂ ਮੰਡਲੀ ਵਿਚ ਆਉਣ ਵਾਲੇ ਬੇਪਰਤੀਤਿਆਂ ਨੂੰ ਇਹੀ ਲੱਗਣਾ ਸੀ ਕਿ ਉਹ ਪਾਗਲ ਹਨ।

ਫਿਰ ਇਸ ਦੀ ਥਾਂ ਉਨ੍ਹਾਂ ਨੂੰ ਨਬੂਵਤ ਦਾ ਦਾਨ ਭਾਵ ਪ੍ਰਚਾਰ ਕਰਨ ਦੇ ਦਾਨ ਦੀ ਖ਼ਾਹਿਸ਼ ਕਰਨ ਲਈ ਕਿਹਾ ਗਿਆ, ਕਿਉਂ ਜੋ ਇਸ ਨਾਲ ਸੁਣਨ ਵਾਲਿਆਂ ਦੀ ਤਰੱਕੀ, ਸਿੱਖਿਆ ਅਤੇ ਤਸੱਲੀ ਹੋਣੀ ਸੀ। ਇਹ ਉਹ ਸੰਦੇਸ਼ ਸੀ ਜਿਹੜਾ ਸਭ ਸੁਣਨ ਵਾਲਿਆਂ ਨੂੰ ਸਮਝ ਆ ਸਕਦਾ ਸੀ। ਕਿਸੇ ਵੀ ਬੋਲਣ ਵਾਲੇ ਦਾ ਅਹਿਮ ਮਕਸਦ ਆਪਣੇ ਸੁਣਨ ਵਾਲਿਆਂ ਦੀ ਤਰੱਕੀ ਹੁੰਦਾ ਹੈ ਨਾ ਕਿ ਇਹ ਕਿ ਲੋਕ ਉਹ ਦੀ ਕਲਾ ਦੀ ਤਾਰੀਫ਼ ਕਰਨ (ਆਇਤਾਂ 1, 5)।

ਇਨ੍ਹਾਂ ਆਇਤਾਂ ਦੇ ਵਿਸ਼ਲੇਸ਼ਣ ਤੋਂ ਅਸੀਂ ਵੇਖ ਸਕਦੇ ਹਾਂ ਕਿ ਅੱਜ ਦੇ ਕਥਿਤ ਪੈਂਟੀਕਾਸਟਲ ਲੋਕਾਂ ਵੱਲੋਂ ਜੋ ਵੀ ਕੀਤਾ ਜਾਂਦਾ ਹੈ ਉਹ ਅਸਲ ਵਿਚ 1 ਕੁਰਿੰਥੀਆਂ 14 ਵਿਚ ਪੌਲੁਸ ਦੇ ਰਾਹੀਂ ਦੱਸੀਆਂ ਗੱਲਾਂ ਤੋਂ ਬਿਲਕੁਲ ਉਲਟ ਹੈ। ਅਸਲ ਵਿਚ ਕਈ ਗੱਲਾਂ ਵਿਚ ਅੱਜ ਦੀਆਂ ਕੀਤੀਆਂ ਜਾਣ ਵਾਲੀਆਂ ਗੱਲਾਂ ਪਵਿੱਤਰ ਆਤਮਾ ਦੀ ਅਗਵਾਈ ਨਾਲ ਦਿੱਤੀ ਪੌਲੁਸ ਦੀ ਹਦਾਇਤ ਦਾ ਬਿਲਕੁਲ ਉਲੰਘਣ ਹਨ। ਅਸੀਂ ਜਾਣਦੇ ਹਾਂ ਕਿ ਪਵਿੱਤਰ ਆਤਮਾ ਵਚਨ ਵਿਚ ਇਕ ਗੱਲ ਕਹਿ ਚੁੱਕਣ ਦੇ ਬਾਅਦ ਅੱਜ ਉਹਦੇ ਉਲਟ ਕੋਈ ਗੱਲ ਨਹੀਂ ਕਹੇਗਾ। ਇਹਦਾ ਮਤਲਬ ਇਹ ਹੈ ਕਿ ਜਿਹੜੇ ਲੋਕ ਆਤਮਾ ਦੀ ਸਮਰੱਥਾ ਨਾਲ ਅਜਿਹੀਆਂ ਗੱਲਾਂ ਕਰਨ ਦਾ ਦਾਅਵਾ ਕਰਦੇ ਹਨ ਉਹ ਝੂਠੇ ਦਾਅਵੇ ਕਰ ਰਹੇ ਹਨ। ਯਕੀਨਨ ਹੀ ਉਨ੍ਹਾਂ ਦੀ ਨੀਅਤ ਉੱਤੇ ਕੋਈ ਸ਼ੱਕ ਨਹੀਂ ਪਰ ਉਨ੍ਹਾਂ ਨੂੰ ਵਚਨ ਦਾ ਕੋਈ ਗਿਆਨ ਨਹੀਂ ਹੈ, ਪਰ ਉਹ ਗੁਮਰਾਹ ਹਨ ਕਿਉਂ ਜੋ ਉਹ ਤਾਂ ਉਹੀ ਕਰਦੇ ਹਨ ਜਿਵੇਂ ਉਨ੍ਹਾਂ ਨੂੰ ਸਿਖਾਇਆ ਗਿਆ ਹੈ।

ਨਹੀਂ, ਅੱਜ ਕਲੀਸੀਆ ਦੀ ਸਭਾ ਵਿਚ ਔਰਤਾਂ ''ਬੋਲੀਆਂ'' ਨਹੀਂ ਬੋਲ ਸਕਦੀਆਂ। ਅਸਲ ਵਿਚ ਇਸ ਦੀ ਕਦੇ ਵੀ ਇਜਾਜ਼ਤ ਹੈ ਹੀ ਨਹੀਂ ਸੀ। ਰਸੂਲਾਂ ਦੇ ਯੁੱਗ ਵਿਚ ਵੀ ਨਹੀਂ ਜਦੋਂ ਬੋਲੀਆਂ ਬੋਲਣ ਦਾ ਦਾਨ ਸਚਮੁਚ ਹੁੰਦਾ ਸੀ।

## ਚਰਚਾ ਲਈ ਸਵਾਲ

1. ਜਿਆਦਾਤਰ ''ਪੈਂਟੀਕਾਸਟਲ,'' ''ਮੁੱਖ ਧਾਰਾ'' ਦੀਆਂ ਕਲੀਸੀਆਵਾਂ ਅੱਜ ਕਿਸ ਗੱਲ ਵਿਚ ਯਕੀਨ ਰੱਖਦੀਆਂ ਹਨ।
2. ਰਸੂਲਾਂ ਦੇ ਕਰਤੱਬ 2 ਅਧਿਆਇ ਵਿਚ ਲਿਖੇ ਮੁਤਾਬਿਕ ਪ੍ਰਭੂ ਦੀ ਕਲੀਸੀਆ ਦੀ ਸ਼ੁਰੂਆਤ ਕਦੋਂ ਹੋਈ ਸੀ? ''ਅਸੈਂਬਲੀਜ਼ ਆਫ਼ ਗੌਡ'' ਦੀ ਸ਼ੁਰੂਆਤ ਕਦੋਂ ਹੋਈ ਸੀ? ''ਚਰਚ ਆਫ਼ ਗੌਡ'' ਦੀ? ''ਪੈਂਟੀਕਾਸਟਲ ਚਰਚ'' ਦੀ?

3. ਸਾਨੂੰ ਕਿਸ ਦਾ ਨਾਮ ਦਿੱਤਾ ਗਿਆ ਹੈ?
4. ਭਲਾ ਨਵੇਂ ਨੇਮ ਦੇ ਸਮੇਂ ਦੌਰਾਨ ਪਵਿੱਤਰ ਆਤਮਾ ਨੇ ਆਪਣੇ ਆਪ ਨੂੰ ਅਤੇ ਆਪਣੀ ਸਮਰੱਥਾ ਨੂੰ ਪ੍ਰਮੁੱਖਤਾ ਦਿੰਦੇ ਹੋਏ ਆਗੂਆਂ ਤੋਂ ਪ੍ਰਚਾਰ ਕਰਵਾਇਆ ਜਾਂ ਲਿਖਵਾਇਆ ਸੀ, ਜਿਵੇਂ ਕਿ ਅੱਜ ''ਪੈਂਟੀਕਾਸਟਲ'' ਪ੍ਰਚਾਰਕ ਕਰਦੇ ਹਨ?
5. ਨਵੇਂ ਨੇਮ ਦੀਆਂ ਲਿਖੀਆਂ ਜਾਣ ਵਾਲੀਆਂ ਆਖ਼ਰੀ ਕਿਤਾਬਾਂ ਵਿਚ ਮੋਅਜ਼ਿਆਂ ਦੇ ਹੋਣ ਦੀਆਂ ਗੱਲਾਂ ਘੱਟ ਹੁੰਦੇ ਹੁੰਦੇ ਬੰਦ ਕਿਉਂ ਹੋ ਗਈਆਂ?
6. 1 ਕੁਰਿੰਥੀਆਂ 14:40 ਵਿਚ ਪੌਲੁਸ ਨੇ ਕੁਰਿੰਥੁਸ ਦੀ ਕਲੀਸੀਆ ਨੂੰ ਹਦਾਇਤ ਕੀਤੀ ਕਿ ਸਾਰੀਆ ਗੱਲਾਂ ......................... ਅਤੇ ....................... ਨਾਲ ਹੋਣ। ਭਲਾ ਲਗਦਾ ਹੈ ਕਿ ''ਪੈਂਟੀਕਾਸਟਲ'' ਕਿਸਮ ਦੀਆਂ ਸਭਾਵਾਂ ਵਿਚ ਅਜਿਹਾ ਹੁੰਦਾ ਹੈ?
7. ਆਇਤ 34 ਵਿਚ ਕੀ ਹੁਕਮ ਦਿੱਤਾ ਗਿਆ ਹੈ?
8. ''ਪੈਂਟੀਕਾਸਟਲ'' ਪ੍ਰਚਾਰਕ ਔਰਤਾਂ ਪਵਿੱਤਰ ਆਤਮਾ ਦੀ ਅਗਵਾਈ ਨਾਲ ਬੋਲਣ ਦਾ ਦਾਅਵਾ ਕਰਦੀਆਂ ਹਨ। ਸਾਨੂੰ ਕਿਵੇਂ ਪਤਾ ਕਿ ਉਹ ਗਲਤ ਹਨ?
9. ਆਇਤ 9 ਵਿਚ ਪੌਲੁਸ ਨੇ ਕੀ ਸਵਾਲ ਪੁੱਛਿਆ?
10. ਆਇਤ 10 ਵਿਚ ਪੌਲੁਸ ''ਸੁਰਗੀ ਬੋਲੀ'' ਦੀ ਗੱਲ ਕਰ ਰਿਹਾ ਸੀ ਜਾਂ ਧਰਤੀ ਉੱਤੇ ਬੋਲੀਆਂ ਜਾਣ ਵਾਲੀਆਂ ਵੱਖੋ ਵੱਖ ਤਰ੍ਹਾਂ ਦੀਆਂ ਬੋਲੀਆਂ ਦੀ?
11. ਪਵਿੱਤਰ ਆਤਮਾ ਨੇ ਪੌਲੁਸ ਨੂੰ ਕੀ ਲਿਖਣ ਦਾ ਨਿਰਦੇਸ਼ ਦਿੱਤਾ ਤਾਂ ਜੋ ਇਸ ਨੂੰ ਸਮਝਿਆ ਜਾ ਸਕੇ?
12. ਰਸੂਲਾਂ ਦੇ ਕਰਤੱਬ 5:32 ਦੇ ਮੁਤਾਬਿਕ ਭਲਾ ਇੰਜੀਲ ਦਾ ਹੁਕਮ ਮੰਨਣ ਵਾਲੇ ਹਰ ਕਿਸੇ ਨੂੰ ਪਵਿੱਤਰ ਆਤਮਾ ਮਿਲਦਾ ਹੈ? ਪਰ ਸ਼ੁਰੂ ਤੋਂ ਭਲਾ ਹਰ ਮਸੀਹੀ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਮਿਲਦੀ ਸੀ?
13. ਰਸੂਲਾਂ ਦੇ ਕਰਤੱਬ 6:3 ਵਿਚ ਰਸੂਲਾਂ ਨੇ ਹੋਰਨਾਂ ਲੋਕਾਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਕਿਵੇਂ ਦਿੱਤੀ?
14. ਭਲਾ ਮਸੀਹੀ ਲੋਕ ਜਿਨ੍ਹਾਂ ਨੂੰ ਅਜਿਹਾ ਦਾਨ ਮਿਲਿਆ ਸੀ ਹਰ ਤਰ੍ਹਾਂ ਦਾ ਮੋਅਜਜ਼ਾ ਕਰ ਸਕਦੇ ਸਨ?
15. ''ਬੋਲੀਆਂ'' ਬੋਲਣ ਦਾ ਦਾਨ ਮਿਲਣ ਦਾ ਮਤਲਬ ਸੀ .......................
16. ਭਲਾ ਉਸ ਨੂੰ ਸਭ ਭਾਸ਼ਾਵਾਂ ਦਾ ਗਿਆਨ ਦਿੱਤਾ ਜਾਂਦਾ ਸੀ?
17. ਭਲਾ ਅੱਜ ''ਪੈਂਟੀਕਾਸਟਲ'' ਲੋਕ ''ਗੈਰ ਜ਼ਬਾਨਾਂ'' ਬੋਲਦੇ ਹਨ ਜਦ ਕਿ ''ਅਰਥ'' ਕਰਨ ਵਾਲਾ ਕੋਈ ਨਾ ਹੋਵੇ? ਭਲਾ ਪੌਲੁਸ ਨੇ ਪਵਿੱਤਰ ਆਤਮਾ ਦੇ ਰਾਹੀਂ ਇਸ ਦੀ ਮਨਾਹੀ ਕੀਤੀ ਸੀ?
18. ਭਲਾ ਅੱਜ ਮੰਡਲੀ ਵਿਚ ਖ਼ੁਦਾ ਵੱਲੋਂ ਔਰਤਾਂ ਨੂੰ ''ਬੋਲੀਆਂ'' ਬੋਲਣ ਦੀ ਇਜਾਜ਼ਤ ਹੈ? 1 ਕੁਰਿੰਥੀਆਂ 14 ਅਧਿਆਇ ਦੇ ਮੁਤਾਬਿਕ ਭਲਾ ਖ਼ੁਦਾ ਨੇ ਕਦੇ ਅਜਿਹਾ ਕਰਨ ਦੀ ਇਜਾਜ਼ਤ ਦਿਤੀ ਸੀ?



## ਪਾਠ 12

# ਮਾਤਾਓ, ਆਪਣੇ ਬਾਲਕਾਂ ਅਤੇ ਬਾਲੜੀਆਂ ਨੂੰ ਸਿਖਾਓ ਅਤੇ ਨਿਪੁਣ ਕਰੋ

*(ਪਿਛਲੇ 11 ਪਾਠਾਂ ਵਿਚ ਅਧਿਐਨ ਕੀਤੇ ਗਏ ਵਚਨ ਦੇ ਹਵਾਲਿਆਂ ਤੇ ਅਧਾਰਿਤ ਇਹ ਵਿਚਾਰ ਦਿੱਤੇ ਗਏ ਹਨ)*

ਅਸੀਂ ਭੱਜ ਦੌੜ ਭਰੇ, ਤੇਜ਼ੀ ਨਾਲ ਬਦਲ ਰਹੇ ਸੰਸਾਰ ਵਿਚ ਰਹਿ ਰਹੇ ਹਾਂ ਜਿਸ ਵਿਚ ਬਹੁਤ ਵਾਰ ਸਾਡੇ ਕੋਲ ਬਹੁਤ ਸਾਰੀਆ ਗੱਲਾਂ ਲਈ ਵਕਤ ਨਹੀਂ ਹੁੰਦਾ। ਅਫ਼ਸੋਸ ਦੀ ਗੱਲ ਇਹ ਹੈ ਕਿ ਸਾਡੀਆਂ ਤਰਜੀਹਾਂ ਦੀ ਫ਼ਹਰਿਸਤ ਵਿਚ ਆਮ ਤੌਰ ਤੇ ਸਾਡੇ ਬੱਚੇ ਸਭ ਤੋਂ ਹੇਠਾਂ ਆ ਜਾਂਦੇ ਹਨ।

ਮਾਪਿਆਂ ਦੀ ਜ਼ਿੰਮੇਵਾਰੀ ਦੇ ਵਿਸ਼ੇ ਤੇ ਲੋਕਾਂ ਵਿਚ ਵੱਖੋ–ਵੱਖ ਵਿਚਾਰ ਪਾਏ ਜਾਂਦੇ ਹਨ। ਅਸੀਂ ਇਨ੍ਹਾਂ ਵਿੱਚੋਂ ਤਿੰਨ ਗੱਲਾਂ ਤੇ ਵਿਚਾਰ ਕਰਨਾ ਚਾਹੁੰਦੇ ਹਾਂ:

ਬਹੁਤ ਸਾਰੇ ਲੋਕਾਂ ਦੀ ਸੋਚ ਰਹਿੰਦੀ ਹੈ ਕਿ ਨਿਆਂਣੇ ਅਤੇ ਬੱਚੇ ''ਛੋਟੇ'' ਹੁੰਦੇ ਹਨ। ਇਸ ਕਰਕੇ ਉਨ੍ਹਾਂ ਨੂੰ ਖਾਣ ਪੀਣ ਅਤੇ ਪਹਿਨਣ ਲਈ ਮਿਲ ਜਾਵੇ, ਇਹੀ ਕਾਫ਼ੀ ਹੈ। ਉਨ੍ਹਾਂ ਦੀਆਂ ਹੋਰ ਲੋੜਾਂ ਦੀ ਪਰਵਾਹ ਕਰਨ ਦੀ ਕੋਈ ਲੋੜ ਨਹੀਂ ਹੈ। ਬੱਚੇ ਜਦੋਂ ਆਪਣੇ ਆਪ ਨੂੰ ਸੰਭਾਲਣ ਲੱਗਣਗੇ ਤਾਂ ਉਨ੍ਹਾਂ ਦੇ ਵਿਚਾਰਾਂ ਤੇ, ਉਨ੍ਹਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਤੇ, ਉਨ੍ਹਾਂ ਦੀ ਪਸੰਦ ਨਾ ਪਸੰਦ ਤੇ ਵਧੇਰੇ ਧਿਆਨ ਦਿੱਤਾ ਜਾ ਸਕਦਾ ਹੈ।

***ਵਿਚਾਰ ਕਰਨ ਵਾਲੀ ਗੱਲ***

*ਤੁਹਾਡੀ ਪਰਵਿਰਸ਼ ਬਾਰੇ ਤੁਹਾਡੇ ਮਾਪਿਆਂ ਦੀ ਕੀ ਸੋਚ ਸੀ? ਆਪਣੇ ਬੱਚਿਆਂ ਦੀ ਪਰਵਰਿਸ਼ ਬਾਰੇ ਤੁਹਾਡੀ ਆਪਣੀ ਸੋਚ ਕੀ ਹੈ? ਉਨ੍ਹਾਂ ਦੀ ਜ਼ਿੰਦਗੀ ਨੂੰ ਧਿਆਨ ਵਿਚ ਰੱਖਦਿਆਂ ਤੁਹਾਨੂੰ ਕੀ ਲਗਦਾ ਹੈ ਕਿ ਬੱਚਿਆਂ ਦੀ ਪਰਵਰਿਸ਼ ਕਿਵੇਂ ਹੋਣੀ ਚਾਹੀਦੀ ਹੈ? ਇਕ ਬਾਲਕ ਦੇ ਰੂਪ ਵਿਚ, ਕੀ ਤੁਸੀਂ ਗੁਜ਼ਰਿਆ ਸਮਾਂ ਯਾਦ ਕਰਕੇ ਸੋਚਣ ਲੱਗ ਪੈਂਦੇ ਹੋ, "ਕਾਸ਼ ਮੈਨੂੰ ਅਜਿਹੀ ਪੜ੍ਹਾਈ ਮਿਲ ਗਈ ਹੁੰਦੀ," ਜਾਂ "ਜੇ ਕਿਤੇ ਮੈਨੂੰ ਅਜਿਹੀ ਤਾਲੀਮ ਮਿਲ ਗਈ ਹੁੰਦੀ ਤਾਂ ਮੈਂ ਕਿਤੇ ਦਾ ਕਿਤੇ ਪਹੁੰਚ ਗਿਆ ਹੁੰਦਾ?" ਭਲਾ ਤੁਹਾਨੂੰ ਲਗਦਾ ਹੈ ਕਿ ਵੱਡਿਆਂ ਵਾਲੀਆਂ ਜ਼ਿੰਮੇਵਾਰੀਆਂ ਅਤੇ ਪਰੇਸ਼ਾਨੀਆਂ ਤੁਹਾਡੇ ਉੱਤੇ ਬਚਪਨ ਵਿਚ ਹੀ ਪੈ ਗਈਆਂ ਸਨ?*

ਪਰ ਬੱਚੇ ''ਨਿਆਣੇ'' ਨਹੀਂ ਹਨ। ਉਹ ਅਜਿਹੇ ਬੱਚੇ ਹਨ ਜਿਹੜੇ ਵੱਡੇ ਹੋ ਰਹੇ ਹਨ ਅਤੇ ਉਨ੍ਹਾਂ ਦੀ ਇਨ੍ਹਾਂ ਮੁੱਢਲੇ ਸਾਲਾਂ ਦੀ ਹਰ ਗੱਲ ਅਹਿਮ ਹੈ ਅਤੇ ਵੱਡੀ ਹੈ! ਜੇ ਮਾਪੇ ਇਹ ਦਿਮਾਗ ਵਿਚ ਰੱਖ ਰਹਿਣ ਕਿ ''ਮੈਂ ਇਕ ਵੱਡੇ ਭਾਵ ਬਾਲਕ ਦੀ ਪਰਵਰਿਸ਼ ਕਰ ਰਿਹਾ/ਰਹੀ ਹਾਂ, ਜੋ ਕੁਝ ਮੈਂ ਉਸ ਨੂੰ ਹੁਣ ਸਿਖਾਉਂਦਾ/ਸਿਖਾਉਂਦੀ ਹਾਂ ਉਹ ਵੱਡੇ ਹੋਣ ਤੇ ਉਹਦੇ ਜੀਣ ਦਾ ਢੰਗ ਬਣ ਜਾਵੇਗਾ,'' ਤਾਂ ਇਸ ਕੰਮ ਨੂੰ ਬੜੇ ਹੀ ਵੱਖਰੇ ਢੰਗ ਨਾਲ ਕੀਤਾ ਜਾ ਸਕਦਾ ਹੈ।

ਬੱਚੇ ਵਿਚ ਮੁੱਢਲੇ ਪੰਜ ਸਾਲ ਦਿਮਾਗੀ ਅਤੇ ਜਜ਼ਬਾਤੀ ਵਿਕਾਸ ਦਾ ਅਹਿਮ ਸਮਾਂ ਹੁੰਦਾ ਹੈ। ਜਿੰਨਾਂ ਵੱਧ ਸਮਾਂ ਮਾਪੇ ਸਿਖਾਉਣ, ਸਿਖਾਉਣ, ਆਪਣਾ ਅਨੁਭਵ ਦੱਸਣ ਵਿਚ ਉਹਦੇ ਨਾਲ ਬਿਤਾ ਸਕਦੇ ਹਨ, ਉਨਾਂ ਹੀ ਉਹ ਜ਼ਿੰਦਗੀ ਲਈ ਬੇਹਤਰ ਢੰਗ ਨਾਲ ਤਿਆਰ ਹੋਵੇਗਾ।

*''ਤੁਸੀਂ ਮੇਰੀਆਂ ਇਨ੍ਹਾਂ ਗੱਲਾਂ ਨੂੰ ਆਪਣੇ ਦਿਲਾਂ ਅਤੇ ਜਾਨਾਂ ਵਿਚ ਰੱਖਣਾ ਅਤੇ ... ਤਸੀਂ ਅਪਾਣੇ ਘਰ ਬੈਠੇ, ਰਾਹ ਚੱਲਦੇ, ਲੰਮੇ ਪਏ ਅਤੇ ਉੱਠਦੇ ਹੋਏ ਇਨ੍ਹਾਂ ਗੱਲਾਂ ਦਾ ਆਪਣੇ ਬੱਚਿਆਂ ਨਾਲ ਚਰਚਾ ਕਰਕੇ ਸਿਖਾਓ''* (ਵਿਵਸਥਾਸਾਰ 18: 19)। ... ਜਦ ਤੁਸੀਂ ਰਸੋਈ ਵਿਚ ਹੋਵੋ, ਕਿਤੇ ਸਫ਼ਰ ਤੇ ਜਾ ਰਹੇ ਹੋਵੋ ... ਖ਼ੁਦਾ ਨਹੀਂ ਚਾਹੁੰਦਾ ਕਿ ਅਸੀਂ ਆਪਣੇ ਬੱਚਿਆਂ ਨੂੰ ਉਹ ਦੇ ਵਚਨ ਨਾਲ ਕਮਰ ਕੱਸਣ ਨੂੰ ਯਾਦ ਦੁਆਉਣ ਦੇ ਕਿਸੇ ਵੀ ਮੌਕੇ ਨੂੰ ਹੱਥੋਂ ਜਾਣ ਦਈਏ।

ਬੱਚਿਆਂ ਦੇ ਸਬੰਧ ਵਿਚ ਕਈ ਮਾਪਿਆਂ ਦੀ ਸੋਚ ਵਿਚ ਦੂਜੀ ਖਾਮੀ ਇਹ ਹੁੰਦੀ ਹੈ ਕਿ ''ਉਸ ਉੱਤੇ ਬਹੁਤਾ ਬੋਝ ਨਾ ਪਾਓ। ਉਹ ਨੂੰ ਬਚਪਨ ਜੀਣ ਦਿਓ। ਵੱਡਾ ਹੋ ਜਾਵੇਗਾ ਤਾਂ ਆਪੇ ਸਿੱਖ ਜਾਵੇਗਾ। ਸਾਰੀ ਉਮਰ ਪਈ ਹੈ ਸਿੱਖਣ ਲਈ।'' ਇਸ ਨਾਲ ਪਰੇਸ਼ਾਨੀਆਂ ਵਧ ਸਕਦੀਆਂ ਹਨ।

***ਵਚਾਰ ਕਰਨ ਵਾਲੀ ਗੱਲ***

*ਭਲਾ ਤੁਹਾਡੀ ਆਪਣੀ ਪਰਵਰਿਸ਼ ਨੇ ਤੁਹਾਡੇ ਆਪਣੇ ਬੱਚਿਆਂ ਦੀ ਪਰਵਰਿਸ਼ ਕਰਨ ਦੇ ਢੰਗ ਨੂੰ ਪ੍ਰਭਾਵਿਤ ਕੀਤਾ ਹੈ? ਭਲਾ ਤੁਸੀਂ ਉਨ੍ਹਾਂ ਮਾਪਿਆਂ ਵਿਚ ਹੋ ਜਿਹੜੇ ਆਪਣੇ ਬੱਚਿਆਂ ਨੂੰ ਉਹ ਸਭ ਚੀਜ਼ਾਂ ਦੇਣੀਆਂ ਚਾਹੁੰਦੇ ਹਨ ਜਿਨ੍ਹਾਂ ਨੂੰ ਬਚਪਨ ਵਿਚ ਉਹ ਪਾਉਣਾ ਤਾਂ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਮਿਲ ਨਹੀਂ ਸਕੀਆਂ? ਜਾਂ ਤੁਹਾਡੇ ਮਾਪਿਆਂ ਨੇ ਤੁਹਾਡੇ ਲਈ ਉਹੀ ਸਭ ਕੁਝ ਕੀਤਾ ਅਤੇ ਹੁਣ ਤੁਸੀਂ ਪਰਤ ਕੇ ਆਪਣੇ ਬੱਚਿਆਂ ਦੇ ਹੱਥ ਵਿਚ ਉਹ ਚੀਜ਼ਾਂ ਨਹੀਂ ਦੇਣਾ ਚਾਹੁੰਦੇ ਤਾਂ ਜੋ ਉਹ ਦੁਨੀਆਂ ਦੀਆਂ ਘੱਟੋ ਘੱਟ ਭੌਤਿਕ ਵਸਤਾਂ ਵਿਚ ਜ਼ਿੰਦਗੀ ਜੀਣਾ ਸਿੱਖਣ? ਤੁਸੀਂ ਆਪਣੇ ਬੱਚਿਆਂ ਨਾਲ ਉਸ ਨਾਲੋਂ ਵੱਧ ਸਖ਼ਤ ਹੋਵੋ ਜਿੰਨਾਂ ਤੁਹਾਡੇ ਮਾਪੇ ਤੁਹਾਡੇ ਨਾਲ ਸਨ? ਜਾਂ ਘੱਟ? ਕਿਹਦੇ ਦਿਲ ਵਿਚ ਕਿਹਦੇ ਲਈ ਬਹੁਤੀ ਇੱਜ਼ਤ ਹੈ।*

ਬੇਸ਼ੱਕ ਬੱਚਿਆਂ ਤੋਂ ਵੱਡਿਆਂ ਵਾਲੀਆਂ ਜ਼ਿੰਮੇਵਾਰੀਆਂ ਚੁੱਕਣ ਦੀ ਉਮੀਦ ਨਹੀਂ ਕਰਨੀ ਚਾਹੀਦੀ ਪਰ ਉਨ੍ਹਾਂ ਨੂੰ ਬਚਪਨ ਵਿਚ ਹੀ ਬਿਲਕੁਲ ਬੇਫ਼ਿਕਰੇ ਹੋਣ ਤੇ ਵੀ ਨਹੀਂ ਛੱਡਣਾ ਚਾਹੀਦਾ। ਅਜਿਹਾ ਹੋਣ ਤੇ ਘਰੋਂ ਬਾਹਰ ਨਿੱਕਲਣ, ਪੜ੍ਹਾਈ ਪੂਰੀ ਕਰਨ, ਨੌਕਰੀ ਕਰਨ ਅਤੇ ਫਿਰ ਆਪਣਾ ਪਰਿਵਾਰ ਬਣਾਉਣ ਵੇਲੇ ਉਨ੍ਹਾਂ ਨੂੰ ਧਕਾ ਲੱਗੇਗਾ। ਇਨ੍ਹਾਂ ਜ਼ਿੰਮੇਵਾਰੀਆਂ ਨੂੰ ਥੋੜ੍ਹਾ ਥੋੜ੍ਹਾ ਕਰਕੇ ਸਿੱਖਦਿਆਂ ਅਨੁਸ਼ਾਸਨ ਦੇ ਬਗੈਰ ਵੱਡਾ ਹੋਣ ਨਾਲ ਅਚਾਨਕ ਉਹ ਨੂੰ ਅਜਿਹਾ ਲੱਗੇਗਾ ਕਿ ਜਿਵੇਂ ਕੋਈ ਬਿਨਾਂ ਲਾਈਫ਼ ਜੈਕਟ ਦੇ ਪਾਣੀ ਵਿਚ ਡਿੱਗ ਪਿਆ ਹੋਵੇ। ਉਸ ਨੂੰ ਪਤਾ ਨਹੀਂ ਲੱਗੇਗਾ ਕਿ ਉਹ ਕੀ ਕਰੇ ਅਤੇ ਕਿਵੇਂ ਕਰੇ। ਅਤੇ ਹੋ ਸਕਦਾ ਹੈ ਉਹ ਅਖ਼ੀਰ ਵਿਚ ਜ਼ਿੰਮੇਵਾਰੀ ਹੀ ਨਾ ਲਵੇ। ਅਮਰੀਕੀ ਪਰਿਵਾਰਾਂ ਵਿਚ ਇਕ ਵੱਡੀ ਪਰੇਸ਼ਾਨੀ ਇਹ ਹੈ ਕਿ ਵਡੇ ਬੱਚੇ ਘਰੋਂ ਨਿੱਕਲਣ ਵਿਚ ਝਿਜਕਦੇ ਹਨ। ਅਤੇ ਬਹੁਤਿਆਂ ਦੇ ਘਰਾਂ ਵਿੱਚੋਂ ਨਿੱਕਲਣ ਤੇ ਉਨ੍ਹਾਂ ਦੇ ਵਿਆਹੁਤਾ ਸਬੰਧ ਟੁੱਟ ਜਾਂਦੇ ਹਨ। ਉਹ ਕੰਮ ਤੇ ਟਿਕ ਨਹੀਂ ਸਕਦੇ ਅਤੇ ਛੇਤੀ ਹੀ ''ਘਰ'' ਦੇ ਸੁਰੱਖਿਆ ਦੇ ਘੇਰੇ ਵਿਚ ਪਰਤ ਆਉਂਦੇ ਹਨ। ਭਾਵੇਂ ਇਹਦਾ ਮਤਲਬ ਤਲਾਕ ਅਤੇ ਬੱਚਿਆਂ ਨੂੰ ਹੱਥੋਂ ਗੁਆਉਣਾ ਹੀ ਹੋਵੇ।

ਇਕ ਸੋਚ ਇਹ ਹੈ ਕਿ ਕਿ ਬੱਚੇ ਨੂੰ ਹਾਲਾਤ ਦਾ ਸਾਹਮਣਾ ਕਰਨ ਲਈ ਛੱਡ ਦੇਣਾ ਚਾਹੀਦਾ ਹੈ, ਤਾਂ ਜੋ ਉਹ ਓਸੇ ਮਾਹੌਲ ਵਿਚ ਰਹਿੰਦੇ ਰਹਿੰਦੇ ਮਜ਼ਬੂਤ ਬਣ ਜਾਵੇ। ਇਹ ਸਿਆਣੀ ਗੱਲ ਹੈ। ਸੂਝਬੂਝ ਰੱਖਣ ਵਾਲੇ, ਦੂਰਦਰਸ਼ੀ ਅਤੇ ਧੀਰਜ ਰੱਖਣ ਵਾਲੇ ਮਾਪਿਆਂ ਦੀ ਇਹ ਸੋਚ ਸਹੀ ਹੈ।

*''ਬਾਲਕ ਨੂੰ ਉਹ ਦਾ ਠੀਕ ਰਾਹ ਸਿਖਲਾ ਤਾਂ ਜੋ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ''* (ਕਹਾਉਤਾ 22:6)।

ਛੋਟੀਆਂ ਲੜਕੀਆਂ ਨੂੰ ਪਤਨੀ, ਮਾਂ ਅਤੇ ਸੁਆਉਣੀ ਬਣਨਾ ਸਿੱਖਣਾ ਜ਼ਰੂਰੀ ਹੈ। ਪਹਿਲਾਂ ਹਰ ਬੱਚੀ ਕੋਲ ਪਸੰਦੀਦਾ ਖੇਡ ''ਘਰ ਘਰ'' ਅਤੇ ''ਗੁੱਡਾ ਗੁੱਡੀ'' ਆਦਿ ਹੁੰਦੇ ਸਨ। ਹੁਣ ਬਹੁਤ ਸਾਰੀਆਂ ਬੱਚੀਆਂ ਨੂੰ ਅਜਿਹੇ ਖੇਡ ਖੇਡਣ ਨੂੰ ਨਹੀਂ ਮਿਲਦੇ। ਉਹ

ਗੁੱਡੀਆਂ ਨਾਲ ਨਹੀਂ ਖੇਡਦੀਆਂ, ਇਹਦੇ ਉਲਟ ਉਹ ਸੌਫ਼ਟ ਬਾਲ ਜਾਂ ਹੋਰ ਖੇਡਾਂ ਵਿਚ ਨਿਪੁਣ ਹੋ ਜਾਂਦੀਆਂ ਹਨ।

ਛੋਟੀ ਬੱਚੀ ਜਿਸ ਨੂੰ ਆਪਣੀ ਗੁੱਡੀ ਨਾਲ ਪਿਆਰ ਕਰਨ ਅਤੇ ਉਸ ਨੂੰ ਸਜਾਉਣ ਸਵਾਰਨ ਅਤੇ ਉਸ ਦੀ ਦੇਖਭਾਲ ਕਰਨ ਨੂੰ ਮਿਲਦਾ ਹੈ, ਉਸ ਵਿਚ ਆਮ ਤੌਰ ਤੇ ਮਾਂ ਵਾਲੇ ਵਿਚਾਰ ਆ ਜਾਂਦੇ ਹਨ। ਵੱਡੀ ਹੋਣ ਤੇ ਵੀ ''ਪਿਆਰ'' ਦੀ ਤਾਕਤ ਉਹਦੇ ਨਾਲ ਰਹਿੰਦੀ ਹੈ। ਜਦ ਉਹਦੇ ਆਪਣਾ ਬੱਚਾ ਹੋਵੇਗਾ ਤਾਂ ਉਹ ਉਸ ਨੂੰ ਉਵੇਂ ਹੀ ਲਾਡ ਕਰੇਗੀ। ਮਾਂ ਦੇ ਰੂਪ ਵਿਚ ਆਉਣ ਵਾਲੇ ਬਹੁਤ ਸਾਰੇ ਜਜ਼ਬਾਤਾਂ ਨਾਲ ਉਹਦੇ ਮਨ ਵਿਚ ''ਕਾਲਪਨਿਕ ਮਾਂ'' ਹੋਣ ਦੇ ਆਪਣੇ ਮੁੱਢਲੇ ਸਾਲ ਯਾਦ ਆਉਣਗੇ।

ਇਹੀ ਗੱਲ ਖਾਣਾ ਬਣਾਉਣ, ਸਾਫ਼ ਸਫ਼ਾਈ ਕਰਨ, ਝਾੜੂ ਪੋਚਾ ਕਰਨ, ਚੀਜ਼ਾਂ ਨੂੰ ਸੁਆਰਨ, ਬਰਤਨ ਭਾਂਡੇ ਧੋਣ ਵਿਚ ਕੰਮ ਕਰਨ ਤੇ ਲਾਗੂ ਹੁੰਦੀ ਹੈ। ਜਦ ਇਕ ਮਾਂ ਸੁਆਣੀ ਦੀਆਂ ਇਨ੍ਹਾਂ ਗੱਲਾਂ ਵਿਚ ਆਪਣੀ ਬੱਚੀ ਨੂੰ ਸ਼ਾਮਿਲ ਕਰਦੀ ਹੈ ਤਾਂ ਉਹ ਉਹਦੇ ਅੰਦਰ ਗਿਆਨ, ਹੁਨਰ ਅਤੇ ਸੁਚਾਰੂ ਢੰਗ ਨਾਲ ਕੀਤੇ ਜਾਣ ਵਾਲੇ ਕੰਮ ਦੀ ਸੰਤੁਸ਼ਟੀ ਮਿਲਣ ਵਾਲੀਆ ਗੱਲਾਂ ਕਰਦੀ ਹੈ, ਜੇ ਮਾਂ ਉਹ ਨੂੰ ਇਹ ਸਭ ਸਿਖਾ ਰਹੀ ਹੈ ਤਾਂ।

ਮੁੰਡਿਆਂ ਨੂੰ ਗੱਡੀ ਧੋਣ, ਗੱਡੀ ਦੀ ਮੁਰੰਮਤ ਕਰਨ ਅਤੇ ਘਰ ਦੇ ਆਲੇ ਦੁਆਲੇ ਸਾਫ਼ ਸਫ਼ਾਈ ਰੱਖਣ ਆਦਿ, ਬੰਦਿਆਂ ਵਾਲੀਆਂ ਉਹ ਸਾਰੀਆਂ ਗੱਲਾਂ ਸਿੱਖਣੀਆਂ ਜ਼ਰੂਰੀ ਹਨ ਜਿਹੜੀਆਂ ਉਹ ਨੇ ਵੱਡਾ ਹੋ ਕੇ ਕਰਨੀਆਂ ਹਨ। ਛੋਟੀ ਉਮਰੇ ਬੇਟਾ ਭਾਵੇਂ ਇਨ੍ਹਾਂ ਸਭ ਗੱਲਾਂ ਨੂੰ ਨਾ ਕਰ ਸਕੇ ਪਰ ਸਿਆਣਾ ਬਾਪ ਉਸ ਨੂੰ ਅਜਿਹਾ ਕਰਨ ਵਿਚ ਲਾ ਕੇ ਇਹ ਕਰਨਾ ਸਿਖਾਵੇਗਾ ਕਿ ਵੱਡਾ ਹੋਣ ਤੇ ਉਹ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਚੁੱਕ ਸਕੇ।

ਬੇਸ਼ੱਕ ਬੁਹਤ ਸਾਰੀਆਂ ਔਰਤਾਂ ਘਾ ਵੱਢਦੀਆਂ ਹਨ, ਪਤੀ ਆਮ ਤੌਰ ਤੇ ਭਾਂਡੇ ਮਾਂਜਦੇ, ਫ਼ਰਸ਼ ਧੋਂਦੇ ਅਤੇ ਬੱਚਿਆਂ ਦੇ ਲੰਗੋਟ ਬਦਲਦੇ ਹਨ। ਬਾਲਗਾਂ ਦੇ ਰੂਪ ਵਿਚ ਪਤੀ ਪਤਨੀ ਦੇ ਇਕ ਦੂਜੇ ਦੇ ਮਦਦਗਾਰ ਹੋਣ ਦੀ ਸਿਖਲਾਈ ਦੇਣ ਲਈ ਬੱਚਿਆਂ ਨੂੰ ਘਰ ਦੇ ਕੰਮ ਕਾਜ ਅਤੇ ਜ਼ਿੰਮੇਵਾਰੀਆਂ ਦੇਣੀਆਂ ਜ਼ਰੂਰੀ ਹਨ। ਪਰ ਨਾਲ ਹੀ ''ਮੁੰਡੇ'' ਦੇ ਕੰਮ ਨੂੰ ਆਦਮੀ ਵਿਚ ਢਾਲਣ ਤੇ ਜ਼ੋਰ ਦਿੱਤਾ ਜਾਣਾ ਅਤੇ ਕੁੜੀਆਂ ਦੇ ਕੰਮ ਨੂੰ ਔਰਤਾਂ ਦੇ ਕੰਮ ਅਤੇ ਭਾਵਨਾਵਾਂ ਵਿਚ ਢਾਲਣਾ ਜ਼ਰੂਰੀ ਹੈ। ਨਰ ਅਤੇ ਮਾਦਾ ਦੋਵੇਂ ਅੱਡੋ ਅੱਡ ਹਨ ਜਿਨ੍ਹਾਂ ਨੂੰ ਆਪੋ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਕੀਤਾ ਜਾਂਦਾ ਹੈ ਅਤੇ ਸਿਖਲਾਈ ਉਸ ਵਿਰਾਸਤ ਨੂੰ ਪੱਕਿਆਂ ਕਰਨ ਲਈ ਹੋਣੀ ਚਾਹੀਦੀ ਹੈ।

ਵੱਡੇ ਹੋਣ ਤੇ ਬੱਚਿਆਂ ਨੂੰ ਪੈਸੇ ਦਾ ਇੰਤਜ਼ਾਮ ਕਰਨ ਦਾ ਤਜੁਰਬਾ ਹੋਣਾ, ਪਰਿਵਾਰ ਦੇ ਖਰਚ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ ਕਿ ਘਰ ਦਾ ਖਰਚ ਕੀ ਹੈ, ਗੱਡੀ ਦਾ ਖਰਚ ਕੀ ਹੈ, ਰਸੋਈ, ਬੀਮਾ, ਟੈਕਸ, ਖਾਣਾ, ਕੱਪੜੇ ਆਦਿ ਤੇ ਕੀ ਖਰਚ ਆਉਂਦਾ ਹੈ। ਉਨ੍ਹਾਂ ਨੂੰ ਘਰ ਦਾ ਬਜਟ ਬਣਾਉਣ ਵਿਚ ਨਾਲ ਲੈਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਖਰਚ ਆਉਣ ਵਾਲੀਆਂ ਦਿੱਕਤਾਂ ਦਾ ਪਤਾ ਹੋਵੇ। ਇਸ ਨਾਲ ਉਨ੍ਹਾਂ ਨੂੰ ਵੱਡਿਆਂ ਦੀ ਦੁਨੀਆਂ ਨੂੰ ਵੇਖਣ ਦਾ ਵਧੇਰੇ ਵਾਸਤਵਿਕ ਨਜ਼ਰੀਆ ਮਿਲਣ ਵਿਚ ਮਦਦ ਮਿਲੇਗੀ।

ਛੋਟੇ ਮੁੰਡਿਆਂ ਨੂੰ ਕਾਗਜ਼ ਪੱਤਰਾਂ, ਕਰਜ਼ਾ, ਡੈਬਿਟ ਕਾਰਡ, ਇਨਕਮ ਟੈਕਸ, ਬੀਮਾ

ਆਦਿ ਦਾ ਪਤਾ ਹੋਣਾ ਚਾਹੀਦਾ ਹੈ ਜਿਨ੍ਹਾਂ ਨੂੰ ਵੱਡਿਆਂ ਨੂੰ ਭਰਨਾ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਇਸ ਦੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ ਅਤੇ ਖ਼ਾਸ ਕਰਕੇ ਕਿ ਉਨ੍ਹਾਂ ਨੂੰ ਆਪਣੇ ਖਰਚ ਜਾਂ ਆਪਣੇ ਪਾਰਟ ਟਾਈਮ ਦੀ ਕਮਾਈ ਵਿੱਚੋਂ ਖ਼ੁਦਾ ਦਾ ਹਿੱਸਾ ਅੱਡ ਕਰਕੇ ਦੇਣਾ ਸਿਖਾਉਣਾ ਜ਼ਰੂਰੀ ਹੈ ਤਾਂ ਜੋ ਉਹ ਕਦੇ ''ਖ਼ੁਦਾ'' ਦੇ ਮੁਜਰਮ ਨਾ ਹੋਣ (ਮਲਾਕੀ 3:8–10)। ਬਹੁਤ ਸਾਰੇ ਵਿਆਹ ਪਤੀ ਪਤਨੀ ਵਿੱਚੋਂ ਕਿਸੇ ਇਕ ਦੀ ਜਾਂ ਆਰਥਿਕ ਮਾਮਲਿਆਂ ਵਿਚ ਗੈਰ ਜ਼ਿੰਮੇਵਾਰੀ ਕਰਕੇ ਟੁੱਟਦੇ ਹਨ। ਬਚਪਨ ਤੋਂ ਹੀ ਚੌਕਸੀ ਨਾਲ ਦਿੱਤੀ ਸਿੱਖਿਆ ਅਜਿਹੇ ਹਾਲਾਤ ਪੈਦਾ ਹੋਣ ਤੋਂ ਰੋਕੇਗੀ।

## ਆਦਮੀ ਆਗੂ ਬਣਨ ਔਰਤਾਂ ਸਹਾਇਕ ਬਣਨ

ਮੁੰਡੇ ਨੂੰ ਮੁੰਡਿਆਂ ਵਾਲੀਆਂ ਗੱਲਾਂ ਸਿਖਾਉਣ ਅਤੇ ਪੈਸੇ ਦੇ ਲੈਣ ਦੇਣ ਵਿਚ ਜ਼ਿੰਮੇਵਾਰ ਹੋਣ ਦੇ ਪਹਿਲੂ ਨਾਲੋਂ ਵਧ ਕੇ ਉਨ੍ਹਾਂ ਨੂੰ ਖ਼ੁਦਾ ਦੀ ਭਗਤੀ ਕਰਨ ਦੇ ਵਿਹਾਰ ਨੂੰ ਸਿਖਾਉਣਾ ਜ਼ਰੂਰੀ ਹੈ। ਭਾਵ ਉਸ ਨੂੰ ਇਹ ਸਿਖਾਉਣਾ ਜ਼ਰੂਰੀ ਹੈ ਕਿ ਹਲੀਮੀ ਅਤੇ ਪ੍ਰੇਮ ਨਾਲ ਉਹ ਆਪਣੇ ਘਰ ਦਾ ਮੁਖੀ ਹੈ ਅਤੇ ਉਸ ਨੂੰ ਆਪਣੀ ਪਤਨੀ ਅਤੇ ਬੱਚਿਆਂ ਅਤੇ ਸੰਸਾਰ ਦੇ ਵਿਚਕਾਰ ਖਲੋਣਾ ਹੈ। ਉਸ ਨੂੰ ਰੂਹਾਨੀ ਆਗੂ ਬਣਨਾ ਅਤੇ ਆਪਣੇ ਪਰਿਵਾਰ ਦੀ ਦਸ਼ਾ ਅਤੇ ਦਿਸ਼ਾ ਲਈ ਖ਼ੁਦਾ ਅੱਗੇ ਜਵਾਬਦੇਹ ਹੋਣਾ ਹੈ।

ਅੱਜ ਦੀ ਕੁੜੀ ਦੀ ਪਰਵਰਿਸ਼ ਆਮ ਤੌਰ ਤੇ ਆਦਮੀਆਂ ਨਾਲ ਮੁਕਾਬਲਾ ਕਰਨ ਵਾਲੀ ਦੇ ਰੂਪ ਵਿਚ ਹੁੰਦੀ ਹੈ। ਬਚਪਨ ਤੋਂ ਹੀ ਅਜਿਹੀ ਸਿੱਖਿਆ ਕੁੜੀਆਂ ਨੂੰ ਆਪਣੇ ਪਤੀ ਨਾਲ ਝਗੜਨ ਲਈ ਤਿਆਰ ਕਰਦੀ ਹੈ। ਭਗਤੀ ਭਰਿਆ ਪਹਿਲੂ ਇਹ ਹੈ ਕਿ ਵਿਆਹ ਹੋਣ ਤੇ ਉਹ ਜ਼ਿੰਦਗੀ ਵਿਚ ਉਸ ਸਮੇਂ ਦੇ ਲਈ ਆਪਣੇ ਆਪ ਨੂੰ ਤਿਆਰ ਕਰੇ। ਜਿਸ ਨਾਲ ਉਹ ਆਪਣੇ ਜੀਵਨ ਸਾਥੀ ਲਈ ਜਿਸ ਨੂੰ ਉਸ ਨੇ ਚੁਣਿਆ ਹੈ (ਜਾਂ ਜਿਸ ਨੇ ਉਸ ਨੂੰ ਚੁਣਿਆ ਹੈ) ਪਿਆਰ ਕਰੇ ਅਤੇ ਆਪਣੇ ਪਰਿਵਾਰ ਨੂੰ ਸੰਭਾਲੇ ਅਤੇ ਮੰਨੇ ਇਹ ਕਿ ਖ਼ੁਦਾ ਨੇ ਹੀ ਉਸ ਨੂੰ ਪਰਿਵਾਰ ਦੀ ਭਲਿਆਈ ਦੀ ਜ਼ਿੰਮੇਵਾਰੀ ਦਿੱਤੀ ਹੈ। ਬੇਸ਼ੱਕ ਚੰਗੀ ਪੜ੍ਹਾਈ–ਲਿਖਾਈ ਨਾਲ ਆਪਣੀ ਸਮਝ ਨੂੰ ਵਧਾਉਣਾ ਚਾਹੀਦਾ ਹੈ। ਤਾਂ ਜੋ ਆਪਣੇ ਪਤੀ ਦਾ ਸਾਥ ਬੇਹਤਰ ਢੰਗ ਨਾਲ ਦੇ ਸਕੇ ਅਤੇ ਆਪਣੇ ਬੱਚਿਆਂ ਨੂੰ ਚੰਗੀ ਤਰ੍ਹਾਂ ਨਾਲ ਪੜ੍ਹਾ ਲਿਖਾ ਸਕੇ। ਬੇਸ਼ੱਕ ਉਸ ਨੂੰ ਚੰਗੀ ਸਿੱਖਿਆ ਨਾਲ ਆਪਣੀ ਸਮਝ ਨੂੰ ਵਧਾਉਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਪਤੀ ਦੀ ਚੰਗੀ ਸਹਿਯੋਗੀ ਬਣ ਸਕੇ ਅਤੇ ਆਪਣੇ ਬੱਚਿਆਂ ਨੂੰ ਸਹੀ ਸਿਖਲਾਈ ਦੇਣ ਵਾਲੀ ਬਣ ਸਕੇ।

ਅਫ਼ਸੋਸ ਕਿ ਸਿਰਫ਼ ਪਤਨੀ, ਮਾਤਾ ਅਤੇ ਘਰ–ਬਾਰ ਸੰਭਾਲਣ ਵਾਲੀ ਹੋਣ ਦੇ ਨੀਰਸ ਕੰਮ ਲਈ ਔਰਤਾਂ ਲਈ ਰੋਣਾ ਪਿੱਟਣਾ ਇਕ ''ਸਨਕ'' ਬਣ ਗਈ ਹੈ। ਇਸ ਨੂੰ ਬੋਰ ਕਰਨ ਵਾਲਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਕਈ ਮਾਤਾਵਾਂ ਕਿਸੇ ਦਫ਼ਤਰ ਵਿਚ ਕੰਮ ਕਰਨ ਦੇ ਜੋਸ਼ ਲਈ ਬੱਚਿਆਂ ਦੀ ਪਰਵਰਿਸ਼ ਦੇ ਉਬਾਊਪਣ ਤੋਂ ਬਚਣਾ ਚਾਹੁੰਦੀਆਂ ਹਨ। ਇਸ ਦੀਆਂ ਜ਼ਿਆਦਾਤਰ ਗੱਲਾਂ ਸਿਖਾਇਆ ਗਿਆ ਵਿਹਾਰ ਹੈ ਜਿਸ ਵਿਚ ਸਾਡੀ ਸੱਭਿਅਤਾ ਬਾਰ ਬਾਰ ਔਰਤਾਂ ਨੂੰ ਇਹ ਦੱਸਣ ਵਿਚ ਲੱਗੀ ਹੈ ਕਿ ਸਿਰਫ਼ ਕਠਪੁਤਲੀਆਂ

ਅਤੇ ਬੇਕਾਰ ਲੋਕ ਹੀ ਘਰ ਵਿਚ ਰਹਿੰਦੇ ਹਨ, ਜਿਨ੍ਹਾਂ ਕੋਲ ਸੰਸਾਰ ਵਿਚ ਮੁਕਾਬਲਾ ਕਰਨ ਦਾ ਦਿਮਾਗ ਨਹੀਂ ਹੁੰਦਾ ਕਿ ਉਹ ਆਪਣਾ ਕੈਰੀਅਰ ਬਣਾ ਕੇ ਚੰਗੀ ਆਮਦਨੀ ਕਮਾਉਣ।

ਪਿਛਲੀਆਂ ਪੀੜ੍ਹੀਆਂ ਦੇ ਲੋਕਾਂ ਵਿਚ ਮਾਂਵਾਂ ਦੀ ਤਾਰੀਫ਼ ਕੀਤੀ ਜਾਂਦੀ ਸੀ। ਔਰਤਾਂ ਨੂੰ ਉਨ੍ਹਾਂ ਦੇ ਬੱਚਿਆਂ ਕਰਕੇ ਸਲਾਹਿਆ ਜਾਂਦਾ ਸੀ। ਉਹ ਆਪਣੇ ਪਤੀਆਂ ਉੱਤੇ ਫ਼ਖ਼ਰ ਕਰਦੀਆਂ ਸਨ ਅਤੇ ਘਰ–ਬਾਰ ਸੰਭਾਲਣ ਦੀ ਆਪਣੀ ਮਹਾਰਤ ਉੱਤੇ ਮਾਣ ਕਰਦੀਆਂ ਸਨ। ਕੁੱਲ ਮਿਲਾ ਕੇ ਉਹ ਔਰਤਾਂ ਦੱਬੀਆਂ ਕੁਚਲੀਆਂ ਜਾਂ ਉਬਾਊ, ਅਨਪੜ੍ਹ, ਗਵਾਰ ਨਹੀਂ ਹੁੰਦੀਆਂ ਸਨ ਜਿਨ੍ਹਾਂ ਨੂੰ ਜ਼ਿੰਦਗੀ ਦੀ ਸਮਝ ਨਾ ਹੋਵੇ। ਉਹ ਜੋ ਕੁਝ ਵੀ ਹੁੰਦੀਆਂ ਸਨ ਅਤੇ ਜੋ ਕੁਝ ਵੀ ਕਰ ਰਹੀਆਂ ਹੁੰਦੀਆਂ ਸਨ ਉਸ ਤੋਂ ਸੰਤੁਸ਼ਟ ਹੁੰਦੀਆਂ ਸਨ ਕਿਉਂ ਜੋ ਉਨ੍ਹਾਂ ਨੂੰ ਉਸੇ ਨਜ਼ਰੀਏ ਨਾਲ ਸਿਖਾਇਆ ਜਾਦਾ ਸੀ।

## ਉਹ ਕੀ ਸੁਣਦੇ ਹਨ ਜਾਂ ਕੀ ਵੇਖਦੇ ਹਨ?

ਸਾਨੂੰ ਬੇਹਤਰੀਨ ਸਿੱਖਿਆ ਕਿਵੇਂ ਮਿਲਦੀ ਹੈ? ਸਾਡੇ ਬੱਚਿਆਂ ਨੂੰ ਬੇਹਤਰੀਨ ਸਿੱਖਿਆ ਕਿਵੇਂ ਮਿਲਦੀ ਹੈ?

**ਬੋਲਣ ਨਾਲ।** ਮਾਪਿਆਂ ਦੇ ਰੂਪ ਵਿਚ ਸਾਨੂੰ ਰੋਜ਼ ਅਜਿਹੇ ਸ਼ਬਦ ਬੋਲਣਾ ਜ਼ਰੂਰੀ ਹੈ ਜਿਨ੍ਹਾਂ ਨੂੰ ਸਾਡੇ ਬੱਚਿਆਂ ਨੂੰ, ਜੇ ਉਹ ਕਾਮਯਾਬ ਹੋਣਾ ਚਾਹੁੰਦੇ ਹਨ, ਸਿੱਖਣਾ ਹੀ ਪਵੇਗਾ।

ਨਮੂਨਾ ਦੇ ਕੇ। ਪਰ ਅਸੀਂ ਕੋਈ ਲੰਮੀ ਗੱਲ ਕਦੇ ਕਦਾਈਂ ਹੀ ਕਰਦੇ ਹਾਂ ਜਦ ਕਿ ਜੀਉਂਦੇ ਅਸੀਂ ਦਿਨ ਦੇ ਚੌਵੀ ਘੰਟੇ ਹਾਂ। ਸੁਭਾਵਕ ਹੈ ਕਿ ਸਾਡੇ ਬੱਚੇ ਜੋ ਕੁਝ ਸਾਥੋਂ ਸੁਣਦੇ ਹਨ ਉਸ ਤੋਂ ਕਈ ਗੁਣਾ ਵੱਧ ਉਹ ਉਸ ਤੋਂ ਸਿੱਖਦੇ ਹਨ ਜੋ ਉਹ ਸਾਡੇ ਵਿਚ ਵੇਖਦੇ ਹਨ।

ਖ਼ਾਸਕਰ ਭਲਾ ਵਿਹਾਰ ਵਿਚ ਅਜਿਹਾ ਹੀ ਹੁੰਦਾ ਹੈ? ਆਪਣੇ ਪਤੀ ਨਾਲ ਬਹਿਸ ਕਰਦੀ ਰਹਿਣ ਵਾਲੀ, ਘਰ ਵਿਚ ਉਸ ਦੇ ਮੁਖੀ ਹੋਣ ਨੂੰ ਚੁਣੌਤੀ ਦਿੰਦੇ ਰਹਿਣ ਵਾਲੀ ਔਰਤ ਨੂੰ ਆਪਣੀਆਂ ਬੱਚੀਆਂ ਨੂੰ ਆਪਣੇ ਪਤੀਆਂ ਦੇ ਮਤਹਿਤ ਹੋਣਾ ਅਤੇ ਉਨ੍ਹਾਂ ਦੀ ਇੱਜ਼ਤ ਕਰਨਾ ਸਿਖਾਉਣਾ ਔਖਾ ਹੋਵੇਗਾ। ਇਸੇ ਤਰ੍ਹਾਂ ਆਪਣੀ ਪਤਨੀ ਨੂੰ ਗਾਲੀ ਗਲੌਚ ਕਰਨ ਵਾਲਾ ਆਦਮੀ ਜਾਂ ''ਨੁਕਤਾਚੀਨੀ'' ਕਰਦੇ ਰਹਿਣ ਵਾਲਾ ਆਦਮੀ ਆਪਣੇ ਪੁੱਤਰਾਂ ਨੂੰ ਆਪਣੀਆਂ ਪਤਨੀਆਂ ਨਾਲ ਉਵੇਂ ਹੀ ਪਿਆਰ ਕਰਨਾ ਸਿਖਾ ਨਹੀਂ ਸਕੇਗਾ ਜਿਵੇਂ ਮਸੀਹ ਨੇ ਕਲੀਸੀਆ ਨਾਲ ਕੀਤਾ; ਨਾ ਹੀ ਉਹ ਆਪਣੇ ਪੁੱਤਰਾਂ ਵਿਚ ਜ਼ਿੰਮੇਵਾਰੀ ਅਤੇ ਰਹਿਨੁਮਾਈ ਦੀ ਭਾਵਨਾ ਪਾ ਸਕੇਗਾ। ਬਿਨਾਂ ਕਿਸੇ ਸ਼ੱਕ ਦੇ, ਸਾਡੇ ਬੱਚੇ ਜ਼ਿੰਦਗੀ ਦੇ ਢੰਗ ਨੂੰ ਸਾਥੋਂ ਹੀ ਸਿੱਖਣਗੇ, ਜਿਸ ਕਰਕੇ ਸਾਨੂੰ ਬੜੇ ਖ਼ਬਰਦਾਰ ਰਹਿਣ ਦੀ ਲੋੜ ਹੈ ਕਿ ਅਸੀਂ ਉਨ੍ਹਾਂ ਨੂੰ ਕੀ ਸਿਖਾਉਂਦੇ ਹਾਂ।

## ਅਸਲ ਇਖ਼ਤਿਆਰ ਕਿਹਦੇ ਕੋਲ ਹੈ?

ਔਰਤਾਂ, ਆਦਮੀਆਂ, ਮਾਪਿਆਂ ਨੂੰ ਆਪਣੇ ਨਜ਼ਦੀਕੀ ਸਬੰਧਾਂ ਵਿਚ ਇਖ਼ਤਿਆਰ ਕਿਸ ਤੋਂ ਮਿਲਦਾ ਹੈ? ਬਹੁਤ ਵਾਰ ਲੋਕ ਅਗਵਾਈ ਕਰਨ ਅਤੇ ਅਧੀਨ ਹੋਣ ਨੂੰ ਸਥਾਨਕ ਸੱਭਿਅਤਾ ਦਾ ਹਿੱਸਾ ਮੰਨਦੇ ਹਨ, ਇਸ ਨਾਲੋਂ ਵਧ ਕੇ ਕੁਝ ਨਹੀਂ। ਆਦਮੀਆਂ ਉੱਤੇ

ਔਰਤਾਂ ਸਿਰਫ਼ ਇਸ ਕਰਕੇ ਰੋਅਬ ਝਾੜਨ ਦਾ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹ ਆਦਮੀ ਹਨ। ਔਰਤਾਂ ਨੂੰ ਸ਼ੋਸ਼ਿਤ ਅਤੇ ਦੱਬੀਆਂ ਕੁਚਲੀਆਂ ਮੰਨਿਆ ਜਾਦਾ ਸੀ ਜਿਵੇਂ ਉਹ ਆਪਣੇ ਪਤੀਆਂ ਦੇ ਮਤਹਿਤ ਹੋਣ। ਅਜੋਕੇ ਸੰਸਾਰ ਵਿਚ ਜ਼ਿਆਦਾਤਰ ਬੱਚੇ ਕਿਸੇ ਵੀ ਤਰ੍ਹਾਂ ਦੇ ਇਖ਼ਤਿਆਰ ਦਾ ਸਨਮਾਨ ਨਹੀਂ ਕਰਦੇ ਸਨ, ਜਿਸ ਕਰਕੇ ਉਹ ਉਨ੍ਹਾਂ ਨੂੰ ਸਮਝਾਉਣ ਵਾਲੇ ਕਿਸੇ ਵੀ ਬੰਦੇ ਤੋਂ, ਭਾਵੇਂ ਉਹ ਉਨ੍ਹਾਂ ਦੇ ਮਾਂ ਪਿਓ ਹੋਣ, ਉਸਤਾਦ ਹੋਣ, ਅਫ਼ਸਰ ਹੋਣ, ਜਾਂ ਸਰਕਾਰ ਜਾਂ ਕੋਈ ਹੋਰ ਹੋਵੇ, ਨਰਾਜ਼ ਅਤੇ ਬਾਗ਼ੀ ਹੁੰਦੇ ਹਨ।

ਪਰ ਇਖ਼ਤਿਆਰ ਤਾਂ ਖ਼ੁਦਾ ਵੱਲੋਂ ਮਿਲਦਾ ਹੈ। ਸਭ ਮਨੁੱਖਾਂ ਅਤੇ ਸਭ ਮਨੁੱਖੀ ਸਬੰਧਾਂ ਤੇ ਆਖ਼ਰੀ ਇਖ਼ਤਿਆਰ ਓਸੇ ਦਾ ਹੈ। ਜਦ ਉਸ ਨੇ ਆਖਿਆ ਕਿ ਪਤੀ ਘਰ ਦਾ ਮੁਖੀ ਹੋਵੇ ਤਾਂ ਸਿਰਜਣਹਾਰ ਦੇ ਰੂਪ ਵਿਚ ਉਹ ਪੁਰਖਾਂ ਨੂੰ ਉਸ ਵੱਡੇ ਕੰਮ ਉੱਤੇ ਲਾਉਣ ਦੇ ਆਪਣੇ ਇਖ਼ਤਿਆਰ ਨਾਲ ਬੋਲ ਰਿਹਾ ਸੀ। ਜਦ ਉਸ ਨੇ ਔਰਤ ਨੂੰ ਆਦਮੀ ਦੀ ਸਹਿਯੋਗੀ ਬਣਾ ਕੇ ਉਸ ਨੂੰ ਜ਼ਿੰਦਗੀ ਵਿਚ ਉਸ ਦਾ ਰੋਲ ਦਿੱਤਾ ਤਾਂ ਉਹ ਫੇਰ ਤੋਂ ਸਿਰਜਣਹਾਰ ਦੇ ਰੂਪ ਵਿਚ ਆਪਣੇ ਇਖ਼ਤਿਆਰ ਨਾਲ ਹੀ ਬੋਲ ਰਿਹਾ ਸੀ। ਕੋਈ ਵੀ ਮਨੁੱਖ ਖ਼ੁਦਾ ਦੇ ਇਖ਼ਤਿਆਰ, ਉਸ ਦੀ ਤਰਤੀਬ ਜਾਂ ਉਸ ਦੇ ਸਿਸਟਮ ਨੂੰ ਸਫ਼ਲਤਾਪੂਰਵਕ ਚੁਣੌਤੀ ਨਹੀਂ ਦੇ ਸਕਦਾ।

ਆਦਮੀਆਂ ਅਤੇ ਔਰਤਾਂ ਨੂੰ ਆਪਣੇ ਬੱਚਿਆਂ ਨੂੰ ਇਹ ਸੱਚਾਈ ਵੀ ਦੱਸਣ ਦੀ ਲੋੜ ਹੈ। ਮਾਪਿਆਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ''ਮੈਂ ਆਖਦਾ ਹਾਂ ਇਸ ਕਰਕੇ ਇਹ ਕਰੋ!'' ਬਲਕਿ ਆਪਣੇ ਬੱਚਿਆਂ ਦੀ ਭਲਿਆਈ ਲਈ ਖ਼ੁਦਾ ਦੀ ਅਧੀਨਤਾ ਵਿਚ ਜ਼ਿੰਮੇਵਾਰ ਹੋਣ ਕਰਕੇ ਮਾਪਿਆਂ ਦੇ ਰੂਪ ਵਿਚ ਉਨ੍ਹਾਂ ਨੂੰ ਜ਼ੋਰ ਦੇਣਾ ਚਾਹੀਦਾ ਹੈ ਕਿ ਅਜਿਹਾ ਕਰਨਾ ਜ਼ਰੂਰੀ ਹੈ। ਇਸ ਨਾਲ ਉਹ ਨਰਾਜ਼ਗੀ ਅਤੇ ਨਕਾਰਨਾ ਨਹੀਂ ਰਹੇਗਾ ਜੋ ਆਮ ਤੌਰ ਤੇ ਮਾਪਿਆਂ ਦੇ ਇਖ਼ਤਿਆਰ ਦੇ ਖਿਲਾਫ਼ ਬੱਚਿਆਂ ਵਿਚ ਆ ਜਾਂਦਾ ਹੈ। ਅਤੇ ਇਸ ਨਾਲ ਉਹ ਖ਼ੁਦਾ ਦੇ ਇਖ਼ਤਿਆਰ ਵਿਚ ਉਨ੍ਹਾਂ ਦੀ ਪਰਵਰਿਸ਼ ਕਰਦੇ ਹੋਏ ਸਿਖਾਉਣਗੇ।

*''ਹੇ ਬਾਲਕੋ, ਤੁਸੀਂ ਪ੍ਰਭੂ ਵਿਚ ਆਪਣੇ ਮਾਪਿਆ ਦੇ ਆਗਿਆਕਾਰ ਰਹੋ ਕਿਉਂ ਜੋ ਇਹ ਧਰਮ ਦੀ ਗੱਲ ਹੈ। ਤੂੰ ਆਪਣੇ ਮਾਂ ਪਿਉ ਦਾ ਆਦਰ ਕਰ ਭਈ ਤੇਰਾ ਭਲਾ ਹੋਵੇ ਅਰ ਧਰਮੀ ਉੱਤੇ ਤੇਰੀ ਉਮਰ ਲੰਮੀ ਹੋਵੇ। ਇਹ ਵਾਇਦੇ ਨਾਲ ਪਹਿਲਾ ਹੁਕਮ ਹੈ। ਅਤੇ ਹੇ ਪਿਤਾਓ, ਤੁਸੀਂ ਆਪਣਿਆਂ ਬਾਲਕਾਂ ਦਾ ਕ੍ਰੋਧ ਨਾ ਭੜਕਾਓ ਸਗੋਂ ਪ੍ਰਭੂ ਦੀ ਸਿੱਖਿਆ ਅਰ ਮੱਤ ਦੇ ਕੇ ਓਹਨਾਂ ਦੀ ਪਾਲਨਾ ਕਰੋ''* (ਅਫ਼ਸੀਆਂ 6:1–4)।

*''ਹੇ ਬਾਲਕੋ, ਤੁਸੀਂ ਸਭਨੀਂ ਗੱਲੀਂ ਆਪਣੇ ਮਾਪਿਆਂ ਦੀ ਆਗਿਆਕਾਰੀ ਕਰੋ ਕਿਉ ਜੋ ਪ੍ਰਭੂ ਵਿਚ ਇਹ ਗੱਲ ਮਨ ਭਾਉਣੀ ਹੈ''*(ਕੁਲੁੱਸੀਆਂ 3:20)।

ਬੱਚਿਆਂ ਨੂੰ ਇਹ ਸਿੱਖਣਾ ਜ਼ਰੂਰੀ ਹੈ ਕਿ ਉਨ੍ਹਾਂ ਦੇ ਮਾਂ ਪਿਓ ਖ਼ੁਦਾ ਦੇ ਨਿਯਮਾਂ ਨੂੰ ਮੰਨਦੇ ਹਨ। ਆਪਣੇ ਬੱਚਿਆਂ ਨੂੰ ਖ਼ੁਦਾ ਨਾਲ ਪਿਆਰ ਕਰਨ, ਆਪਣੇ ਮਾਪਿਆਂ ਦਾ ਹੁਕਮ ਮੰਨਣ, ਕਾਨੂੰਨ ਦੀ ਇੱਜ਼ਤ ਕਰਨ, ਹੋਰ ਹਜ਼ਾਰਾਂ ਗੱਲਾਂ ਕਰਨ ਦੀ ਸਿੱਖਿਆ ਦੇਣ ਤੋਂ ਛੁੱਟ ਉਨ੍ਹਾਂ ਕੋਲ ਹੋਰ ਕੋਈ ਤਰੀਕਾ ਨਹੀਂ ਹੈ। ਜਿਵੇਂ ਮਾਂ ਪਿਓ ਲਈ ਬੱਚਿਆਂ ਦੀ ਪਰਵਰਿਸ਼ ਵਾਸਤੇ ਖ਼ੁਦਾ ਦੇ ਨਿਯਮਾਂ ਨੂੰ ਮੰਨਣਾ ਜ਼ਰੂਰੀ ਹੈ, ਉਸੇ ਤਰ੍ਹਾਂ ਬੱਚਿਆਂ ਲਈ ਵੀ ਆਪਣੇ

ਮਾਂ ਪਿਓ ਦੀ ਹੀ ਨਹੀਂ ਬਲਕਿ **ਖ਼ੁਦਾ** ਦੀ ਗੱਲ ਨੂੰ ਵੀ ਮੰਨਣਾ ਜ਼ਰੂਰੀ ਹੈ।

ਮਨੁੱਖੀ ਸਬੰਧਾਂ ਦੇ ਖ਼ਜ਼ਾਨੇ ਅਗਲੀ ਪੀੜ੍ਹੀ ਨੂੰ ਸਪੁਰਦ ਕਰਨਾ ਇਕ ਬਹੁਤ ਵੱਡੀ ਜ਼ਿੰਮੇਵਾਰੀ ਹੈ। ਪਰਿਵਾਰ ਦੇ ਮੁਖੀ ਦੇ ਰੂਪ ਵਿਚ ਇਸ ਨੂੰ ਕਰਨ ਦੀ ਬਹੁਤੀ ਜ਼ਿੰਮੇਵਾਰੀ ਪਤੀ ਦੀ ਹੈ। ਪਰ ਪੂਰਾ ਸਮਾਂ ਘਰ ਦੀ ਦੇਖਭਾਲ ਕਰਨ ਵਾਲੀ ਹੋਣ ਕਰਕੇ ਅਤੇ ਉਸ ਵਿਚ ਬੱਚਿਆਂ ਦੀ ਪਰਵਰਿਸ਼ ਕਰਨ ਦੀ ਬਰਕਤ ਪ੍ਰਾਪਤ ਹੋਣ ਕਰਕੇ ਔਰਤ ਉਸ ਨਾਲੋਂ ਵੀ ਵੱਧ ਸਿਖਾਉਂਦੀ ਹੈ। ਜ਼ਿੰਦਗੀ ਦਾ ਇਹੀ ਨਜ਼ਰੀਆ ਖ਼ੁਦਾ ਚਾਹੁੰਦਾ ਹੋਵੇਗਾ ਕਿ ਸਾਡੇ ਅੰਦਰ ਹੋਵੇ। ਮੁਬਾਰਕ ਹਨ ਉਹ ਪਰਿਵਾਰ ਜਿਹੜੇ ਅਜਿਹਾ ਕਰਦੇ ਹਨ।

## ਚਰਚਾ ਲਈ ਸਵਾਲ

1. ਬੱਚਿਆਂ ਦੀ ਪਰਵਰਿਸ਼ ਦੇ ਤਿੰਨ ਤਰੀਕਿਆਂ ਉੱਤੇ ਚਰਚਾ ਕਰੋ।
2. ''ਗੁੱਡੀਆਂ'' ਨਾਲ ਖੇਡਦੇ ਹੋਏ ਛੋਟੀ ਬੱਚੀ ਨੂੰ ਕਿਸ ਰਿਸ਼ਤੇ ਦੀ ਸਮਝ ਆਉਂਦੀ ਹੈ?
3. ਜਦ ਛੋਟੀਆਂ ਬੱਚੀਆਂ ਵਿਚ ਮਾਂ ਹੋਣ ਦੀ ਭਾਵਨਾ ਮਜ਼ਬੂਤ ਨਹੀਂ ਹੁੰਦੀ ਅਤੇ ਉਨ੍ਹਾਂ ਵਿਚ ਮੁੰਡਿਆਂ ਵਾਲੀਆਂ ਦਿਲਚਸਪੀਆਂ ਪਾ ਦਿੱਤੀਆਂ ਜਾਂਦੀਆਂ ਹਨ ਤਾਂ ਭਲਾ ਇਹ ਉਨ੍ਹਾਂ ਦੇ ਵੱਡੇ ਹੋਣ ਤੇ ਔਰਤ ਦੀ ਭੂਮਿਕਾ ਨੂੰ ਕਬੂਲ ਕਰਨ ਦੀ ਉਨ੍ਹਾਂ ਦੀ ਤਿਆਰੀ ਨੂੰ ਪ੍ਰਭਾਵਿਤ ਕਰਦਾ ਹੈ?
4. ਪਿਤਾ ਆਪਣੇ ਪੁੱਤਰਾਂ ਵਿਚ ਮਰਦਾਨਗੀ ਦੀ ਭਾਵਨਾ ਨੂੰ ਕਿਵੇਂ ਮਜ਼ਬੂਤ ਕਰ ਸਕਦੇ ਹਨ?
5. ਚਰਚਾ ਕਰੋ ਕਿ ਵਡੇ ਹੁੰਦਿਆਂ ਮੁੰਡੇ ਜਾਂ ਕੁੜੀ ਨੂੰ ਕਿਹੋ ਜਿਹੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਹੋਰਨਾਂ ਗੱਲਾਂ ਦਾ ਸੁਝਾਅ ਦਿਓ ਜਿਨ੍ਹਾਂ ਦਾ ਜ਼ਿਕਰ ਇਸ ਪਾਠ ਵਿਚ ਨਹੀਂ ਕੀਤਾ ਗਿਆ।
6. ਬੱਚਿਆਂ ਨੂੰ ਕਿਵੇਂ ਸਿਖਾਇਆ ਅਤੇ ਟਰੇਂਡ ਕੀਤਾ ਜਾਵੇ ਜਿਸ ਨਾਲ ਉਹ ਕਦੇ ''ਖ਼ੁਦਾ ਨੂੰ ਲੁੱਟਣ'' ਦੀ ਅਜ਼ਮਾਇਸ਼ ਵਿਚ ਨਾ ਪੈਣ?
7. ਵਿਹਾਰ ਦੇ ਵਿਸ਼ੇ ਤੇ ਮੁੰਡਿਆਂ ਨੂੰ ਕੀ ਸਿਖਾਉਂਦੇ ਰਹਿਣਾ ਚਾਹੀਦਾ ਹੈ? ਕੁੜੀਆਂ ਨੂੰ ਕੀ ਸਿਖਾਉਣਾ ਚਾਹੀਦਾ ਹੈ?
8. ਅੱਜ ਦੀਆਂ ਬਹੁਤ ਸਾਰੀਆਂ ਔਰਤਾਂ ਔਰਤ ਨੂੰ ਦਿੱਤੇ ਖ਼ੁਦਾ ਦੇ ਕਾਰਜ ਨੂੰ ਕਿਸ ਰੂਪ ਵਿਚ ਵੇਖਦੀਆਂ ਹਨ?
9. ਬੱਚਿਆਂ ਨੂੰ ਬੇਹਤਰੀਨ ਸਿੱਖਿਆ ਕਿਵੇਂ ਮਿਲਦੀ ਹੈ?
10. ਹਰ ਤਰ੍ਹਾਂ ਦੇ ਮਨੁੱਖੀ ਸਬੰਧਾਂ ਵਿਚ ਅਖ਼ੀਰ ਵਿਚ ਇਖ਼ਤਿਆਰ ਕਿਹਦੇ ਕੋਲ ਹੈ?
11. ਮਾਪੇ ਆਪਣੇ ਬੱਚਿਆਂ ਨੂੰ ਖ਼ੁਦਾ ਦੇ ਆਗਿਆਕਰ ਹੋਣਾ ਕਿਵੇਂ ਸਿਖਾ ਸਕਦੇ ਹਨ?
12. ਬੱਚਿਆਂ ਨੂੰ ਕੀ ਸਿੱਖਣਾ ਜ਼ਰੂਰੀ ਹੈ?



## ਪਾਠ 13

# ਔਰਤ ਦੀ ਭੂਮਿਕਾ ਕੀ ਹੈ?

ਔਰਤ ਮਨੁੱਖੀ ਰਚਨਾ ਦਾ ਅੱਧ ਹੈ। ਸਾਫ਼ ਹੈ ਕਿ ਉਹਦੀ ਅਹਿਮੀਅਤ ਹੈ ਅਤੇ ਜ਼ਿੰਦਗੀ ਵਿਚ ਉਹਦਾ ਯੋਗਦਾਨ ਅਹਿਮ ਹੈ। ਖ਼ੁਦਾ ਨੇ ਕੁਝ ਜ਼ਿੰਮੇਵਾਰੀਆਂ ਅਦਮੀ ਨੂੰ ਦਿੱਤੀਆਂ ਜਦਕਿ ਹੋਰ ਜ਼ਿੰਮੇਵਾਰੀਆਂ ਔਰਤ ਦੀਆਂ ਹਨ। ਆਪਣੇ ਕੰਮ ਨੂੰ ਸਹੀ ਢੰਗ ਨਾਲ ਕਰਨਾ ਦੋਹਾਂ ਲਈ ਜ਼ਰੂਰੀ ਹੈ ਤਾਂ ਜੋ ਸਭ ਕੁਝ ਠੀਕ–ਠਾਕ ਹੋਵੇ ਅਤੇ ਕਿਸੇ ਨੂੰ ਵੀ ਪਰੇਸ਼ਾਨੀ ਨਾ ਆਵੇ। ਮੁਸ਼ਕਿਲ ਉਦੋਂ ਹੁੰਦੀ ਹੈ ਜਦੋਂ ਆਦਮੀਆਂ ਜਾਂ ਔਰਤਾਂ ਵਿੱਚੋਂ ਕੋਈ ਆਪਣੇ ਕੰਮ ਤੋਂ ਬਚ ਕੇ ਉਹਦੀ ਥਾਂ ਦੂਜੇ ਦਾ ਕੰਮ ਕਰਨ ਦੀ ਹੱਦ ਲੰਘਣ ਦੀ ਕੋਸ਼ਿਸ਼ ਕਰਦਾ ਹੈ।

ਖ਼ੁਦਾ ਦੀ ਨਜ਼ਰ ਵਿਚ ਚਾਰ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਹਨ: (1) ਵਿਆਹ ਵਿਚ (2) ਘਰ ਵਿਚ (3) ਕਲੀਸੀਆ ਵਿਚ (4) ਸਮਾਜ ਵਿਚ। ਜੇ ਔਰਤਾਂ ਇਨ੍ਹਾਂ ਵਿੱਚੋ ਕਿਸੇ ਵੀ ਜ਼ਿੰਮੇਵਾਰੀ ਨੂੰ ਨਜ਼ਰੰਅਦਾਜ਼ ਕਰਨ ਤਾਂ ਇਨ੍ਹਾਂ ਵਿੱਚੋਂ ਹਰ ਕੋਈ ਪ੍ਰਭਾਵਿਤ ਹੁੰਦਾ ਹੈ।

### ਵਿਆਹ ਵਿਚ

ਪਤੀ ਨੂੰ ਪਤਨੀ ਦਾ ਸਿਰ, ਇੰਤਜ਼ਾਮ ਕਰਨ ਵਾਲਾ ਅਤੇ ਰਖਵਾਲਾ ਹੋਣ ਦੀ ਜ਼ਿਮੇਵਾਰੀ ਦਿੱਤੀ ਗਈ ਹੈ। ਅਫ਼ਸੀਆਂ 5:25; 8:29 ਦੱਸਦਾ ਹੈ ਕਿ ਪਤੀ ਆਪਣੀ ਪਤਨੀ ਨਾਲ ਉਵੇਂ ਹੀ ਪ੍ਰੇਮ ਕਰੇ ਜਿਵੇਂ ਉਹ ਆਪਣੀ ਦੇਹ ਨਾਲ ਕਰਦਾ ਹੈ, ਬਿਲਕੁਲ ਉਵੇਂ ਜਿਵੇਂ ਮਸੀਹ ਨੇ ਕਲੀਸੀਆ ਨਾਲ ਕੀਤਾ ਕਿਉਂ ਜੋ ਉਸ ਨੇ ਉਸ ਦੀ ਬੇਹਤਰੀ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ। ਜੇ ਕੋਈ ਆਦਮੀ ਆਪਣੀ ਪਤਨੀ ਦੀ ਇੱਥੋਂ ਤਕ ਪਰਵਾਹ ਕਰਦਾ ਹੈ ਅਤੇ ਉਹਦੀ ਸੰਭਾਲ ਅਤੇ ਪਾਲਣ ਪੋਸ਼ਣ ਲਈ ਸਮਰਪਣ ਹੈ ਤਾਂ ਇਹ ਮਜ਼ਬੂਤ ਅਤੇ ਟਿਕਾਊ ਪਰਿਵਾਰ ਦੀ ਬੁਨਿਆਦ ਹੈ।

ਖ਼ੁਦਾ ਵੱਲੋਂ ਦਿੱਤੀ ਗਈ ਰਹਿਨੁਮਾਈ ਦਾ ਮਤਲਬ ਇਹ ਨਹੀਂ ਹੈ ਕਿ ਪਤੀ ਆਪਣੀ ਪਤਨੀ ਨਾਲ ਮਾਰ ਕੁੱਟ ਕਰਨ ਵਾਲਾ ਜਾਂ ਗਾਲੀ–ਗਲੋਚ ਕਰਨ ਵਾਲਾ ਹੋਵੇ। ਕਈ ਬੰਦੇ ਆਪਣਾ ਗੁੱਸਾ ਲਾਹੁਣ ਲਈ ਆਪਣੀਆਂ ਬੀਵੀਆਂ ਨੂੰ ਕੁੱਟਦੇ ਮਾਰਦੇ ਹਨ। ਕੁਝ ਤਾਂ ਆਪਣੀਆਂ ਬੀਵੀਆਂ ਨਾਲ ਗ਼ੁਲਾਮਾਂ ਵਰਗਾ ਸਲੂਕ ਕਰਦਿਆਂ ਉਨ੍ਹਾਂ ਤੋਂ ਹਰ ਕੰਮ ਕਰਵਾਉਣ ਦੀ ਉਮੀਦ ਰੱਖਦੇ ਅਤੇ ਉਨ੍ਹਾਂ ਦੀ ਸਿਹਤ ਜਾਂ ਖੁਸ਼ੀ ਦਾ ਕੋਈ ਖ਼ਿਆਲ ਨਹੀਂ ਰਖਦੇ। ਕਈ ਆਦਮੀ ਆਪਣੀਆਂ ਪਤਨੀਆਂ ਨੂੰ ਇਹ ਜਤਾਉਂਦਿਆਂ ਕਿ ਉਹ ਅਨਪੜ੍ਹ ਗਵਾਰ ਹਨ, ਉਨ੍ਹਾਂ ਦੇ ਵਿਚਾਰ ਬੇਕਾਰ ਹਨ, ਉਨ੍ਹਾਂ ਨਾਲ ਬਦਸਲੂਕੀ ਕਰਦੇ ਹੋਏ ਗਾਲੀ ਗਲੋਚ ਕਰਦੇ ਹਨ ਅਤੇ ਆਪਣੇ ਇਸ ਸਲੂਕ ਨੂੰ ਉਹ ਇਸ ਬੁਨਿਆਦ ਤੇ ਸਹੀ ਠਹਿਰਾਉਂਦੇ ਹਨ ਕਿ ਉਹ ਆਦਮੀ ਹਨ ਅਤੇ ਖ਼ੁਦਾ ਨੇ ਉਨ੍ਹਾਂ ਨੂੰ ਔਰਤਾਂ ਉੱਤੇ ਇਖ਼ਤਿਆਰ ਦਿੱਤਾ ਹੈ। ਪਰ ਇਹ ਵਿਹਾਰ ਅਤੇ ਇਹ ਤਰਕ ਖ਼ੁਦਾ ਨੇ ਨਹੀਂ ਚਾਹਿਆ ਸੀ ਕਿ ਮਸੀਹੀ ਲੋਕਾਂ ਦਾ ਹੋਵੇ। ਇਹ ਪਾਪ ਭਰਿਆ ਅਤੇ ਗਲਤ ਹੈ ਅਤੇ ਆਪਣੇ ਬਚਾਅ ਲਈ ਔਰਤਾਂ ਨੂੰ ਪਾਪ ਭਰੇ ਢੰਗ ਨਾਲ ਜਵਾਬ ਦੇਣ ਲਈ ਉਭਾਰਦਾ ਹੈ।

***ਵਿਚਾਰ ਕਰਨ ਵਾਲੀ ਗੱਲ***

*ਜੇ ਕੋਈ ਮਸੀਹੀ ਆਦਮੀ ਅਤੇ ਮਸੀਹੀ ਔਰਤ ਬਾਈਬਲ ਦੀ ਪਤੀ ਅਤੇ ਪਤਨੀ ਅਤੇ ਮਸੀਹ ਅਤੇ ਕਲੀਸੀਆ ਵਿਚਲੀ ਸਮਾਨਤਾ ਨੂੰ ਜੋ ਕਿ ਬੜੀ ਖ਼ੂਬਸੂਰਤ ਅਤੇ ਵਿਹਾਰਕ ਹੈ ਧਿਆਨ ਵਿਚ ਰੱਖਦੇ ਤਾਂ ਦੋਹਾਂ ਲਈ ਖ਼ੁਦਾ ਦੀ ਮਰਜ਼ੀ ਮੁਤਾਬਿਕ ਇਕ ਦੂਜੇ ਨਾਲ ਵਿਹਾਰ ਕਰਨਾ ਅਸਾਨ ਹੋ ਜਾਵੇਗਾ। ਬਾਈਬਲ ਕਲਾਸ ਵਿਚ ਇਸ ਸਮਾਨਤਾ ਨਾਲ ਤੁਹਾਡੇ ਪਤੀ ਨਾਲ ਤੁਹਾਡੇ ਸਬੰਧਾਂ ਵਿਚ ਆਉਣ ਵਾਲੇ ਬਦਲਾਵਾਂ ਤੇ ਚਰਚਾ ਕਰੋ।*

ਕਿਸੇ ਵੀ ਮਸੀਹੀ ਔਰਤ ਨੂੰ ਕਦੇ ਵੀ ਇਹ ਨਹੀਂ ਲੱਗਣਾ ਚਾਹੀਦਾ ਕਿ ਉਸ ਨੂੰ ਆਪਣੇ ਪਤੀ ਤੋਂ ਆਪਣੇ ਆਪ ਨੂੰ ਬਚਾਉਣ ਜਾਂ ਉਸ ਤੋਂ ਹਿਫ਼ਾਜਤ ਦੀ ਲੋੜ ਹੈ! ਭਲਾ ਕਲੀਸੀਆ ਨੂੰ ਕਦੇ ਮਸੀਹ ਤੋਂ ਬਚਾਓ ਜਾਂ ਹਿਫ਼ਾਜ਼ਤ ਦੀ ਲੋੜ ਮਹਿਸੂਸ ਹੋਈ ਹੈ? ਮਸੀਹੀ ਪਤੀ ਦਾ ਪ੍ਰੇਮ ਅਤੇ ਰਹਿਨੁਮਾਈ ਉਹੋ ਜਿਹੀ ਹੈ ਜਿਹੋ ਜਿਹੀ ਉਹ ਮਸੀਹ ਵਿਚ ਵੇਖਦਾ ਹੈ।

ਪਤਨੀ ਦਾ ਕੰਮ ਆਪਣੇ ਪਤੀ ਦੀ ਰਹਿਨੁਮਾਈ ਨੂੰ ਅਧੀਨਤਾ ਨਾਲ ਮੰਨਦੇ ਹੋਏ ਉਸ ਦੀ ਇੱਜ਼ਤ ਕਰਨਾ ਹੈ। ਉਸ ਨੂੰ ਉਸ ਦੀਆਂ ਜਿਸਮਾਨੀ, ਜਜ਼ਬਾਤੀ ਅਤੇ ਜਿਣਸੀ ਲੋੜਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ ਤਾਂ ਜੋ ਉਹ ਇਨ੍ਹਾਂ ਗੱਲਾਂ ਵਿਚ ਕਿਸੇ ਵੀ ਤਰ੍ਹਾਂ ਨਾਲ ਅਜ਼ਮਾਇਸ਼ ਵਿਚ ਨਾ ਪਵੇ। 1 ਕੁਰਿੰਥੀਆਂ 7:2–5 ਵਿਚ ਹਦਾਇਤ ਹੈ ਕਿ *''... ਹਰਾਮਕਾਰੀਆਂ ਦੇ ਕਾਰਨ ਹਰੇਕ ਪੁਰਖ ਆਪਣੀ ਹੀ ਇਸਤਰੀ ਨੂੰ ਅਤੇ ਹਰੇਕ ਇਸਤਰੀ ਆਪਣੇ ਹੀ ਪੁਰਖ ਨੂੰ ਰੱਖੇ। ਪਤੀ ਪਤਨੀ ਦਾ ਹੱਕ ਪੂਰਾ ਕਰੇ ਅਤੇ ਇਸੇ ਤਰਾਂ ਪਤਨੀ ਪਤੀ ਦਾ। ਪਤਨੀ ਨੂੰ ਆਪਣੀ ਦੇਹੀ ਉੱਤੇ ਵੱਸ ਨਹੀਂ ਸਗੋਂ ਪਤੀ ਨੂੰ ਹੈ, ਅਤੇ ਇਸ ਤਰਾਂ ਪਤੀ ਨੂੰ ਭੀ ਆਪਣੀ ਦੇਹੀ ਉੱਤੇ ਵਸ ਨਹੀਂ ਸਗੋਂ ਪਤਨੀ ਨੂੰ ਹੈ। ਤੁਸੀਂ ਇਕ ਦੂਏ ਤੋਂ ਅੱਡ ਨਾ ਹੋਵੋ*

*ਪਰ ਥੋੜ੍ਹੇ ਚਿਰ ਲਈ ਅਰ ਇਹ ਵੀ ਤਦ ਜੋ ਦੋਹਾਂ ਧਿਰਾਂ ਦੀ ਸਲਾਹ ਹੋਵੇ ਤਾਂ ਜੋ ਤੁਹਾਨੂੰ ਪ੍ਰਾਰਥਨਾ ਕਰਨ ਲਈ ਵਿਹਲ ਮਿਲੇ ਅਤੇ ਫੇਰ ਇਕੱਠੇ ਹੋਵੋ ਭਈ ਸ਼ੈਤਾਨ ਤੁਹਾਡੇ ਅਸੰਜਮ ਦੇ ਕਾਰਨ ਤੁਹਾਨੂੰ ਨਾ ਪਰਤਾਵੇ।''*

ਪਤਨੀ ਲਈ ਆਪਣੇ ਪਤੀ ਦੀਆਂ ਖਾਮੀਆਂ ਨੂੰ ਪੂਰਾ ਕਰਦੇ ਹੋਏ ਉਸ ਦੀ ''ਸਹਾਇਕਣ'' ਬਣਨਾ ਜ਼ਰੂਰੀ ਹੈ। ਕਈ ਵਾਰ ਉਹ ਦੀ ਖਾਮੀ ਰਹਿਨੁਮਾਈ ਕਰਨ ਦੀ ਸ਼ਕਤੀ ਦੀ ਘਾਟ ਹੁੰਦੀ ਹੈ। ਅਜਿਹਾ ਹੋਣ ਤੇ ਪਤਨੀ ਲਈ ਜ਼ਰੂਰੀ ਹੈ ਕਿ ਉਸ ਨੂੰ ਪਿੱਛੇ ਨੂੰ ਧੱਕਾ ਦੇ ਕੇ ਰਹਿਨੁਮਾਈ ਆਪਣੇ ਹੱਥ ਵਿਚ ਨਾ ਲੈਂਦੇ ਹੋਏ ਉਸ ਨੂੰ ਪਰਿਵਾਰ ਦੇ ਮੁਖੀ ਦੇ ਰੂਪ ਵਿਚ ਵਧਣ ਵਾਸਤੇ ਦਲੇਰ ਕਰੇ।

ਹਰ ਗੱਲ ਦਾ ਹੱਲ ਕਿਸੇ ਕੋਲ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਕੋਲ ਹਰ ਸਵਾਲ ਦਾ ਜੁਆਬ ਹੁੰਦਾ ਹੈ। ਸੋਚ ਵਿਚਾਰ ਕਰਨ ਅਤੇ ਫ਼ੈਸਲਿਆਂ ਵਿਚ ਅਗਵਾਈ ਲਈ ਖ਼ੁਦਾ ਤੋਂ ਦੁਆ ਕਰਨ ਦੇ ਨਾਲ ਨਾਲ ਸਭ ਮਾਮਲਿਆਂ ਵਿਚ ਜਿਨ੍ਹਾਂ ਵਿਚ ਕੋਈ ਗੱਲ ਪਤਾ ਹੋਵੇ, ਗੱਲ ਕਰਨਾ, ਵਿਚਾਰ ਕਰਨਾ ਪਤੀ ਅਤੇ ਪਤਨੀ ਦੋਹਾਂ ਦੀ ਸਮਝ ਲਈ ਮਦਦਗਾਰ ਹੈ। ਇਹਦਾ ਮਤਲਬ ਇਹ ਹੋਇਆ ਕਿ ਇਨ੍ਹਾਂ ਗੱਲਾਂ ਤੇ ਵਿਚਾਰ ਦੇ ਅਧਾਰ ਤੇ ਫ਼ੈਸਲੇ ਲੈਣ ਦੀ ਜ਼ਿੰਮੇਵਾਰੀ ਪਤੀ ਦੀ ਹੈ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਇਸ ਨੂੰ ਮੰਨਣ ਅਤੇ ਉਹਦੇ ਨਾਲ ਸਹਿਯੋਗ ਕਰਨ ਦੀ ਜ਼ਿੰਮੇਵਾਰੀ ਪਤਨੀ ਦੀ ਹੈ। ਇਖ਼ਤਿਆਰ ਦੇ ਇਸ ਸਿਸਟਮ ਨੂੰ ਖ਼ੁਦਾ ਹੀ ਠਹਿਰਾਉਂਦਾ ਹੈ ਇਸ ਕਰਕੇ ਸਾਨੂੰ ਪਤਾ ਹੈ ਕਿ ਉਹ ਬਾਈਬਲ ਦੇ ਇਸ ਤਰੀਕੇ ਨਾਲ ਲਏ ਗਏ ਫ਼ੈਸਲਿਆਂ ਵਿਚ ਬਰਕਤ ਦੇ ਸਕਦਾ ਹੈ।

## ਵਿਚਾਰ ਕਰਨ ਵਾਲੀ ਗੱਲ

ਜੇ ਪਤੀ ਅਤੇ ਪਤਨੀ ਫ਼ੈਸਲਿਆਂ ਜਾਂ ਮੁਸ਼ਕਿਲਾਂ ਤੇ ਚਰਚਾ ਕਰਦੇ ਹਨ ਅਤੇ ਪਤਨੀ ਕੋਈ ਤਰਕ ਜਾਂ ਸਲਾਹ ਦਿੰਦੀ ਹੈ ਤਾਂ ਭਲਾ ਇਹ ਨੂੰ ਉਸ ਦੇ ਆਪਣੇ ਪਤੀ ਕੋਲੋਂ ਇਖ਼ਤਿਆਰ ਖੋਹ ਲੈਣਾ ਮੰਨਿਆ ਜਾਵੇਗਾ? ਜੇ ਪਤੀ ਆਪਣੀ ਪਤਨੀ ਦੀ ਸਲਾਹ ਨੂੰ ਸੁਣ ਕੇ ਉਹਦੇ ਨਿਚੋੜ ਦੇ ਅਧਾਰ ਤੇ ਫ਼ਤਾਂ ਭਲਾ ਪਤੀ ਰਹਿਨੁਮਾਈ ਕਰਨ ਦੀ ਆਪਣੀ ਭੂਮਿਕਾ ਨੂੰ ਛੱਡ ਰਿਹਾ ਹੋਵੇਗਾ।

ਭਲਾ ਪਤਨੀ ਲਈ ਇਹ ਜ਼ਿਦ ਕਰਨਾ ਸਹੀ ਹੋਵੇਗਾ ਕਿ ਫ਼ੈਸਲਾ ਉਹਦੇ ਨਿਚੋੜ ਦੇ ਅਧਾਰ ਤੇ ਹੀ ਹੋਵੇ? ਭਲਾ ਪਤੀ ਲਈ ਫ਼ੈਸਲਾ ਲੈ ਲੈਣ ਦੇ ਬਾਅਦ ਇਹ ਲੱਗਣ ਤੇ ਕਿ ਜੇ ਉਹ ਇੰਜ ਨਾ ਕਰਦਾ ਤਾਂ ਸਹੀ ਹੋਣਾ ਸੀ, ਇਲਜ਼ਾਮ ਪਤਨੀ ਉੱਤੇ ਲਾਉਣ ਦੀ ਕੋਸ਼ਿਸ਼ ਕਰਨਾ ਸਹੀ ਹੋਵੇਗਾ? ਪਤੀ ਅਤੇ ਪਤਨੀ ਵਿਚਕਾਰ ਵਿਆਹ ਵਿਚ ਇਕ ਦੂਜੇ ਉਤੇ ਇਲਜ਼ਾਮ ਲਾਉਣ ਨਾਲ ਕੀ ਹੋਵੇਗਾ?

ਕਈ ਵਾਰ ਵੱਖੋ ਵੱਖ ਪਿੱਛੋਕੜਾਂ ਤੋਂ ਹੋਣ ਕਰਕੇ ਜਾਂ ਵੱਖੋ ਵੱਖ ਯੋਗਤਾਵਾਂ ਹੋਣ

ਕਰਕੇ ਲਗਦਾ ਹੈ ਕਿ ਪਹਿਨਣ, ਬੋਲਣ ਜਾਂ ਸਮਾਜ ਦੇ ਮਾਮਲਿਆਂ ਵਿਚ ਜਾਂ ਬਾਈਬਲ ਦੇ ਗਿਆਨ ਵਿਚ ਜਾਂ ਜ਼ਿੰਦਗੀ ਦੀਆਂ ਹੋਰ ਕਈ ਗੱਲਾਂ ਵਿਚ ਪਤੀ ਨੂੰ ਓਨਾ ਗਿਆਨ ਨਾ ਹੋਵੇ, ਜਾਂ ਹੋ ਸਕਦਾ ਹੈ ਕਿ ਪਤਨੀ ਨੂੰ ਓਨਾ ਗਿਆਨ ਨਾ ਹੋਵੇ। ਦੋਹਾਂ ਹੀ ਮਾਮਲਿਆਂ ਵਿਚ ਉਨ੍ਹਾਂ ਨੂੰ ਜਿੱਥੇ ਕਿਤੇ ਵੀ ਕਮੀ ਹੈ ਉੱਥੇ ਇਕ ਦੂਜੇ ਨੂੰ ਵਧਣ ਵਿਚ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਉਹ ਇਕ ਦੂਜੇ ਨਾਲ ਮੇਲ ਖਾਂਦੇ ਹੋ ਸਕਣ। ਪੜ੍ਹਿਆ ਲਿਖਿਆ ਆਦਮੀ ਜਿਹਦਾ ਵਿਆਹ ਅਨਪੜ੍ਹ ਔਰਤ ਹੋ ਜਾਂਦਾ ਹੈ, ਜੇ ਆਪਣੀ ਪਤਨੀ ਨੂੰ ਜਿੱਥੋਂ ਤਕ ਹੋ ਸਕੇ ਸਿੱਖਿਆ ਦੇ ਆਪਣੇ ਪੱਧਰ ਤਕ ਲਿਆਉਣ ਲਈ ਕੰਮ ਨਹੀਂ ਕਰਦਾ ਤਾਂ ਉਹ ਅਸਲ ਵਿਚ ਆਪਣੀ ਅਤੇ ਆਪਣੇ ਪੂਰੇ ਪਰਿਵਾਰ ਦੀ ਤਰੱਕੀ ਨੂੰ ਰੋਕ ਰਿਹਾ ਹੁੰਦਾ ਹੈ।

ਜਦ ਪਤਨੀ ਨੂੰ ਲੱਗੇ ਕਿ ਕਿਸੇ ਗੱਲ ਵਿਚ ਉਹਦੇ ਪਤੀ ਵਿਚ ਕੋਈ ਕਮੀ ਹੈ ਤਾਂ ਉਸ ਨੂੰ ਉਸ ਵਿਚ ਹੁਕਮ ਦੇ ਕੇ ਜਾਂ ਉਸ ਨੂੰ ਨੀਵਾਂ ਵਿਖਾ ਕੇ ਜਾਂ ਸਾਰਿਆਂ ਦੇ ਸਾਹਮਣੇ ਉਹਦੀਆਂ ਗਲਤੀਆਂ ਕੱਢ ਕੇ ਜਾਂ ਉਹ ਦੀ ਨੁਕਤਾਚੀਨੀ ਕਰਕੇ ਨਹੀਂ ਬਲਕਿ ਉਸ ਨੂੰ ਦਲੇਰੀ ਦਿੰਦੇ ਹੋਏ ਵਧਣ ਵਿਚ ਉਸ ਦੀ ਮਦਦ ਕਰਨੀ ਚਾਹੀਦੀ ਹੈ। ਹਲੀਮੀ ਨਾਲ ਮਦਦ ਕਰਨ ਵਾਲੇ ਵਿਹਾਰ ਨਾਲ ਉਸ ਨੂੰ ਵੱਧਦਾ ਵੇਖਣ ਵਿਚ ਖਾਮੋਸ਼ੀ ਨਾਲ ਮਦਦ ਕਰਕੇ ਉਸ ਨੂੰ ਬੇਹਤਰ ਬਣਨ ਲਈ ਦਲੇਰ ਕਰਨਾ ਚਾਹੀਦਾ ਹੈ।

## ਘਰ ਵਿਚ

ਘਰ ਵਿਚ ਕੀ ਕੀ ਜ਼ਿੰਮੇਵਾਰੀਆਂ ਹਨ?

ਪਤੀ ਲਈ ਆਪਣੇ ਪਰਿਵਾਰ ਲਈ ਰੋਜ਼ੀ ਰੋਟੀ ਕਮਾਉਣਾ, ਆਪਣੀ ਪਤਨੀ ਅਤੇ ਬੱਚਿਆਂ ਦੀ ਹਿਫ਼ਾਜ਼ਤ ਕਰਨਾ ਅਤੇ ਘਰ ਵਿਚ ਰਹਿਨੁਮਾ ਬਣਨਾ ਜ਼ਰੂਰੀ ਹੈ। ਉਹਦੇ ਲਈ ਉਨ੍ਹਾਂ ਅਤੇ ਸੰਸਾਰ ਦੇ ਵਿਚਕਾਰ ਖਲੋਣਾ, ਉਨ੍ਹਾਂ ਦੀਆਂ ਲੋੜਾਂ ਦਾ ਜਵਾਬ ਬਣਨਾ ਜ਼ਰੂਰੀ ਹੈ। ਉਸ ਨੂੰ ਘਰੋਂ ਬਾਹਰ ਜਾ ਕੇ ਕੰਮ ਕਰਨਾ ਪੈਂਦਾ ਹੈ ਜਿਸ ਕਰਕੇ ਸੰਸਾਰ ਦੀ ਸਖ਼ਤੀ ਅਤੇ ਅਨਿਆਵਾਂ ਦਾ ਸਾਹਮਣਾ ਕਰਨ ਲਈ ਆਦਮੀ ਨੂੰ ਜਿਸਮਾਨੀ ਅਤੇ ਜਜ਼ਬਾਤੀ ਮਜ਼ਬੂਤੀ ਦੇ ਕੇ ਬਣਾਇਆ ਗਿਆ ਹੈ ਜੋ ਕਿ ਔਰਤ ਨਾਲੋਂ ਹਟ ਕੇ ਹੈ। ਖ਼ੁਦਾ ਨੇ ਉਸ ਨੂੰ ਆਪਣੇ ਕੰਮ ਲਈ ਤਿਆਰ ਕੀਤਾ ਹੈ ਅਤੇ ਉਹਦੇ ਲਈ ਆਪਣੇ ਆਪ ਨੂੰ ਬੇਹਤਰ ਢੰਗ ਨਾਲ ਤਿਆਰ ਕਰਨ ਲਈ ਆਪਣੇ ਆਪ ਨੂੰ ਇਨ੍ਹਾਂ ਸਭਨਾਂ ਗੱਲਾਂ ਵਿਚ ਹੋਰ ਤਿਆਰ ਕਰਨਾ ਜ਼ਰੂਰੀ ਹੈ।

ਦੂਜੇ ਪਾਸੇ ਪਤਨੀ ਨੂੰ ਘਰ ਦੀ ਦੇਖਭਾਲ ਅਤੇ ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਬਣਾਇਆ ਗਿਆ ਹੈ। ਇਹਦੇ ਲਈ ਇਕ ਹੋਰ ਤਰ੍ਹਾਂ ਦੀ ਸ਼ਕਤੀ ਦੀ ਲੋੜ ਹੈ ਜੋ ਕੋਮਲਤਾ, ਦਿਆਲਤਾ, ਸਮਝ ਨਾਲ ਬੱਚਿਆਂ ਉੱਤੇ ਇਖ਼ਤਿਆਰ ਦੀ

ਸੋਝੀ ਨਾਲ ਹੋਵੇ ਤਾਂ ਜੋ ਉਹ ਵੱਡਿਆਂ ਦੀ ਇੱਜ਼ਤ ਕਰਨੀ ਸਿੱਖਣੇ। ਅਫ਼ਸੀਆਂ 6:4 ਵਿਚ ਮਾਪਿਆਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਉਹ ਬੱਚਿਆਂ ਦਾ ਕ੍ਰੋਧ ਨਾ ਭੜਕਾਉਣ ਬਲਕਿ ਉਨ੍ਹਾਂ ਦੀ ਪਰਵਰਿਸ਼ ਪ੍ਰਭੂ ਦੇ ਭੈਅ ਵਿਚ ਅਤੇ ਸਿੱਖਿਆ ਦੇ ਕੇ ਕਰਨ। ਇਸ ਵਿਚ ਦੋ ਗੱਲਾਂ ਹਨ, ਇਕ ਤਾਂ ਇਹ ਕਿ ਮਾਪੇ ਆਪਣੇ ਬੱਚਿਆਂ ਨਾਲ ਵਿਹਾਰ ਕਰਨ ਲਈ ਸਮਝ ਅਤੇ ਵਿਵੇਕ ਦੀ ਵਰਤੋਂ ਕਰਨ ਤਾਂ ਜੋ ਬੱਚੇ ਮਤਹਿਤ ਰਹਿਣਾ ਤਾਂ ਸਿੱਖਣ ਪਰ ਬਾਗ਼ੀ ਬਣਨਾ ਨਹੀਂ। ਅਤੇ ਦੂਜੀ ਇਹ ਕਿ ਖ਼ੁਦਾ ਦੇ ਸਾਹਮਣੇ ਉਨ੍ਹਾਂ ਨੂੰ ਸਿੱਖਿਆ (ਇਹਦਾ ਮਤਲਬ ਕਿ ਉਨ੍ਹਾਂ ਨੂੰ ਮਸੀਹੀ ਹੋਣ ਦੀਆਂ ਗਤੀਵਿਧੀਆਂ ਅਤੇ ਕੰਮ ਵਿਚ ਅਗਵਾਈ ਦੇਣਾ ਹੈ) ਅਤੇ ਮੱਤ ਦੇਣਾ (ਇਹਦਾ ਮਤਲਬ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਉਨ੍ਹਾਂ ਗੱਲਾਂ ਦੀ ਸਿੱਖਿਆ ਦੇਣੀ ਹੈ ਜਿਹੜੀਆਂ ਵਚਨ ਵਿਚ ਦੱਸੀਆਂ ਗਈਆਂ ਹਨ) ਮਾਪਿਆਂ ਦੀ ਜ਼ਿੰਮੇਵਾਰੀ ਹੈ ਤਾਂ ਜੋ ਵੱਡੇ ਕੋ ਕੇ ਵਫ਼ਾਦਾਰ ਮਸੀਹੀ ਬਣ ਸਕਣ।

## ਕਲੀਸੀਆ ਵਿਚ

ਕਲੀਸੀਆ ਵਿਚ ਕੀ-ਕੀ ਜ਼ਿੰਮੇਵਾਰੀਆਂ ਹਨ? ਇਕ ਵਾਰ ਫੇਰ ਪੂਰਣ ਦੇ ਦੋ ਅੱਧ ਹੁੰਦੇ ਹਨ।

ਆਦਮੀਆਂ ਦਾ ਕੰਮ ਵਚਨ ਦਾ ਅਧਿਐਨ ਕਰਨ ਲਈ ਆਪਣੇ ਆਪ ਨੂੰ ਸਮਰਪਤ ਕਰਦਿਆਂ ਜਨਤਕ ਰਹਿਨੁਮਾਈ ਅਤੇ ਸਿੱਖਿਆ ਦੇਣਾ ਹੈ ਤਾਂ ਜੋ ਉਹ ਕਲੀਸੀਆ ਨੂੰ ਭਟਕਣ ਨਾ ਦੇਣ। ਆਦਮੀਆਂ ਵਿੱਚੋਂ ਇੰਜੀਲ ਸੁਣਾਉਣ ਵਾਲੇ (ਇਵੈਂਜਲਿਸਟ), ਉਸਤਾਦ (ਟੀਚਰ), ਬਜ਼ੁਰਗ (ਐਲਡਰ), ਅਤੇ ਡੀਕਨ ਤਿਆਰ ਕੀਤੇ ਜਾਣੇ ਜ਼ਰੂਰੀ ਹਨ ਤਾਂ ਜੋ ਪੂਰੀ ਕਲੀਸੀਆ ਦੇ ਇਕੱਠਾ ਹੋਣ ਤੇ ਉਨ੍ਹਾਂ ਦੀਆਂ ਰੂਹਾਨੀ ਲੋੜਾਂ ਪੂਰੀਆਂ ਹੋ ਸਕਣ। ਇਬਰਾਨੀਆਂ 13:17 ਦੱਸਦਾ ਹੈ, *''ਤੁਸੀਂ ਆਪਣੇ ਆਗੂਆਂ ਦੀ ਆਗਿਆਕਾਰੀ ਕਰੋ ਅਤੇ ਉਨ੍ਹਾਂ ਦੇ ਅਧੀਨ ਰਹੋ ਕਿਉਂ ਜੋ ਓਹ ਉਨ੍ਹਾਂ ਵਾਂਙੁ ਜਿਨ੍ਹਾਂ ਲੇਖਾ ਦੇਣਾ ਹੈ ਤੁਹਾਡੀਆਂ ਜਾਨਾਂ ਦੇ ਨਮਿੱਤ ਜਾਗਦੇ ਰਹਿੰਦੇ ਹਨ ਭਈ ਓਹ ਇਹ ਕੰਮ ਅਨੰਦ ਨਾਲ ਕਰਨ ਨਾ ਹਾਉਕੇ ਭਰ ਭਰ ਕੇ ਕਿਉਂ ਜੋ ਇਹ ਤੁਹਾਡੇ ਲਈ ਲਾਭਵੰਤ ਨਹੀਂ।''*

ਇਨ੍ਹਾਂ ਆਗੂਆਂ ਦਾ ਕੰਮ ਅਜਿਹੇ ਲੋਕਾਂ ਦੀ ਭਾਲ ਕਰਦਿਆਂ ਜਿਹੜੇ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨ ਦੇ ਚਾਹਵਾਨ ਹੋਣ, ਉਨ੍ਹਾਂ ਨੂੰ ਸਿਖਾਉਣ ਦਾ ਕੰਮ ਕਰਨਾ ਹੈ। ਉਨ੍ਹਾਂ ਦਾ ਕੰਮ ਕਲੀਸੀਆ ਨੂੰ ਇੰਜੀਲ ਸਿਖਾਉਣਾ ਅਤੇ ਭਲਿਆਈ ਦੇ ਕੰਮਾਂ ਵਿਚ ਰਹਿਨੁਮਾਈ ਦੇਣਾ ਹੈ। ਇਨ੍ਹਾਂ ਆਗੂਆਂ ਦਾ ਕੰਮ ਕਲੀਸੀਆ ਦੇ ਸਾਰੇ ਕੰਮ ਕਾਜ ਵਿਚ ਰਹਿਨੁਮਾਈ ਦੇਣਾ ਵੀ ਹੈ ਜੋ ਉਨ੍ਹਾਂ ਪਰਿਵਾਰਾਂ ਦੀਆਂ ਰੂਹਾਨੀ ਲੋੜਾਂ ਦਾ ਧਿਆਨ ਰੱਖਦੀ ਹੈ ਜਿਹੜੇ ਇਸ ਦੇ ਮੈਂਬਰ ਹਨ, ਜਿਹੜੇ ਸੰਸਾਰ ਦੇ ਵੱਖੋ-ਵੱਖ ਹਿੱਸਿਆਂ ਵਿਚ ਇੰਜੀਲ ਲੈ ਕੇ ਜਾਂਦੇ ਹਨ ਅਤੇ ਆਦਮੀਆਂ

ਦਾ ਕੰਮ ਕਲੀਸੀਆ ਦੀਆਂ ਬੰਦਗੀਆਂ ਵਿਚ, ਪ੍ਰਚਾਰ ਕਰਨ ਵਿਚ, ਮੰਡਲੀ ਵਿਚ ਦੁਆ ਕਰਨ ਵਿਚ, ਗਾਉਣ ਵਿਚ ਅਗਵਾਈ ਕਰਨ ਆਦਿ ਦਾ ਵੀ ਹੈ।

ਔਰਤਾਂ ਕਲੀਸੀਆ ਵਿਚ ਕੀ ਕਰ ਸਕਦੀਆਂ ਹਨ? ਪਹਿਲਾਂ ਤਾਂ ਇਹ ਬੜਾ ਜ਼ਰੂਰੀ ਹੈ ਕਿ ਉਹ ਪ੍ਰਭੂ ਦੇ ਹਰ ਦਿਨ, ਐਤਵਾਰ ਨੂੰ ਬੰਦਗੀ ਲਈ ਬਾਕੀ ਕਲੀਸੀਆ ਦੇ ਨਾਲ ਇਕੱਠਾ ਹੋਣ ਦੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ। ਕਈ ਵਾਰ ਔਰਤਾਂ ਜਾਂ ਉਨ੍ਹਾਂ ਦੇ ਪਤੀ ਇਹ ਨਿਚੋੜ ਕੱਢਦੇ ਹਨ ਕਿ ਉਨ੍ਹਾਂ ਲਈ ਬੱਚਿਆਂ ਨੂੰ ਨਾਲ ਲੈ ਕੇ ਬੰਦਗੀ ਵਿਚ ਜਾਣਾ ਔਖਾ ਹੈ। ਜਿਸ ਕਰਕੇ ਸਿਰਫ਼ ਪਤੀ ਇਕੱਲਾ ਚਲਿਆ ਜਾਂਦਾ ਹੈ। ਭਲਾ ਸਾਡੇ ਪ੍ਰਭੂ ਲਈ ਸੁਰਗ ਐਨਾਂ ਦੂਰ ਸੀ ਕਿ ਉਹ ਚੱਲ ਕੇ ਜਾ ਨਹੀਂ ਸਕਦਾ ਸੀ ਜਾਂ ਸਲੀਬੀ ਮੌਤ ਉਹ ਉਹਦੇ ਲਈ ਐਨੀ ਔਖੀ ਸੀ? ਜੇ ਉਸ ਨੇ ਸਾਡੇ ਲਈ ਐਨਾਂ ਕੁਝ ਕੀਤਾ ਹੈ ਤਾਂ ਅਸੀਂ ਉਹਦੀ ਕਿਸੇ ਵੀ ਗੱਲ ਨੂੰ ਕਿਵੇਂ ਕਹਿ ਸਕਦੇ ਹਾਂ ਕਿ ਸਾਥੋਂ ਨਹੀਂ ਹੋਣੀ, ਬੜਾ ਔਖਾ ਹੈ। ਅਜਿਹੇ ਬੇਕਾਰ ਅਤੇ ਬਦਕਾਰ ਬਹਾਨਿਆਂ ਨਾਲ ਬੰਦਗੀ ਤੇ ਜਾਣ ਤੋਂ ਬਚਣ ਵਾਲੇ ਆਦਮੀ ਲਈ ਲਾਨ੍ਹਤ ਹੈ। ਖ਼ੁਦਾ ਸਾਨੂੰ ਉਹ ਕਰਨ ਲਈ ਨਹੀਂ ਆਖ ਰਿਹਾ ਜੋ ਅਸੀਂ ਨਹੀਂ ਕਰ ਸਕਦੇ, ਸੋ ਮਸੀਹੀ ਔਰਤਾਂ ਲਈ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਕਲੀਸੀਆ ਦੀ ਹਰ ਬੰਦਗੀ ਵਿਚ, ਆਪਣੇ ਪਤੀਆਂ ਦੇ ਨਾਲ ਜਾਣਾ ਜ਼ਰੂਰੀ ਹੈ ਤਾਂ ਜੋ ਉਹ ਸਿੱਖ ਸਕਣ ਕਿ ਭਾਵੇਂ ਕੁਝ ਵੀ ਹੋ ਜਾਵੇ ਸਾਨੂੰ ਹਰ ਹਾਲ ਵਿਚ ਖ਼ੁਦਾ ਨੂੰ ਪਹਿਲ ਦੇਣੀ ਚਾਹੀਦੀ ਹੈ। ਸਿਰਫ਼ ਤਦੇ ਉਹ ਸਾਨੂੰ ਪੂਰੀ ਤਰ੍ਹਾਂ ਨਾਲ ਬਰਕਤ ਦੇ ਸਕਦਾ ਹੈ।

ਕੋਈ ਵੀ ਕਲੀਸੀਆ ਉਦੋਂ ਤਕ ਮਜ਼ਬੂਤ ਨਹੀਂ ਹੋ ਸਕਦੀ ਜਦੋਂ ਤਕ ਉਹਦੇ ਵਿਚ ਰੂਹਾਨੀ ਔਰਤਾਂ ਨਾ ਹੋਣ, ਇਸ ਕਰਕੇ ਔਰਤਾਂ ਨੂੰ ਵਚਨ ਦਾ ਅਧਿਐਨ ਕਰਨ ਲਈ ਆਪਣੇ ਆਪ ਨੂੰ ਦੇਣਾ ਜ਼ਰੂਰੀ ਹੈ। ਇਸ ਨਾਲ ਉਹ ਖ਼ੁਦਾ ਦਾ ਖ਼ੌਫ਼ ਮੰਨਣ ਵਾਲੀਆਂ ਪਤਨੀਆਂ ਅਤੇ ਮਾਂਵਾਂ ਬਣ ਸਕਣਗੀਆਂ, ਖ਼ੁਦਾ ਦੇ ਵਚਨ ਦੀ ਸਚਿਆਈ ਦੂਜਿਆਂ ਨੂੰ ਵੰਡ ਸਕਣਗੀਆਂ। ਆਦਮੀਆਂ ਲਈ ਬਾਈਬਲ ਕਲਾਸ ਤੋਂ ਇਲਾਵਾ, ਔਰਤਾਂ ਅਤੇ ਬੱਚਿਆਂ ਲਈ ਵੀ ਅੱਡੋ ਅੱਡ ਕਲਾਸ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਉਨ੍ਹਾਂ ਮਸੀਹੀ ਔਰਤਾਂ ਦੇ ਰਾਹੀਂ ਸਿਖਾਇਆ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਟੀਚਰ ਬਣਨ ਲਈ ਤਿਆਰ ਕੀਤਾ ਹੈ।

ਜਦ ਕਿਸੇ ਔਰਤ ਨੂੰ ਟੀਚਰ ਲਾਇਆ ਜਾਂਦਾ ਹੈ ਤਾਂ ਉਸ ਨੂੰ ਵਚਨ ਦਾ ਚੰਗੀ ਤਰ੍ਹਾਂ ਨਾਲ ਅਧਿਐਨ ਕਰਕੇ ਆਪਣੇ ਨੋਟਸ ਜਾਂ ਹਰ ਸਹਾਇਕ ਸਮੱਗਰੀ ਜਿਹੜੀ ਉਹ ਨੇ ਤਿਆਰ ਕੀਤੀ ਹੋਵੇ, ਆਪਣੀ ਕਲਾਸ ਵਾਸਤੇ ਬੜੇ ਧਿਆਨ ਨਾਲ ਪਹਿਲਾਂ ਤੋਂ ਹੀ ਤਿਆਰ ਕਰਨਾ ਚਾਹੀਦੇ ਹਨ। ਉਸ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਜੋ ਕੁਝ ਉਹ ਕਰ ਰਹੀ ਹੈ ਅਸਲ ਵਿਚ ਬੜਾ ਅਹਿਮ ਹੈ, ਅਜਿਹਾ ਨਹੀਂ ਹੈ ਕਿ ਉਹ ਸਿਰਫ਼ ਆਪਣਾ

ਵਕਤ ਟਪਾ ਰਹੀ ਹੈ ਜਾਂ ਬੱਚਿਆਂ ਨੂੰ ਚੁੱਪ ਕਰਾ ਕੇ ਆਹਰੇ ਲਾ ਰਹੀ ਹੈ ਕਿ ਉਨ੍ਹਾਂ ਦੇ ਮਾਪਿਆਂ ਦਾ ਧਿਆਨ ਵਚਨ ਨੂੰ ਸਿਖਣ ਲਈ ਇੱਧਰ ਉੱਧਰ ਨਾ ਭਟਕੇ। ਸਾਡੇ ਕੋਲ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਨਜਾਤ ਬਾਰੇ ਜ਼ਰੂਰੀ ਸੱਚਾਈਆਂ ਦੱਸਣ ਲਈ ਸਿਰਫ਼ ਕੁਝ ਕੁ ਸਾਲ ਹੁੰਦੇ ਹਨ, ਸੋ ਸਿਖਾਉਣ ਦਾ ਹਰ ਕੌਮਾ ਬੇਹੱਦ ਅਹਿਮ ਹੈ।

ਔਰਤਾਂ ਲਈ ਮੰਡਲੀ ਦੇ ਆਦਮੀਆਂ ਦੀ ਰਹਿਨੁਮਾਈ ਵਿਚ ਬੰਦਗੀ ਦੇ ਵੱਖੋ–ਵੱਖ ਹਿੱਸਿਆਂ ਵਿਚ ਹਿੱਸਾ ਲੈਣਾ, ਗਾਉਣਾ, ਵਚਨ ਦਾ ਅਧਿਐਨ ਕਰਨਾ, ਪ੍ਰਾਰਥਨਾ ਕਰਨਾ, ਜੇ ਉਨ੍ਹਾਂ ਨੇ ਹਫ਼ਤੇ ਦੌਰਾਨ ਕੰਮ ਕਰਕੇ ਕੋਈ ਕਮਾਈ ਕੀਤੀ ਹੈ ਤਾਂ ਉਸ ਵਿੱਚੋਂ ਦੇਣਾ, ਪ੍ਰਭੂ ਭੋਜ ਵਿਚ ਭਾਗ ਲੈ ਕੇ ਉਹਦੀ ਮੌਤ ਨੂੰ ਯਾਦ ਕਰਨਾ ਵੀ ਜ਼ਰੂਰੀ ਹੈ। ਉਹ ਪ੍ਰਾਰਥਨਾ ਭਵਨ ਦੀ ਸਾਫ਼ ਸਫ਼ਾਈ ਕਰਕੇ, ਝਾੜ ਪੋਚ ਕਰਕੇ, ਜੇ ਉੱਥੇ ਕੋਈ ਕਿਆਰੀ ਹੈ ਤਾਂ ਉਸ ਦੀ ਸਫ਼ਾਈ ਕਰਕੇ ਅਤੇ ਪ੍ਰਾਰਥਨਾ ਭਵਨ ਦੀ ਸੰਭਾਲ ਲਈ ਜੋ ਵੀ ਹੋ ਸਕੇ ਉਸ ਵਿਚ ਮਦਦ ਕਰਕੇ ਬੰਦਗੀ ਦੀ ਤਿਆਰੀ ਵਿਚ ਮਦਦ ਕਰ ਸਕਦੀਆਂ ਹਨ। ਜੇ ਕੋਈ ਪ੍ਰਾਰਥਨਾ ਭਵਨ ਗੰਦਾ ਹੈ ਅਤੇ ਉਹ ਦੀ ਸਫ਼ਾਈ ਨਹੀਂ ਕੀਤੀ ਜਾਂਦੀ ਤਾਂ ਉਹ ਆਪ ਬੋਲ ਰਿਹਾ ਹੈ ਕਿ ਉੱਥੇ ਬੰਦਗੀ ਕਰਨ ਵਾਲੇ ਲੋਕਾਂ ਨੂੰ ਖ਼ੁਦਾ ਨੂੰ ਬਣਦਾ ਸਨਮਾਨ ਦੇਣ ਦੀ ਕੋਈ ਪਰਵਾਹ ਨਹੀਂ ਹੈ। ਬੰਦਗੀ ਦੇ ਉਸ ਦੇ ਥਾਂ ਤੋਂ ਪਤਾ ਲੱਗਣਾ ਚਾਹੀਦਾ ਹੈ ਕਿ ਸਾਡੇ ਮਨ ਵਿਚ ਉਹਦੇ ਲਈ ਕਿੰਨਾਂ ਪਿਆਰ ਅਤੇ ਇੱਜ਼ਤ ਹੈ। ਯਕੀਨਨ ਹੀ ਉਹਦੀ ਦੇਖਭਾਲ ਉਵੇਂ ਹੀ ਕੀਤੀ ਜਾਣੀ ਚਾਹੀਦੀ ਹੈ ਜਿਵੇਂ ਕਿ ਅਸੀਂ ਆਪਣੇ ਘਰਾਂ ਦੀ ਕਰਦੇ ਹਾਂ।

ਆਮ ਤੌਰ ਤੇ ਮਸੀਹੀ ਲੋਕਾਂ ਨੂੰ ਮੂਰਤੀਆਂ ਨੂੰ ਮੰਨਣ ਵਾਲਿਆਂ ਵੱਲੋਂ ਸ਼ਰਮਸਾਰ ਕੀਤਾ ਜਾਂਦਾ ਹੈ ਜਿਹੜੇ ਆਪਣੇ ਮੰਦਰਾਂ ਨੂੰ ਬਣਾਉਣ ਅਤੇ ਉਨ੍ਹਾਂ ਨੂੰ ਸਜਾਉਣ ਸਵਾਰਨ ਵਿਚ ਬੇਹੱਦ ਯੋਗਦਾਨ ਦਿੰਦੇ ਹਨ। ਮਸੀਹੀ ਲੋਕਾਂ ਨੂੰ ਭਵਨ ਬਣਾਉਣ ਵਿਚ ਮਦਦ ਲਈ, ਇਹਦੇ ਰੰਗ ਰੋਗਣ ਲਈ ਜਾਂ ਮੁਰੰਮਤ ਦੇ ਹੋਰ ਕੰਮ ਲਈ ਖ਼ਾਸ ਯੋਗਦਾਨ ਦੇਣ ਵਾਸਤੇ ਬਚਾ ਕੇ ਰੱਖਣਾ ਚਾਹੀਦਾ ਹੈ। ਉਹ ਚਾਹੁਣ ਤਾਂ ਗੀਤਾਂ ਦੀਆਂ ਨਵੀਆਂ ਕਿਤਾਬਾਂ, ਨਵੀਆਂ ਬਾਈਬਲਾਂ ਜਾਂ ਮੇਜ਼ ਨੂੰ ਢੱਕਣ ਲਈ ਨਵਾਂ ਕੱਪੜਾ ਜਾਂ ਉਹਦੇ ਲਈ ਪੈਸੇ ਦੇ ਸਕਦੇ ਹਨ। ਪ੍ਰਾਰਥਨਾ ਭਵਨ ਦੀ ਮਦਦ ਵਿਚ ਬਹੁਤ ਸਾਰੀਆਂ ਗੱਲਾਂ ਆ ਸਕਦੀਆਂ ਹਨ। ਅਫ਼ਸੋਸ ਕਿ ਮਸੀਹੀ ਲੋਕ ਉਨ੍ਹਾਂ ਗੱਲਾਂ ਤੇ ਗੌਰ ਨਹੀਂ ਕਰਦੇ ਜਿਹੜੀਆਂ ਉਹ ਕਰ ਸਕਦੇ ਹਨ ਕਿ ਖ਼ੁਦਾ ਲਈ ਆਪਣੇ ਜੋਸ਼ ਅਤੇ ਪਿਆਰ ਨੂੰ ਵਿਖਾ ਸਕਣ।

ਔਰਤਾਂ ਪ੍ਰਭੂ ਭੋਜ ਲਈ ਰੋਟੀ ਅਤੇ ਦਾਖਰਸ ਤਿਆਰ ਕਰ ਸਕਦੀਆਂ ਹਨ। ਬੰਦਗੀ ਬਿਨਾਂ ਯਾਦਗਾਰੀ ਭੋਜ ਦੇ ਪੂਰੀ ਨਹੀਂ ਹੁੰਦੀ, ਅਤੇ ਆਦਮੀ ਦੀ ਜ਼ਿੰਮੇਵਾਰੀ ਭਾਵੇਂ ਮੰਡਲੀ ਦੀ ਸੇਵਕਾਈ ਵਿਚ ਅਗਵਾਈ ਕਰਨਾ ਹੈ ਪਰ ਔਰਤਾਂ ਟ੍ਰੇ ਅਤੇ

ਕਟੋਰੀਆਂ ਸਾਫ਼ ਕਰਕੇ ਤਿਆਰ ਕਰ ਸਕਦੀਆਂ ਹਨ। ਉਹ ਰੋਟੀ ਬਣਾਉਣ ਦੀ ਬਰਕਤ ਵੀ ਲੈ ਸਕਦੀਆਂ ਹਨ ਤਾਂ ਜੋ ਯਾਦਗਾਰੀ ਦੀ ਰੋਟੀ ਨੂੰ ਹਰ ਹਫ਼ਤੇ ਮਸੀਹੀ ਲੋਕਾਂ ਦੇ ਪ੍ਰੇਮੀ ਹੱਥਾਂ ਨਾਲ ਤਾਜ਼ਾ ਬਣਾਇਆ ਜਾਵੇ ਨਾ ਕਿ ਬਾਸੀ ਰੋਟੀ ਬਾਹਰੋਂ ਖਰੀਦੀ ਜਾਵੇ।

ਰੋਟੀ ਬਣਾਉਣ ਲਈ ਮੈਦਾ, ਤੇਲ, ਪਾਣੀ ਅਤੇ ਲੂਣ ਜ਼ਰੂਰੀ ਹੁੰਦਾ ਹੈ। ਇਕ ਰੋਟੀ ਬਣਾਉਣ ਲਈ ਅੱਧਾ ਕਪ ਮੈਦਾ, ਦੋ ਛੋਟੇ ਚੱਮਚ ਤੇਲ, ਅਤੇ ਦੋ ਛੋਟੇ ਚੱਮਚ ਪਾਣੀ ਅਤੇ ਥੋੜ੍ਹਾ ਜਿਹਾ ਲੂਣ ਚਾਹੀਦਾ ਹੁੰਦਾ ਹੈ। ਇਸ ਨੂੰ ਗੁੰਨ੍ਹਣ ਦੀ ਲੋੜ ਨਹੀਂ ਹੁੰਦੀ ਬਲਕਿ ਐਨਾਂ ਕੁ ਮਿਲਾ ਲਿਆ ਜਾਵੇ ਜਿਸ ਨਾਲ ਪੇੜਾ ਬਣਾ ਸਕੇ। ਉਸ ਨੂੰ ਵੇਲ ਕੇ ਰੋਟੀ ਬਣਾ ਲਵੋ। ਫਿਰ ਇਸ ਨੂੰ ਤਵੇ ਤੇ ਜਾਂ ਤੰਦੂਰ ਜਾਂ ਓਵਨ ਵਿਚ ਪਕਾਇਆ ਜਾ ਸਕਦਾ ਹੈ। ਬਾਰ ਬਾਰ ਬਣਾਉਂਦੇ ਰਹਿਣ ਨਾਲ ਵਧੀਆ ਰੋਟੀ ਬਣਾਉਣਾ ਆ ਸਕਦਾ ਹੈ!

## ਸਮਾਜ ਵਿਚ

ਪਹਿਲੀ ਸਦੀ ਵਿਚ ਔਰਤਾਂ ਨੂੰ ਇਸ ਤਰ੍ਹਾਂ ਜੀਣ ਦੀ ਚਿਤਾਵਨੀ ਦਿੱਤੀ ਜਾਂਦੀ ਸੀ ਜਿਸ ਨਾਲ ਉਹ ਕਲੀਸੀਆ ਦੀ ਬਦਨਾਮੀ ਦਾ ਕਾਰਣ ਨਾ ਬਣਨ (1 ਤਿਮੋਥਿਉਸ 5:14; ਤੀਤੁਸ 2:5)। ਅਸੀਂ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦੇ ਸਮਾਜ ਤੋਂ ਅੱਡ ਨਹੀਂ ਕਰ ਸਕਦੇ ਅਤੇ ਸੰਸਾਰ ਵਿਚ ਸਾਡਾ ਕੰਮ ਇੰਜੀਲ ਦੀ ਰੌਸ਼ਨੀ ਬਣਨਾ ਜ਼ਰੂਰੀ ਹੈ। ਆਦਮੀਆਂ ਦੇ ਨਾਲ ਨਾਲ ਔਰਤਾਂ ਵੀ ਜਗਤ ਦਾ ਚਾਨਣ ਹਨ (ਮੱਤੀ 5:14) ਅਤੇ ਯਿਸੂ ਉਨ੍ਹਾਂ ਦੇ ਅੰਦਰ ਵੱਸਦਾ ਹੈ (2 ਕੁਰਿੰਥੀਆਂ 5:19, 20)। ਉਨ੍ਹਾਂ ਲਈ ਆਪਣੇ ਜਾਣਨ ਵਾਲਿਆਂ ਅਤੇ ਗੁਆਂਢੀਆਂ ਨਾਲ ਸਬੰਧਾਂ ਵਿਚ ਭਗਤੀ ਭਰੇ ਡੰਗ ਨਾਲ ਵਿਹਾਰ ਕਰਦਿਆਂ ਹਰ ਗੱਲ ਵਿਚ ਸੁਚੇਤ ਰਹਿਣਾ ਜ਼ਰੂਰੀ ਹੈ। ਇਸ ਤਰ੍ਹਾਂ ਉਹ ਰੋਜ਼-ਬ-ਰੋਜ਼ ਬੇਪਰਤੀਤਿਆਂ ਨੂੰ ਮਸੀਹੀ ਕਦਰਾਂ ਅਤੇ ਇਖ਼ਲਾਕਾਂ ਅਤੇ ਵਿਹਾਰ ਦੀ ਸਿੱਖਿਆ ਦੇ ਸਕਦੀਆਂ ਹਨ।

ਪਰ ਔਰਤਾਂ ਬੋਲ ਕੇ ਵੀ ਸਿਖਾ ਸਕਦੀਆਂ ਹਨ। ਉਹ ਆਪਣੇ ਗੁਆਂਢੀਆਂ ਦੇ ਘਰਾਂ ਵਿਚ ਜਾ ਕੇ ਬਾਈਬਲ ਸਿਖਾਉਣ ਦੇ ਮੌਕੇ ਤਲਾਸ਼ ਸਕਦੀਆਂ ਹਨ। ਸ਼ਾਇਦ ਉਹ ਆਪਣੇ ਆਂਢ ਗੁਆਂਢ ਦੀਆਂ ਹੋਰਨਾਂ ਔਰਤਾਂ ਨੂੰ ਹਫ਼ਤੇ ਵਿਚ ਕਿਸੇ ਸਵੇਰ ਜਾਂ ਸ਼ਾਮ ਨੂੰ ਚਾਹ ਜਾਂ ਕਾਫ਼ੀ ਪੀਣ ਵੇਲੇ ਮਿਲ ਕੇ ਵਚਨ ਵਿੱਚੋਂ ਸਿੱਖਣ ਲਈ ਇਕੱਠੇ ਹੋਣ ਨੂੰ ਆਖ ਸਕਦੀਆਂ ਹਨ।

ਔਰਤਾਂ ਹੋਰਨਾਂ ਔਰਤਾਂ ਨੂੰ ਬੰਦਗੀ ਵਿਚ ਵੀ ਬੁਲਾ ਸਕਦੀਆਂ ਹਨ। ਬਹੁਤ ਸਾਰੇ ਲੋਕਾਂ ਨੂੰ ਖ਼ੁਦਾ ਵਾਸਤੇ ਇਸੇ ਕਰਕੇ ਜਿੱਤਿਆ ਗਿਆ ਹੈ ਕਿਉਂ ਜੋ ਕੁਝ ਔਰਤਾਂ ਨੇ ਆਪਣੇ ਆਂਢ-ਗੁਆਂਢ ਦੇ ਬੱਚਿਆਂ ਨੂੰ ਆਪਣੇ ਬੱਚਿਆਂ ਨਾਲ ਜਾਣ, ਬਾਈਬਲ ਕਲਾਸ ਵਿਚ ਹਿੱਸਾ ਲੈਣ ਅਤੇ ਖ਼ੁਦਾ ਬਾਰੇ ਦੱਸਣ ਲਈ ਸੱਦਿਆ।

## ਸਾਰ

ਇਸ ਅਧਿਐਨ ਤੋਂ ਅਸੀਂ ਵੇਖ ਸਕਦੇ ਹਾਂ ਕਿ ਆਪਣੇ ਪਤੀਆਂ ਨਾਲ ਬਿਨਾਂ ਕਿਸੇ ਤਰ੍ਹਾਂ ਦੇ ਮੁਕਾਬਲੇ ਵਿਚ ਪਏ ਔਰਤਾਂ ਵਾਸਤੇ ਕੰਮ ਨਾਲ ਭਰੀ ਭਰਪੂਰ ਜ਼ਿੰਦਗੀ ਹੈ। ਖ਼ੁਦਾ ਸਾਡੀ ਸਾਰਿਆਂ ਦੀ ਮਦਦ ਕਰੇ ਕਿ ਜਿੱਥੋਂ ਤਕ ਹੋ ਸਕੇ ਅਸੀਂ ਆਪਣਾ ਯੋਗਦਾਨ ਦੇ ਸਕੀਏ ਤਾਂ ਜੋ ਸਾਡੀਆਂ ਰੂਹਾਂ ਤਰੱਕੀ ਕਰਨ ਅਤੇ ਸਾਡੇ ਪਰਿਵਾਰ ਅਤੇ ਕਲੀਸੀਆ ਸਾਰਿਆਂ ਨਾਲ ਸਭ ਕੁਝ ਠੀਕ ਹੋਵੇ।

## ਚਰਚਾ ਲਈ ਸਵਾਲ

1. ਕਿਹੜੀਆਂ ਕਿਹੜੀਆਂ ਚਾਰ ਜ਼ਿੰਮੇਵਾਰੀਆਂ ਹਨ?
2. ਵਿਆਹ ਵਿਚ ਪਤੀ ਦੀ ਜ਼ਿੰਮੇਵਾਰੀ ਕੀ ਹੈ?
3. ਵਿਆਹ ਵਿਚ ਪਤਨੀ ਦੀ ਭੂਮਿਕਾ ਕੀ ਹੈ?
4. ਮਸੀਹੀ ਪਤੀਆਂ ਅਤੇ ਪਤਨੀਆਂ ਨੂੰ ਇਕ ਦੂਜੇ ਦੀਆਂ ਜਿਨਸੀ ਲੋੜਾਂ ਨੂੰ ਪੂਰਿਆਂ ਕਰਨ ........................ ਤੋਂ ਬਚਣ ਦਾ ਹੁਕਮ ਦਿੱਤਾ ਗਿਆ ਹੈ। ਅਪਵਾਦ ਕੁਝ ਦੇਰ ਲਈ ............... ਨਾਲ ਇਕ ਦੂਜੇ ਤੋਂ ਅੱਡ ਰਹਿਣਾ ਹੈ ਤਾਂ ਜੋ ..................ਦਾ ਸਮਾਂ ਮਿਲ ਸਕੇ।
5. ਜੇ ਆਦਮੀ ਮਜ਼ਬੂਤ ਲੀਡਰ ਨਹੀਂ ਹੈ ਤਾਂ ਪਤਨੀ ਨੂੰ ਕੀ ਕਰਨਾ ਜ਼ਰੂਰੀ ਹੈ?
6. ਭਲਾ ਪਤੀ ਅਤੇ ਪਤਨੀ ਲਈ ਘਰ–ਪਰਿਵਾਰ ਨਾਲ ਸਬੰਧਿਤ ਮਾਮਲਿਆਂ ਤੇ ਚਰਚਾ ਕਰਨੀ ਜ਼ਰੂਰੀ ਹੈ? ਵਿਚਾਰ ਵਿਚ ਕੋਈ ਮਤਭੇਦ ਹੋਣ ਤੇ ਖ਼ੁਦਾ ਵੱਲੋਂ ਘਰ ਦਾ ਮੁਖੀ ਕਿਸ ਨੂੰ ਠਹਿਰਾਇਆ ਗਿਆ ਹੈ?
7. ਪਤੀ ਅਤੇ ਪਤਨੀ ਨੂੰ ਇਕ ਦੂਜੇ ਦੀਆਂ ਕਮੀਆਂ ਨੂੰ ਦੂਰ ਕਰਨ ਲਈ .................. ਦਿੰਦੇ ਹੋਏ .................. ਵਿਚ ਮਦਦ ਕਰਨੀ ਚਾਹੀਦੀ ਹੈ, ਤਾਂ ਜੋ ਉਹ ਇਕ ਦੂਜੇ ਨਾਲ .................... ਸਕਣ।
8. ਘਰ ਵਿਚ ਪਤੀ ਦੀ ਭੂਮਿਕਾ ਕੀ ਹੈ?
9. ਖ਼ੁਦਾ ਨੇ ਆਦਮੀਆਂ ਨੂੰ ਆਪਣੀ ਭੂਮਿਕਾ ਨਿਭਾਉਣ ਲਈ ਕਿਵੇਂ ਤਿਆਰ ਕੀਤਾ ਹੈ?
10. ਘਰ ਵਿਚ ਪਤਨੀ ਦੀਆਂ ਕੀ ਕੀ ਜ਼ਿੰਮੇਵਾਰੀਆਂ ਹਨ?
11. ਖ਼ੁਦਾ ਨੇ ਉਸ ਨੂੰ ਇਸ ਗੱਲ ਵਾਸਤੇ ਕਿਵੇਂ ਤਿਆਰ ਕੀਤਾ ਹੈ?
12. ਕਿਨ੍ਹਾਂ ਦੋ ਤਰੀਕਿਆਂ ਨਾਲ ਮਾਪੇ ਆਪਣੇ ਬੱਚਿਆਂ ਦੀ ਪਰਵਰਿਸ਼ ਲਈ ਜ਼ਿੰਮੇਵਾਰ ਹਨ?
13. ਕਲੀਸੀਆ ਵਿਚ ਪਤੀ ਦੀਆਂ ਕੀ ਕੀ ਜ਼ਿੰਮੇਵਾਰੀਆਂ ਹਨ?
14. ਆਦਮੀਆਂ ਨੂੰ ਕਲੀਸੀਆ ਵਿਚ ਕਿਹੜਾ ਕੰਮ ਕਰਨ ਲਈ ਤਿਆਰ ਕੀਤਾ ਜਾਂਦਾ ਹੈ?

15. ਕਲੀਸੀਆ ਵਿਚ ਔਰਤਾਂ ਦਾ ਕੀ ਕੰਮ ਹੈ?
16. ਭਲਾ ਪ੍ਰਾਰਥਨਾ ਭਵਨ ਦੀ ਸਾਫ਼ ਸਫ਼ਾਈ ਦਾ ''ਨਿਗੂਣਾ'' ਜਿਹਾ ਕੰਮ ਐਨਾ ਅਹਿਮ ਹੈ ਕਿ ਆਦਮੀ ਅਤੇ ਔਰਤਾਂ ਦੋਵੇਂ ਇਸ ਨੂੰ ਕਰ ਸਕਦੇ ਹਨ?
17. ਔਰਤਾਂ ..................... ਲਈ ਤਾਜ਼ੀ ਅਖ਼ਮੀਰੀ ................. ਵੀ ਬਣਾ ਸਕਦੀਆਂ ਹਨ।
18. ਸਮਾਜ ਵਿਚ ਆਦਮੀ ਦੀ ਕੀ ਜ਼ਿੰਮੇਵਾਰੀ ਹੈ?
19. ਸਮਾਜ ਵਿਚ ਔਰਤ ਦੀ ਕੀ ਭੂਮਿਕਾ ਹੈ?
20. ਇਸ ਅਧਿਐਨ ਤੋਂ ਅਸੀਂ ਦੇਖ ਸਕਦੇ ਹਾਂ ਕਿ ਆਪਣੇ .............. ਕੀਤੇ ਬਗੈਰ ................... ਹੈ।

# ਸਾਰੇ ਪਾਠਾਂ ਦੇ ਅਖ਼ੀਰ ਵਿਚ ਦਿੱਤੇ ਗਏ ਸਵਾਲਾਂ ਦੇ ਜਵਾਬ

## ਪਾਠ 1

1. ਕਿ ਉਹ ਆਦਮੀ ਦੀ ਗ਼ੁਲਾਮ ਹੋਣ ਨਾਲੋਂ ਵਧਕੇ ਕੁਝ ਨਹੀਂ ਹੈ, ਉਹ ਸਿਰਫ਼ ਬੱਚੇ ਪੈਦਾ ਕਰਨ, ਘਰ ਬਾਰ ਸੰਭਾਲਣ ਦਾ ਕੰਮ ਕਰ ਸਕਦੀ ਹੈ, ਅਤੇ ਔਰਤ ਦੇ ਰੂਪ ਵਿਚ ਉਹਦੀ ਮੁਕਤੀ ਨਹੀਂ ਹੋ ਸਕਦੀ।
2. ਔਰਤਾਂ ਲਈ ਮਰਦਾਂ ਦੇ ਉੱਪਰ ਇਖ਼ਤਿਆਰ ਪਾਉਣਾ।
3. ਮੁਕਾਬਲੇ ਦੀ ਭਾਵਨਾ ਵਧਦੀ ਹੈ, ਜਿਸ ਨਾਲ ਵੈਰ ਅਤੇ ਕੜਵਾਹਟ ਵਧਣ ਕਰਕੇ ਪਰਿਵਾਰ ਟੁੱਟਣ ਲੱਗ ਪਏ ਹਨ।
4. ਜ਼ਮੀਨ ਦੀ ਮਿੱਟੀ ਚੋਂ
5. ਆਦਮ ਦੀ ਪਸਲੀ ਚੋਂ
6. ਸਹਿਯੋਗੀ; ਚੜ੍ਹਨਾ; ਲਤਾੜੇ
7. ਪਰਿਵਾਰ ਦੀ ਇਕ ਨਵੀਂ ਇਕਾਈ
8. ਆਦਮੀ ਨੂੰ। ਹਾਂ।
9. ਕਿ ਉਹ ਦੋਵੇਂ ਇਕ ਦੂਜੇ ਉੱਤੇ ਨਿਰਭਰ ਹੋਣਗੇ। ਦੋਹਾਂ ਦੀ ਇੱਕੋ ਜਿਹੀ ਅਹਿਮੀਅਤ ਹੈ।
10. ਹਾਂ।
11. ਉਨ੍ਹਾਂ ਨੂੰ ਮਿਲ ਕੇ ਵਧਣ ਲਈ ਇਕ ਦੂਜੇ ਦੀ ਹੋਰ ਲੋੜ ਲੱਗਣੀ ਸੀ; ਦੋਹਾਂ ਨੇ ਮਾਪਿਆਂ ਦੇ ਦਖ਼ਲ ਦੇ ਬਗੈਰ ਵਧੇਰੇ ਤੇਜ਼ੀ ਨਾਲ ਹੋਰ ਵਧਣਾ ਸੀ।

## ਪਾਠ 2

1. ਮਸੀਹ ਦੀ ਸ਼ਰ੍ਹਾ; ਨਵੇਂ ਨੇਮ
2. (1) ਆਦਮ ਨੂੰ ਪਹਿਲਾਂ ਬਣਾਇਆ ਗਿਆ ਸੀ ਅਤੇ ਬਾਅਦ ਵਿਚ ਹੱਵਾ ਨੂੰ, ਅਤੇ (2) ਆਦਮ ਨੇ ਧੋਖਾ ਨਹੀਂ ਖਾਧਾ ਬਲਕਿ ਹੱਵ੍ਹਾ ਸ਼ੈਤਾਨ ਦੇ ਧੋਖੇ ਵਿਚ ਆਈ ਸੀ।
3. ਨਹੀਂ; ਹਾਂ; ਨਹੀਂ।
4. ''ਰਹਿਨੁਮਾਈ'' ਦਾ ਮਤਲਬ ਸੀ ਕਿ ਆਦਮੀ ਔਰਤ ਦੇ ਮੂਹਰੇ ਚੱਲੇ ਅਤੇ ਆਪਣੇ ਪਰਿਵਾਰ ਨੂੰ ਅਗਵਾਈ ਦਵੇ; ''ਜ਼ਿੰਮੇਵਾਰੀ'' ਦਾ ਮਤਲਬ ਸੀ ਕਿ ਚੰਗੀ ਹੋਵੇ ਜਾਂ ਮਾੜੀ, ਦੋਹਾਂ ਤਰ੍ਹਾਂ ਦੀ ਰਹਿਨੁਮਾਈ ਲਈ ਖ਼ੁਦਾ ਨੂੰ ਜਵਾਬਦੇਹ ਉਹੀ ਸੀ।
5. ਨਹੀਂ; ਕਿਉਂਕਿ ਪ੍ਰਜਨਨ ਪ੍ਰਣਾਲੀ ਵਿਚ ਉਹ ਬਰਾਬਰ ਦੀ ਭਾਈਵਾਲ ਸੀ ਅਤੇ ਉਸ ਨੂੰ ਪੁਰਖ ਨੂੰ ਮੁਕੰਮਲ ਕਰਨ ਲਈ ਹੀ ਬਣਾਇਆ ਗਿਆ ਸੀ ਤਾਂ ਜੋ ਦੋਵੇਂ ਇਕ ਦੂਜੇ ਦੀਆਂ ਲੋੜਾਂ ਨੂੰ ਪੂਰਿਆਂ ਕਰ ਸਕਣ।

6. ਕਿਉਂ ਜੋ ਖ਼ੁਦਾ ਨੇ ਮਨੁੱਖਾਂ ਤੋਂ, ਉਨ੍ਹਾਂ ਦੀ ਇੱਛਾ ਮੁਤਾਬਿਕ, ਬਦਲੇ ਵਿਚ ਪ੍ਰੇਮ ਚਾਹਿਆ, ਨਾ ਕਿ ਇਸ ਕਰਕੇ ਕਿ ਉਸ ਨੇ ਉਨ੍ਹਾਂ ਅੰਦਰ ਪ੍ਰੇਮ ਕਰਨ ਦਾ ਪ੍ਰੋਗਰਾਮ ਪਾਇਆ ਸੀ।
7. ਮੌਤ।
8. ਕਿ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ, ਜਿਸ ਨਾਲ ਭਲੇ ਅਤੇ ਬੁਰੇ ਦਾ ਗਿਆਨ ਪਾ ਕੇ ਉਹ ਖ਼ੁਦਾ ਦੇ ਵਰਗੇ ਹੋ ਜਾਣਗੇ ।
9. ਖਾਣ; ਅੱਖਾਂ; ਪਰਮੇਸ਼ੁਰ।
10. ਭਰੋਸੇ ਦੇ ਯੋਗ, ਨਰਮ ਦਿਲ ਅਤੇ ਉਸ ਦੇ ਪਰਿਵਾਰ ਦੀ ਬੇਹਤਰੀ ਲਈ ਫ਼ਿਕਰਮੰਦ ਹੋਣਾ।
11. ਉਸ ਦੇ ਆਪਣੇ ਪਤੀ ਤੋਂ ਰਹਿਨੁਮਾਈ ਦੀ ਭੂਮਿਕਾ ਆਪਣੇ ਹੱਥ ਵਿਚ ਲੈ ਲੈਣ ਅਤੇ ਉਸ ਦੇ ਪਤੀ ਵੱਲੋਂ ਉਸ ਨੂੰ ਅਜਿਹਾ ਕਰਨ ਦੇਣ ਦਾ।
12. ਅਪਰਾਧ ਨਾਲ ਮਨੁੱਖ ਜਾਤੀ ਪਾਪ ਵਿਚ ਡਿੱਗ ਗਈ।

## ਪਾਠ 3

1. ਕਿ ਪੁਰਖ ਆਪਣੇ ਘਰ ਦਾ ਮੁਖੀ ਹੋਵੇ।
2. ਨਵੀਆਂ ਪਾਬੰਦੀਆਂ ਲੱਗਣ ਨਾਲ ਹੋਰ ਨਿਯਮ ਬਣਾ ਦਿੱਤੇ ਗਏ।
3. ਆਦਮ ਤੋਂ; ਕਿਉਂ ਜੋ ਖ਼ੁਦਾ ਨੇ ਉਸ ਨੂੰ ਆਪਣੇ ਘਰ ਦੀ ਅਗਵਾਈ ਕਰਨ ਦਾ ਜ਼ਿੰਮਾ ਸੌਂਪਿਆ ਸੀ।
4. ਕਿ ਖ਼ੁਦਾ ਆਪਣੇ ਸਿਸਟਮ ਨੂੰ ਨਾ ਤਾ ਬਦਲਦਾ ਹੈ ਅਤੇ ਨਾ ਹੀ ਬਦਲੇਗਾ, ਇਨਸਾਨ ਭਾਵੇਂ ਜਿੰਨਾਂ ਜ਼ੋਰ ਲਾ ਲਵੇ
5. ਪੁਰਖ ਭਾਵ ਆਦਮ ਦੇ ਰਾਹੀਂ, ਕਿਉਂ ਜੋ ਉਸ ਨੇ ਅਗਵਾਈ ਕਰਨ ਲਈ ਆਪਣੀ ਭੂਮਿਕਾ ਨੂੰ ਛੱਡ ਦਿੱਤਾ।
6. ਉਸ ਦੀ ਤਕਲੀਫ਼ ਅਤੇ ਗਰਭਵਤੀ ਹੋਣ ਦੇ ਦੁੱਖ ਨੂੰ
7. ਕਿ ਉਸ ਦੀ ਲਾਲਸਾ ਆਪਣੇ ਪਤੀ ਵੱਲ ਹੋਵੇਗੀ ਅਤੇ ਉਹ ਉਸ ਉੱਤੇ ਪ੍ਰਭੁਤਾ ਕਰੇਗਾ, ਜੋ ਕਿ ਸੰਸਾਰ ਦੀ ਸਰਿਸ਼ਟੀ ਵੇਲੇ ਦਿੱਤੇ ਗਏ ਇੰਤਜ਼ਾਮ ਦੇ ਉਲਟ ਉਸ ਦਾ ਹੋਰ ਅਧੀਨਗੀ ਵਿਚ ਹੋਣਾ ਸੀ।
8. ਤਕਲੀਫ਼
9. ਹਾਂ
10. ਵੇਖੋ 1 ਪਤਰਸ 3:1–7
11. ਸਮਝਦਾਰੀ ਅਤੇ ਪਿਆਰ ਨਾਲ।
12. ਨਹੀਂ, ਖ਼ੁਦਾ ਨੇ ਉਨ੍ਹਾਂ ਨੂੰ ਆਪਣੇ ਸਿਸਟਮ ਨੂੰ ਬਦਲਣ ਦਾ ਇਖ਼ਤਿਆਰ ਨਹੀਂ ਦਿੱਤਾ ਹੈ। ਇਸ ਦੀ ਥਾਂ ਉਸ ਦੀ ਸਹਾਇਕਣ ਦੇ ਰੂਪ ਵਿਚ ਉਸ ਨੂੰ ਖ਼ੁਦਾ ਵੱਲੋਂ ਉਸ ਨੂੰ ਦਿੱਤੀਆਂ ਜ਼ਿੰਮੇਵਾਰੀਆਂ ਵਿਚ ਵਧਣ ਲਈ ਮਦਦ ਅਤੇ ਦਿਲੇਰੀ ਦੇਣੀ ਚਾਹੀਦੀ

ਹੈ।

13. ਕਿ ਹਰ ਪੁਰਖ ਦਾ ਸਿਰ ਮਸੀਹ ਹੈ, ਇਸਤਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ।

## ਪਾਠ 4

1. ਉਤਪਤ ਦੀ ਕਿਤਾਬ ਵਿਚ ਬਾਗ਼–ਏ–ਅਦਨ ਵੱਲ ਜਿੱਥੇ ਹੱਵ੍ਹਾ ਨੇ ਪਾਪ ਕੀਤਾ ਸੀ।
2. ਕਿ ਉਸ ਦੀ ਸੰਤਾਨ, ਸੱਪ (ਭਾਵ ਸ਼ੈਤਾਨ) ਦੇ ਸਿਰ ਨੂੰ ਫੇਂਵੇਂਗੀ।
3. ਉਸ ਨੇ ਔਰਤ, ਭਾਵ ਕੁਆਰੀ ਮਰੀਅਮ ਤੋਂ ਪੈਦਾ ਹੋਣਾ ਸੀ।
4. ਮਨੁੱਖ–ਜਾਤੀ ਦੇ ਹੁਕਮ ਮੰਨਣ ਦੇ ਲਈ ਬਚਾਏ ਜਾਣ ਦਾ ਜ਼ਰੀਆ ਬਣ ਜਾਣਾ ਸੀ।
5. ਵਿਆਹ ਕਰਨ; ਜਣਨ, ਗ੍ਰਹਿਸਥ।
6. ਕਿ ਉਹ ਮੁਟਿਆਰਾਂ ਨੂੰ ਅਜਿਹੀ ਮੱਤ ਦੇਣ ਜੋ ਉਹ ਆਪਣੇ ਪਤੀਆਂ ਨਾਲ ਪ੍ਰੇਮ ਰੱਖਣ ਅਤੇ ਬਾਲ ਬੱਚਿਆਂ ਨਾਲ ਪਿਆਰ ਕਰਨ। ਸੁਰਤ ਵਾਲੀਆਂ, ਸਤਵੰਤੀਆਂ, ਸੁਅੜ ਬੀਬੀਆਂ, ਨੇਕ ਅਤੇ ਆਪਣੇ ਪਤੀਆਂ ਦੇ ਅਧੀਨ ਹੋਣ।
7. ਔਰਤ ਦੇ ਛੁਟਕਾਰੇ ਦੀ ਯੋਜਨਾ।
8. ਪਰੇਸ਼ਾਨੀਆਂ ਅਤੇ ਰੁਕਾਵਟਾਂ ਦੇ ਬਾਵਜੂਦ ਸੰਜਮੀ ਰਹਿਣਾ, ਖ਼ੁਦਾ ਦੇ ਪ੍ਰਤੀ ਉਸ ਦੇ ਸਮਰਪਣ ਨੂੰ ਵਧਾਉਂਦਾ ਹੈ।
9. ਹਲੀਮੀ, ਸਬਰ, ਨਰਮਦਿਲੀ, ਦੂਜੇ ਦੀ ਦਰਦ ਮਹਿਸੂਸ ਕਰਨ ਵਾਲਾ ਮਨ, ਦ੍ਰਿੜਤਾ ਨਾਲ ਪ੍ਰੇਮ ਕਰਨਾ।
10. ਉਨ੍ਹਾਂ ਗੁਣਾਂ ਨੂੰ ਅਪਣਾ ਕੇ ਮਜ਼ਬੂਤ ਹੋਣ ਦੀ ਚੁਣੌਤੀ ਦੇ ਨਾਲ–ਨਾਲ ਪ੍ਰੇਮ ਦਾ ਸੰਤੁਲਨ, ਤਰੱਕੀ ਕਰਨ ਵਿਚ ਮਦਦਗਾਰ ਹੋਵੇਗਾ।
11. ਨਿਹਚਾ।
12. ਕਿਉਂਕਿ ਉਹ ਆਪਣੇ ਬੱਚਿਆਂ ਵਿਚ ਜ਼ਿੰਦਾ ਵਿਸ਼ਵਾਸ ਉਦੋਂ ਤਕ ਨਹੀ ਪਾ ਸਕਦੀ ਜਦੋਂ ਤਕ ਇਹ ਉਹਦੀ ਆਪਣੀ ਜਿੰਦਗੀ ਵਿਚ ਨਾ ਹੋਵੇ।

## ਪਾਠ 5

1. ਉਸ ਨੂੰ ਸਮਝ ਅਤੇ ਸਦੀਪਕ ਆਤਮਾ ਦਿੱਤੀ।
2. ਤਾਂ ਜੋ ਪਰਮੇਸ਼ੁਰ ਅਤੇ ਉਸ ਦੀ ਰਚਨਾ ਵਿਚਕਾਰ ਪ੍ਰੇਮ ਅਤੇ ਸਬੰਧ ਬਣਿਆ ਰਹੇ।
3. ਜਿਨਸੀ, ਜਿਸਮਾਨੀ, ਦਿਮਾਗੀ, ਜਜ਼ਬਾਤੀ, ਸਮਾਜੀ ਅਤੇ ਰੂਹਾਨੀ ਤੌਰ ਤੇ ਉਹਦੇ ਵਰਗਾ।
4. ਆਦਮ ਦਾ, ਕਿਉਂ ਜੋ ਉਹ ਉਸੇ ਤੋਂ ਬਣਾਈ ਗਈ ਸੀ, ਨਾ ਕਿ ਜ਼ਮੀਨ ਦੀ ਮਿੱਟੀ ਤੋਂ।
5. ‘‘ਇਹ ਹੁਣ ਮੇਰੀਆਂ ਹੱਡੀਆਂ ਵਿੱਚੋਂ ਹੱਡੀ ਹੈ ਅਰ ਮੇਰੇ ਮਾਸ ਵਿੱਚੋਂ ਮਾਸ ਹੈ ਸੋ ਇਹ ਇਸ ਕਾਰਣ ਨਾਰੀ ਅਖਵਾਏਗੀ, ਕਿਉਂ ਜੋ ਇਹ ਨਰ ਵਿੱਚੋਂ ਕੱਢੀ ਗਈ ਹੈ।’’

6. ਹਾਂ।
7. ਜ਼ਿੰਦਗੀ ਭਰ ਇਕ ਇਸਤਰੀ ਲਈ ਇਕ ਪੁਰਖ।
8. ਵੇਖੋ ਮੱਤੀ 19:4–6.
9. ਇਕ ਦੂਜੇ ਦੇ ਗਿਆਨ ਅਤੇ ਸਮਝ ਵਿਚ ਵੱਧਣਾ; ਸਮਰੱਥਾ ਅਤੇ ਸਹਾਇਤਾ; ਸਾਥ ਬੀਮਾਰੀ ਆਦਿ ਲਈ।
10. ਇਸ ਉੱਤੇ ਚਰਚਾ ਕਰੋ।
11. ਬੱਚਿਆਂ ਨੂੰ ਇਸ ਜਗਤ ਵਿਚ ਲਿਆਉਣਾ, ਉਨ੍ਹਾਂ ਦੀ ਪਰਵਰਿਸ਼ ਕਰਨਾ, ਅਤੇ ਪਤੀ ਦੀ ਸੰਭਾਲ ਕਰਨੀ, ਅਤੇ ਘਰ ਦੀ ਦੇਖਭਾਲ ਕਰਨੀ।
12. ਹਾਂ।
13. ਉਸ ਨੂੰ ਅਗਲੀਆਂ ਪੀੜ੍ਹੀਆਂ ਨੂੰ ਤਿਆਰ ਕਰਨ ਦਾ ਮੌਕਾ ਦਵੇ।
14. ਘਰ ਤਬਾਹ ਹੋ ਰਹੇ ਹਨ, ਲੋਕਾਂ ਵਿਚ ਇਖ਼ਲਾਕੀ ਤੌਰ ਤੇ ਗਿਰਾਵਟ ਆ ਰਹੀ ਹੈ ਅਤੇ ਜੁਰਮ ਵਧ ਰਹੇ ਹਨ।
15. (V) ਬੱਚਿਆਂ ਨੂੰ ਜਨਮ ਦੇਣਾ ਅਤੇ ਉਨ੍ਹਾਂ ਦੀ ਪਰਵਰਿਸ਼ ਕਰਨੀ; ਘਰ ਬਾਰ ਸੰਭਾਲਣਾ, (2) ਆਪਣੇ ਪਤੀ ਦੀ ਜ਼ਿੰਦਗੀ ਵਿਚ, ਜਿੱਥੇ ਵੀ ਹੋ ਸਕੇ ਉਹਦੇ ਨਾਲ ਮੋਢੇ ਨਾਲ ਮੋਢਾ ਡਾਹੁਣ ਦੀ ਕੋਸ਼ਿਸ਼ ਕਰਨੀ। (3) ਪਤੀ ਦੇ ਪਰਿਵਾਰ ਨਾਲ ਸਬੰਧ ਮਜ਼ਬੂਤ ਬਣਾਉਣਾ। (4) ਰੂਹਾਨੀ ਸਾਥੀ
16. ਹਾਂ। ਅਜਿਹੀ ਗੁਣੀ ਨੂੰ ਔਰਤ ਉਹਦੇ ਪਤੀ ਵੱਲੋਂ ਦਿੱਤੇ ਸਾਰੇ ਇਖ਼ਤਿਆਰ ਅਤੇ ਜ਼ਿੰਮੇਵਾਰੀ ਦੇ ਸਬੰਧ ਵਿਚ ਪੁਰਾਣੇ ਨੇਮ ਦੀ ਕਿਤਾਬ ਕਹਾਉਤਾਂ 31 ਵੇਖੋ।
17. ਹਾਂ। ਉਹ ਬੜੇ ਪਿਆਰ ਨਾਲ ਅਤੇ ਹਲੀਮੀ ਨਾਲ; ਉਸ ਉੱਤੇ ''ਹੁਕਮ'' ਨਾ ਚਲਾਵੇ ਜਾਂ ਉਸ ਦਾ ਅਨਾਦਰ ਨਾ ਕਰੇ, ਬਲਕਿ ਆਪਣੇ ਵਿਚਾਰ ਨੂੰ ਪਿਆਰ ਨਾਲ ਅਤੇ ਮਦਦ ਕਰਨ ਦੇ ਇਰਾਦੇ ਨਾਲ ਰੱਖੇ।

## ਪਾਠ 6

1. ਨਹੀਂ। ਜੋ ਕੁਝ ਉਸ ਨੇ ਲਿਖਿਆ ਉਹ ਪਵਿੱਤਰ ਆਤਮਾ ਦੀ ਅਗਵਾਈ ਨਾਲ ਲਿਖਿਆ ਗਿਆ ਸੀ।
2. ਇਕ ਵੀ ਨਹੀਂ।
3. ਇਕ ਵੀ ਨਹੀਂ।
4. ਨਹੀਂ।
5. ਚਰਚਾ ਕਰੋ।
6. ਸਿਰਫ਼ ਆਪਣੇ ਆਪ ਨੂੰ ਹੀ ਤਿਆਰ ਨਾ ਕਰੇ ਬਲਕਿ ਆਪਣੀ ਪੂਰੀ ਤਾਕਤ ਨਾਲ ਰਹਿਨੁਮਾਈ ਕਰੇ।
7. ਐਲਡਰਾਂ, ਡੀਕਨਾਂ, ਇਕ ਨਾਲੋਂ ਵੱਧ ਹੋਣਾ।
8. ਚਰਚਾ ਕਰੋ।

9. ਚਰਚਾ ਕਰੋ।
10. ''ਜੇ ਕੋਈ ਆਪਣੇ ਹੀ ਘਰ ਦਾ ਪ੍ਰਬੰਧ ਕਰਨਾ ਨਾ ਜਾਣੇ ਤਾਂ ਉਹ ਪਰਮੇਸ਼ੁਰ ਦੀ ਕਲੀਸੀਆ ਦੀ ਰਖਵਾਲੀ ਕਿਕੁਰ ਕਰੇਗਾ?''
11. (1) ਔਰਤ ਇੱਕੋ ਪਤਨੀ ਦਾ ਪਤੀ ਨਹੀਂ ਹੋ ਸਕਦੀ; (2) ਆਪਣੇ ਪਤੀ ਉੱਪਰ ਇਖ਼ਤਿਆਰ ਰੱਖਣ ਲਈ ਪਹਿਲਾਂ ਤੋਂ ਮਨਾਹੀ ਕਾਰਣ ਉਹ ਕਲੀਸੀਆ ਉੱਤੇ ਹੁਕਮ ਨਹੀਂ ਚਲਾ ਸਕਦੀ।
12. ਹਾਂ; ਨਹੀਂ।
13. ਕਈ ਡਿਨੋਮਿਨੇਸ਼ਨਾਂ ਵਿਚ ਡੀਕਨ (ਐਲਡਰ ਨਹੀਂ) ਹੁੰਦੇ ਹਨ ਜਿਹੜੇ ਐਲਡਰਾਂ ਦਾ ਕੰਮ ਕਰ ਰਹੇ ਹੁੰਦੇ ਹਨ; ਕਈ ਡਿਨੋਮਿਨੇਸ਼ਨਾਂ ਵਿਚ ਪ੍ਰਚਾਰਕ ਹੁੰਦੇ ਹਨ ਜਿਹੜੇ ''ਪਾਸਟਰਾਂ/ਪਾਸਬਾਨਾਂ'' ਦਾ ਕੰਮ ਕਰਦੇ (ਜਾਂ ਸਦਾਉਂਦੇ) ਹਨ, ਪਰ ਐਲਡਰ ਬਣਨ ਦੇ ਯੋਗ ਨਹੀਂ ਹੁੰਦੇ ਅਤੇ ਉਨ੍ਹਾਂ ਦਾ ਕੰਮ (ਅਸਲ ਵਿਚ ਨਵੇਂ ਨੇਮ ਦੀ ਕਲੀਸੀਆ ਲਈ ''ਐਲਡਰ/ਬਜ਼ੁਰਗ'' ਜਾਂ ''ਚਰਵਾਹੇ'' ਦਾ ਕੰਮ) ਨਹੀਂ ਕਰ ਰਹੇ ਹੁੰਦੇ।
14. ਕਿਉਂ ਜੋ ਮਨੁੱਖ ਨੂੰ ਉਸ ਨੂੰ ਜਿਹੜਾ ਖ਼ੁਦਾ ਨੇ ਲਿਖਿਆ ਹੈ, ਬਦਲਣ ਦਾ ਕੋਈ ਇਖ਼ਤਿਆਰ ਨਹੀਂ ਹੈ।

## ਪਾਠ 7

1. ਉਹ ਸਭ ਕੁਝ ਕਰਨ ਲਈ ਅਜ਼ਾਦ ਹਨ ਜੋ ਆਦਮੀ ਕਰ ਸਕਦੇ ਹਨ।
2. ਪ੍ਰਚਾਰਕ, ਪਾਸਟਰ (ਪਾਸਬਾਨ), ਬਿਸ਼ਪ ਅਤੇ ਪ੍ਰੀਸਟ। ਨਹੀਂ, ਜਿਸ ਤਰ੍ਹਾਂ ਨਾਲ ਅੱਜ ਉਨ੍ਹਾਂ ਦੀ ਵਰਤੋਂ ਹੁੰਦੀ ਹੈ ਉਵੇਂ ਨਹੀਂ, ਨਾ ਹੀ ਔਰਤਾਂ ਨੂੰ ਇਨ੍ਹਾਂ ਅਹੁਦਿਆਂ ਤੇ ਲਾਇਆ ਜਾਂਦਾ ਸੀ।
3. ਇਹ ਸਾਨੂੰ ਪਵਿੱਤਰ ਆਤਮਾ ਦੇ ਰਾਹੀਂ (ਪਰਮੇਸ਼ੁਰ ਦੇ ਸਾਹ ਤੋਂ) ਅਰਥਾਤ ਆਤਮਾ ਦੀ ਪ੍ਰੇਰਣਾ ਨਾਲ ਦਿੱਤੀ ਗਈ। ਇਸ ਦਾ ਸੰਦੇਸ਼ ਮਨੁੱਖ ਦੇ ਇਖ਼ਤਿਆਰ ਤੋਂ ਨਹੀਂ ਮਿਲਿਆ ਹੈ।
4. ''... ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹ ਨੂੰ ਇਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਵਚਨ ਮੈਂ ਕਿਹਾ ਉਹੀ ਉਸ ਨੂੰ ਅੰਤ ਦੇ ਦਿਨ ਦੋਸ਼ੀ ਠਹਿਰਾਵੇਗਾ।''
5. ਨਹੀਂ। ਮੱਤੀ 4: ਹੇਠਾਂ ਸੁੱਟੇ ਗਏ ਫ਼ਰਿਸ਼ਤੇ, ਸ਼ੈਤਾਨ ਨੇ ਯਿਸੂ ਨੂੰ ਕੁਝ ਕੰਮ ਕਰਨ ਲਈ ਆਖਿਆ, ਆਪਣੀਆਂ ਗੱਲਾਂ ਦੀ ਹਮਾਇਤ ਵਿਚ ਉਸ ਨੇ ਲਿਖਤ ਦਾ ਹਵਾਲਾ ਵੀ ਦਿੱਤਾ।
6. ਸਹੀ।
7. ਸਮਾਜ, ਘਰ, ਪ੍ਰਭੂ ਦੀ ਕਲੀਸੀਆ।
8. ਲਾਜ ਅਤੇ ਸੰਜਮ ਸਹਿਤ ਆਪਣੇ ਆਪ ਨੂੰ ਸੁਹਾਉਣੀ ਪੋਸ਼ਾਕੀ ਨਾਲ ਸੁਆਰਨ; ਨਾ ਗੁੰਦਿਆਂ ਹੋਇਆਂ ਵਾਲਾਂ ਅਤੇ ਸੋਨੇ ਜਾਂ ਮੋਤੀਆਂ ਜਾਂ ਭਾਰੇ ਮੁੱਖ ਦੇ ਬਸਤਰਾਂ ਨਾਲ, ਸਗੋਂ ਸ਼ੁੱਭ ਕਰਮਾਂ ਦੇ ਵਸੀਲੇ ਨਾਲ।

9. ਇਸ ਦਾ ਅਰਥ ''ਆਦਮੀਆਂ'' ਲਈ ਹੀ ਹੈ।
10. (1) ਆਦਮ ਪਹਿਲਾਂ, ਉਹਦੇ ਬਾਅਦ ਹੱਵ੍ਹਾ ਨੂੰ ਬਣਾਇਆ ਗਿਆ; (2) ਆਦਮ ਨੇ ਧੋਖਾ ਨਹੀਂ ਖਾਧਾ; ਪਰ ਔਰਤ ਧੋਖਾ ਖਾ ਕੇ ਅਪਰਾਧ ਵਿਚ ਪੈ ਗਈ।

## ਪਾਠ 8

1. ਨਹੀਂ।
2. ਵਿਹਾਰ, ਦੂਜਿਆਂ ਨਾਲ ਆਪਣੇ ਸਬੰਧਾਂ।
3. ਆਪਣੇ ਵਿਸ਼ਵਾਸ ਨਾਲ, ਭੈ ਅਤੇ ਭਗਤੀ ਭਰੇ ਵਿਹਾਰ ਵਿਚ।
4. ਹਾਂ, ਮਸੀਹ ਦੇ ਸਭ ਤੋਂ ਵੱਡੇ ਵੈਰੀ ਉਹ ਹੀ ਲੋਕ ਹਨ ਜਿਹੜੇ ਵਿਖਾਵੇ ਲਈ ਉਹਦੇ ਨਾਮ ਨੂੰ ਪਹਿਨਦੇ ਹਨ ਪਰ ਅਸਲ ਵਿਚ ਉਹ ਕਪਟੀ ਹਨ।
5. ਆਪਣੇ ਬੱਚਿਆਂ
6. ਹਾਂ। ਪ੍ਰਿਸਕਿੱਲਾ ਦਾ ਨਾਂਅ ਆਪਣੇ ਪਤੀ ਅਕਵਿੱਲਾ ਨਾਲ ਆਉਂਦਾ ਹੈ ਜਿਨ੍ਹਾਂ ਨੇ ਅਪੁੱਲੋਸ ਨੂੰ ਪਰਮੇਸ਼ੁਰ ਦਾ ਵਚਨ ਸਿਖਾਇਆ ਸੀ।
7. ਛੋਟੇ ਬੱਚਿਆਂ ਅਤੇ ਔਰਤਾਂ ਨੂੰ ਸਿਖਾਉਣ ਵਿਚ।
8. ਰਹਿਨੁਮਾਈ ਦੀ ਭੂਮਿਕਾ।
9. ਪੁਰਖ ਮਸੀਹੀ; ਪੁਰਖਾਂ; ਬੰਦਗੀ ਵਿਚ ਅਗਵਾਈ ਕਰਨ; ਸਿਖਿਆ ਦੇਣ।
10. ਨਹੀਂ। ਕਿਉਂ ਜੋ ਕਿਸੇ ਵੀ ਮਨੁੱਖ ਨੂੰ ਖ਼ੁਦਾ ਦੀਆਂ ਦਿੱਤੀਆਂ ਹਦਾਇਤਾਂ ਨੂੰ ਰੱਦਣ ਦਾ ਇਖ਼ਤਿਆਰ ਨਹੀਂ ਹੈ।
11. ਹਾਂ। ਇਸ ਗੱਲ ਤੇ ਕਿ ਔਰਤਾਂ ਕੀ ਕਰ ਸਕਦੀਆਂ ਸਨ, ਨਾ ਕਿ ਇਹ ਕਿ ਵਾਲ ਦੀ ਖੱਲ ਲਾਹੁੰਦਿਆਂ ਇਸ ਉੱਤੇ ਬਹਿਸ ਕੀਤੀ ਜਾਵੇ ਕਿ ਉਹ ਕੀ ਨਹੀਂ ਕਰ ਸਕਦੀਆਂ ਹਨ।

## ਪਾਠ 9

1. ''ਸਮੀਖਿਆ ਦੁਆਰਾ'' ਕਰਨ ਵਿਚ ਕੋਈ ਬੁਰਾਈ ਨਹੀਂ, ਸ਼ਰਤ ਇਹ ਹੈ ਕਿ ਸਾਡੇ ਵਿਚ ਵਚਨ ਤੋਂ ਬਾਹਰ ਨਾ ਹੋਵੇ।
2. ਆਦਮੀ; ਮਸੀਹ।
3. ਕਿਉਂ ਜੋ ਅਸਲ ਝਗੜਾ ਰਹਿਨੁਮਾਈ, ਇਖ਼ਤਿਆਰ ਅਤੇ ਖ਼ੁਦਾ ਦੇ ਸਿਸਟਮ ਦਾ ਨਾ ਕਿ ਔਰਤਾਂ ਦੀ ਭੂਮਿਕਾ ਦਾ।
4. ਪਵਿੱਤਰ ਆਤਮਾ; ਇਖ਼ਤਿਆਰ; ਕਿਸੇ ਮਨੁੱਖੀ ਲੇਖਕ ਦੇ ਵਿਚਾਰ।
5. ਵਚਨ ਦੀਆਂ ਸਪਸ਼ੱਟ ਹਦਾਇਤਾਂ ਨੂੰ ਟਾਲਣ ਲਈ।
6. ਵੱਧ ਕੇ ਆਪਣੀ ਮਰਜ਼ੀ ਹੋਣ ਦਾ ਦਾਅਵਾ ਕਰਦਾ ਹੈ।
7. ਢੀਠਪੁਣੇ ਦਾ ਪਾਪ, ਜਿਸ ਦੀ ਵਚਨ ਵਿਚ ਸਖ਼ਤ ਨਿਖੇਦੀ ਕੀਤੀ ਗਈ ਹੈ।
8. ਨਹੀਂ, ਕਿਉਂ ਜੋ ਇਸ ਦਾ ਕੋਈ ਇਖ਼ਤਿਆਰ ਨਹੀਂ ਹੈ।

9. ਖ਼ੁਦਾ ਨੇ ਅਜਿਹੇ ਬੰਦੇ ਦੀ ਗੱਲ ਮੰਨਣ ਦੀ ਸਖ਼ਤ ਮਨਾਹੀ ਕੀਤੀ ਹੈ।
10. ਪਰਮੇਸ਼ੁਰ; ਡਰਿਓ, ਹੁਕਮ ਅਵਾਜ਼, ਪਾਲਣਾ ਕਰਿਓ, ਨੂੰ ਸੁਣਿਓ, ਨਾਲ।
11. ਉਸ ਨੂੰ ਮਾਰ ਸੁੱਟਣ ਦਾ ਹੁਕਮ ਦਿੱਤਾ ਗਿਆ।
12. ਦੁਬਾਰਾ ਤੋਂ ਲਿਖ ਕੇ ਇਖ਼ਤਿਆਰ ਦੀ ਤਰਤੀਬ ਨੂੰ ਬਦਲ ਕੇ; ਵੱਡਾ ਅਪਰਾਧ ਹੋਇਆ।

## ਪਾਠ 10

1. ਆਦਮੀ ਦਾ ਸਿਰ ਮਸੀਹ ਹੈ, ਔਰਤ ਦਾ ਸਿਰ ਆਦਮੀ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ।
2. ਪਰਮੇਸ਼ੁਰ, ਤਰਤੀਬ, ਨਹੀਂ।
3. ਜਵਾਬ ਦਿਓ ਅਤੇ ਚਰਚਾ ਕਰੋ।
4. ਚਰਚਾ ਕਰੋ।
5. ਮੁਨਾਵੇ, ਸ਼ਰਮ।
6. ਫਬਦਾ, ਇਸਤਰੀ ਨੰਗੇ ਸਿਰ, ਪ੍ਰਾਰਥਨਾ।
7. ਸਿਰ ਢੱਕਣ।
8. ਆਦਮੀ ਛੋਟੇ ਵਾਲ ਰੱਖਦੇ ਸਨ ਅਤੇ ਸਿਰ ਨਹੀਂ ਢੱਕਦੇ ਸਨ, ਜਦ ਕਿ ਔਰਤਾਂ ਲੰਮੇ ਵਾਲ ਰੱਖਦੀਆਂ ਸਨ ਅਤੇ ਸਿਰ ਢੱਕਦੀਆਂ ਸਨ।
9. ਚਰਚਾ ਕਰੋ।
10. ਜੇ ਆਦਮੀ ਵਾਲ ਲੰਮੇ ਰੱਖੇ ਤਾਂ ਇਹ ਉਹਦੇ ਲਈ ਅਨਾਦਰ ਦੀ ਗੱਲ ਹੈ, ਪਰ ਜੇ ਔਰਤ ਲੰਮੇ ਵਾਲ ਰੱਖੇ ਤਾਂ ਇਹ ਉਹਦੇ ਲਈ ਇੱਜ਼ਤ ਦੀ ਗੱਲ ਹੈ।
11. ਇਹ ਉਹਨੂੰ ਸਜਾਵਟ ਲਈ ਦਿੱਤੇ ਗਏ ਹਨ ਅਤੇ ਉਸ ਨੂੰ ਪਰਦੇ ਦੇ ਥਾਂ ਦਿੱਤੇ ਹੋਏ ਹਨ।
12. ਘੁੰਡ ਜਾਂ ਸਾਜ਼ਾਂ ਦੇ ਹੋਣ ਜਾਂ ਨਾ ਹੋਣ ਦੇ ਬਾਵਜੂਦ ਸਰੀਰ ਦੇ ਕੁਦਰਤੀ ਅੰਗਾਂ ਦੀ ਵਰਤੋਂ ਕਰਕੇ ਬੰਦਗੀ ਕੀਤੀ ਜਾ ਸਕਦੀ ਹੈ ਅਤੇ ਜ਼ਿੰਦਾ ਰਿਹਾ ਜਾ ਸਕਦਾ ਹੈ।
13. ..................................
14. ਹਾਂ
15. ਹਾਂ
16. ਹਾਂ
17. ਹਾਂ। ਹਾਂ।
18. ਹਾਂ
19. ਬਦਨਾਮ, ਮੌਕਾ

## ਪਾਠ 11

1. ਅੱਜ ਲੋਕਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤੇ ਜਾਣ, ਮੋਅਜਜ਼ੇ ਹੋਣ, ਬੋਲੀਆਂ ਬੋਲਣ ਅਤੇ ਚਮਤਕਾਰੀ ਢੰਗ ਨਾਲ ਕੰਮ ਕਰਨ ਦੀ ਸ਼ਕਤੀ ਮਿਲਣ ਦੇ ਹੋਰ ਦਾਅਵਿਆਂ ਤੇ।
2. ਮਸੀਹ ਦੀ ਮੌਤ ਦੇ ਬਾਅਦ ਪੈਂਟੀਕਾਸਟ ਵਾਲੇ ਦਿਨ; 1914; 1902; 1898.
3. ਮਸੀਹ ਦਾ ਨਾ ਕਿ ਕਿਸੇ ਯਹੂਦੀ ਪਰਬ (ਜਿਵੇਂ ਪੈਂਟੀਕਾਸਟ) ਦੇ ਦਿਨ ਦਾ।
4. ਨਹੀਂ, ਉਦੋਂ ਜ਼ੋਰ ਮਸੀਹ ਅਤੇ ਉਸ ਦੇ ਰਾਜ ਦਾ ਪ੍ਰਚਾਰ ਕਰਨ ਤੇ ਦਿੱਤਾ ਜਾਂਦਾ ਸੀ (ਰਸੂਲਾਂ ਦੇ ਕਰਤੱਬ 8:12)।
5. ਕਿਉਂ ਜੋ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਵਚਨ ਦੀ ਤਸਦੀਕ ਲਈ ਮੋਅਜਜ਼ੇ ਦਿੱਤੇ ਗਏ ਸਨ। ਜਦ ਸੰਦੇਸ਼ ਦੇ ਦਿੱਤੇ ਜਾਣ ਅਤੇ ਇਸ ਦੀ ਤਸਦੀਕ ਹੋ ਜਾਣ ਦੇ ਬਾਅਦ ਕਿ ਇਹ ਖ਼ੁਦਾ ਦੀ ਤਰਫ਼ੋਂ ਹੀ ਹੈ, ਮੋਅਜਜ਼ਿਆਂ ਦਾ ਮਕਸਦ ਪੂਰਾ ਹੋ ਗਿਆ ਤਾਂ ਮੋਅਜਜ਼ੇ ਘੱਟ ਹੁੰਦੇ ਹੁੰਦੇ ਬੰਦ ਹੋ ਗਏ।
6. ਢਬ ਸਿਰ, ਜੁਗਤੀ।
7. ਕਿ ਮੰਡਲੀਆਂ ਵਿਚ ਤੀਵੀਂਆਂ ਚੁੱਪ ਹੋ ਰਹਿਣ ਕਿਉਂ ਜੋ ਉਨ੍ਹਾਂ ਨੂੰ ਬੋਲਣ ਦੀ ਆਗਿਆ ਨਹੀਂ ਹੈ। ਸਗੋਂ ਉਹ ਅਧੀਨ ਹੋ ਰਹਿਣ।
8. ਕਿਉਂ ਜੋ ਪਵਿੱਤਰ ਆਤਮਾ ਨੇ ਆਪਣੇ ਲਿਖਤ ਵਚਨ ਦੇ ਉਲਟ ਕਰਨ ਵਿਚ ਕਿਸੇ ਨੂੰ ਵੀ ਅਗਵਾਈ ਨਹੀਂ ਦਿੱਤੀ।
9. ਕਿਸੇ ਭਾਸ਼ਾ ਜਾਂ ਬੋਲੀ ਨੂੰ ਬੋਲਣ ਦਾ ਕੀ ਲਾਭ ਜੇ ਸੁਣਨ ਵਾਲਿਆਂ ਨੂੰ ਸਮਝ ਹੀ ਨਾ ਆਏ? ਇਹ ਤਾਂ ਹਵਾ ਨਾਲ ਗੱਲਾਂ ਕਰਨ ਵਾਂਗ ਹੋਵੇਗਾ।
10. ਧਰਤੀ ਉਤਲੀ ਬੋਲੀ।
11. ਕਿ ਉਹ ਦਸ ਹਜ਼ਾਰ ਸ਼ਬਦਾਂ ਨਾਲੋਂ ਜਿਹੜੇ ਉਸ ਦੇ ਸੁਣਨ ਵਾਲੇ ਸਮਝ ਨਾ ਆ ਸਕਣ, ਪੰਜ ਸ਼ਬਦ ਬੋਲੇ।
12. ਹਾਂ; ਨਹੀਂ।
13. ਚੋਣਵੇਂ ਮਸੀਹੀ ਲੋਕਾਂ ਉੱਤੇ ਹੱਥ ਰੱਖਣ ਦੇ ਰਾਹੀਂ।
14. ਨਹੀਂ; ਹਰ ਕਿਸੇ ਨੂੰ ਅੱਡੋ ਅੱਡ ਦਾਨ ਮਿਲਦੇ ਸਨ।
15. ਮੋਅਜਜ਼ੇ ਦੇ ਰਾਹੀਂ ਇਕ ਭਾਸ਼ਾ ਦਾ ਗਿਆਨ ਦਿੱਤਾ ਜਾਣਾ।
16. ਨਹੀਂ; ਜੇ ਦਿੱਤਾ ਜਾਂਦਾ ਹੁੰਦਾ ਤਾਂ ਅਰਥ ਕਰਨ ਦੀ ਲੋੜ ਹੀ ਨਹੀਂ ਰਹਿਣੀ ਸੀ।
17. ਹਾਂ; ਹਾਂ।
18. ਨਹੀਂ; ਨਹੀਂ।

## ਪਾਠ 12

1. ਪਾਠ ਦੇ ਪਹਿਲੇ ਚਾਰ ਸਫ਼ੇ ਵੇਖੋ।
2. ਮਾਂ ਹੋਣ ਦੇ ਪ੍ਰੇਮ ਅਤੇ ਜ਼ਿੰਮੇਵਾਰੀ ਦੀਆਂ ਭਾਵਨਾਵਾਂ ਦੀ।
3. ਹਾਂ, ਜ਼ਿਆਦਾਤਰ ਮਾਮਲਿਆਂ ਵਿਚ ਅਜਿਹਾ ਹੀ ਹੋਵੇਗਾ।
4. ਬਚਪਨ ਤੋਂ ਕੰਮ ਕਰਨ ਦੀ ਸਿੱਖਿਆ ਦੇ ਕੇ ਆਦਮੀ ਨੂੰ ਆਪ ਪਰਿਵਾਰ ਲਈ ਕੰਮ ਕਰਨਾ ਚਾਹੀਦਾ ਹੈ।
5. ਚਰਚਾ ਕਰੋ।
6. ਜਿਵੇਂ ਕਿ 1 ਕੁਰਿੰਥੀਆਂ 16:2 ਅਤੇ ਹੋਰਨਾਂ ਹਵਾਲਿਆਂ ਵਿਚ ਦੱਸਿਆ ਗਿਆ ਹੈ, ਆਪਣੇ ਭੱਤਿਆਂ ਜਾਂ ਆਮਦਨੀ ਵਿੱਚੋਂ ਸਹੀ ਤਰੀਕੇ ਨਾਲ ਚੰਦਾ ਕੱਢਣਾ।
7. ਆਪਣੇ ਪਰਿਵਾਰ ਉੱਤੇ ਹਲੀਮੀ ਅਤੇ ਪ੍ਰੇਮ ਨਾਲ ਇਖ਼ਤਿਆਰ ਰੱਖਣ। ਆਪਣੇ ਪਤੀ ਲਈ ਅਧੀਨ ਸਹਾਇਕ ਬਣਨ।
8. ਉਹ ਇਸ ਨੂੰ ਨੀਰਸ ਅਤੇ ਬੋਰਿੰਗ ਦੱਸਦੀਆਂ ਹਨ।
9. ਆਪਣੇ ਮਾਂ ਪਿਓ ਦੀ ਜ਼ਿੰਦਗੀ ਨੂੰ ਵੇਖ ਕੇ।
10. ਖ਼ੁਦਾ ਕੋਲ।
11. ਬਚਪਨ ਤੋਂ ਹੀ ਬੱਚਿਆਂ ਨੂੰ ਇਹ ਸਿੱਖਿਆ ਦੇ ਕੇ ਕਿ ਖ਼ੁਦਾ ਸਭ ਤੋਂ ਉੱਪਰ ਹੈ ਅਤੇ ਮਾਪੇ ਬੜੀ ਚੌਕਸੀ ਨਾਲ ਆਪਣੇ ਬੱਚਿਆਂ ਦੀ ਪਰਵਰਿਸ਼ ਵਿਚ ਕਰਨ ਖ਼ੁਦਾ ਦੇ ਆਗਿਆਕਾਰ ਹਨ।
12. ਕਿ ਉਨ੍ਹਾਂ ਦੇ ਮਾਤਾ ਪਿਤਾ ਖ਼ੁਦਾ ਦੇ ਦਿੱਤੇ ਨਿਯਮਾਂ ਦੇ ਮਤਹਿਤ ਹਨ।

## ਪਾਠ 13

1. (1) ਵਿਆਹ (2) ਘਰ (3) ਕਲੀਸੀਆ (4) ਸਮਾਜ।
2. ਪਤਨੀ ਦਾ ਸਿਰ, ਇੰਤਜ਼ਾਮ ਕਰਨ ਵਾਲਾ ਅਤੇ ਰੱਖਿਆ ਕਰਨ ਵਾਲਾ ਹੋਣਾ।
3. ਆਪਣੇ ਪਤੀ ਦਾ ਆਦਰ ਕਰਨਾ ਅਤੇ ਉਸ ਦੀ ਰਹਿਨੁਮਾਈ ਨੂੰ ਮੰਨਣਾ; ਉਸ ਦੀਆਂ ਜਿਸਮਾਨੀ, ਜਜ਼ਬਾਤੀ ਅਤੇ ਜਿਣਸੀ ਲੋੜਾਂ ਨੂੰ ਪੂਰਿਆਂ ਕਰਨਾ।
4. ਅਜ਼ਮਾਇਸ਼, ਸਹਿਮਤੀ, ਰੋਜ਼ਾ ਰੱਖਣ ਅਤੇ ਦੁਆ ਕਰਨ।
5. ਉਸ ਨੂੰ ਦਲੇਰੀ ਦਵੇ ਅਤੇ ਉਸ ਦੀ ਮਦਦ ਕਰੇ ਤਾਂ ਜੋ ਉਹ ਪਤਨੀ ਦੇ ਕੰਮ ਨਾਲ ਕਮਜ਼ੋਰ ਨਹੀਂ ਬਲਕਿ ਮਜ਼ਬੂਤ ਬਣ ਸਕੇ।
6. ਹਾਂ; ਪਤੀ ਨੂੰ।
7. ਦਲੇਰੀ; ਵਧਣ; ਮੇਲ ਖਾ।
8. ਆਪਣੇ ਪਰਿਵਾਰ ਲਈ ਰੋਜ਼ੀ ਕਮਾਉਣਾ, ਆਪਣੀ ਪਤਨੀ ਅਤੇ ਬੱਚਿਆਂ ਦੀ ਰੱਖਿਆ ਕਰਨੀ ਅਤੇ ਘਰਾਂ ਵਿਚ ਆਗੂ ਬਣਨਾ; ਅਤੇ ਆਪਣੇ ਪਰਿਵਾਰ ਵਿਚਕਾਰ ਅਤੇ ਸੰਸਾਰ ਵਿਚਕਾਰ ਖਲੋਣਾ, ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ।
9. ਉਸ ਨੇ ਸੰਸਾਰ ਦੀ ਕਠੋਰਤਾ ਅਤੇ ਅਨਿਆਵਾਂ ਦਾ ਸਾਹਮਣਾ ਕਰਨ ਲਈ ਤਿਆਰ

ਕਰਨ ਲਈ ਉਨ੍ਹਾਂ ਨੂੰ ਸਰੀਰਕ ਅਤੇ ਭਾਵਨਾਤਮਕ ਤੌਰ ਤੇ ਮਜ਼ਬੂਤ ਬਣਾਇਆ।

10. ਘਰ ਦੀ ਦੇਖਭਾਲ ਅਤੇ ਪਰਿਵਾਰ ਦੀਆਂ ਲੋੜਾਂ ਦਾ ਧਿਆਨ ਰੱਖਣਾ।
11. ਉਸ ਨੂੰ ਰਹਿਮਦਿਲੀ, ਤਰਸ, ਸਮਝਦਾਰੀ ਦੀ ਅਲਹਿਦਾ ਕਿਸਮ ਦੀ ਸ਼ਕਤੀ ਦੇ ਕੇ।
12. (1) ਕਿ ਉਹ ਉਨ੍ਹਾਂ ਨਾਲ ਵਿਹਾਰ ਕਰਨ ਵਿਚ ਸਮਝ ਅਤੇ ਵਿਵੇਕ ਦੀ ਵਰਤੋਂ ਕਰਨ ਤਾਂ ਜੋ ਬੱਚੇ ਮਤਹਿਤ ਹੋਣਾਂ ਸਿੱਖਣ ਨਾ ਕਿ ਬਾਗ਼ੀ ਬਣਨਾ। (2) ਕਿ ਉਹ ਖ਼ੁਦਾ ਦੇ ਸਾਹਮਣੇ ਸਿੱਖਿਆ ਦੇਣ ਲਈ ਜ਼ਿੰਮੇਵਾਰ ਹਨ। (ਇਹਦਾ ਮਤਲਬ ਹੈ ਕਿ ਉਹ ਮਸੀਹੀ ਹੋਣ ਦੀਆਂ ਗਤੀਵਿਧੀਆਂ ਅਤੇ ਕੰਮ ਵਿਚ ਅਗਵਾਈ ਕਰਨ) ਤਾਂ ਜੋ ਉਹ ਵਫ਼ਾਦਾਰ ਮਸੀਹੀ ਬਣਨ ਲਈ ਵੱਡੇ ਹੋਣ।
13. ਜਨਤਕ ਰਹਿਨੁਮਾਈ, ਸਿਖਾਉਣ, ਆਪ ਵਚਨ ਦਾ ਮੁਤਾਲਿਆ ਜਾਂ ਅਧਿਐਨ ਕਰਨਾ ਤਾਂ ਜੋ ਉਹ ਕਲੀਸੀਆ ਨੂੰ ਗੁਮਰਾਹ ਨਾ ਹੋਣ ਦਵੇ।
14. ਪ੍ਰਚਾਰਕ (ਇਵੈਂਜਲਿਸਟ), ਉਸਤਾਦ (ਸਿਖਾਉਣ ਵਾਲੇ), ਪਾਸਬਾਨ (ਐਲਡਰ), ਅਤੇ ਡੀਕਨ।
15. ਮਜ਼ਬੂਤ ਮਸੀਹੀ ਔਰਤਾਂ ਬਣਨਾ, ਬਾਈਬਲ ਕਲਾਸ ਵਿਚ ਔਰਤਾਂ ਅਤੇ ਬੱਚਿਆਂ ਨੂੰ ਸਿਖਾਉਣ ਲਈ ਤਿਆਰ ਹੋਣਾ, ਬੰਦਗੀ ਵਿਚ ਅਤੇ ਕਲੀਸੀਆ ਦੇ ਰੋਜ਼ਮੱਰਾ ਦੇ ਕੰਮਾਂ ਵਿਚ ਭਾਈਵਾਲ ਹੋਣਾ।
16. ਹਾਂ। ਗੰਦਾ ਭਵਨ ਜਿਹਦੀ ਸਾਫ਼ ਸਫ਼ਾਈ ਨਹੀਂ ਹੁੰਦੀ, ਪੁਕਾਰ ਪੁਕਾਰ ਕੇ ਆਖ ਰਿਹਾ ਹੈ ਕਿ ਬੰਦਗੀ ਕਰਨ ਵਾਲਿਆਂ ਨੂੰ ਖ਼ੁਦਾ ਨੂੰ ਬਣਦਾ ਸਨਮਾਨ ਦੇਣ ਦੀ ਕੋਈ ਪਰਵਾਹ ਨਹੀਂ ਹੈ।
17. ਪ੍ਰਭੂ ਭੋਜ, ਰੋਟੀ।
18. ਇੰਜੀਲ ਨੂੰ ਸਿਖਾਉਣ ਅਤੇ ਜ਼ਰੂਰਤਮੰਦਾਂ ਲਈ ਪਰੋਪਕਾਰ ਦਾ ਕੰਮ ਕਰਨ ਵਿਚ ਅਗਵਾਈ ਕਰਨਾ।
19. ਇਸ ਤਰ੍ਹਾਂ ਜ਼ਿੰਦਗੀ ਜੀਣ ਜਿਸ ਨਾਲ ਮਸੀਹ ਦੇ ਨਾਂਅ ਦੀ ਬਦਨਾਮੀ ਨਾ ਹੋਵੇ, ਮਸੀਹੀ ਕਦਰਾਂ, ਨੈਤਿਕਤਾਵਾਂ ਅਤੇ ਅਮਲ ਦਾ ਜੀਣ ਦੇ ਆਪਣੇ ਢੰਗ ਨਾਲ ਪ੍ਰਚਾਰ ਕਰਨ, ਮੂੰਹੋਂ ਬੋਲ ਕੇ ਵਚਨ ਸਿਖਾਉਣ।
20. ਪਤੀਆਂ ਨਾਲ ਮੁਕਾਬਲਾ, ਔਰਤਾਂ ਲਈ ਕੰਮ ਨਾਲ ਭਰਪੂਰ ਜ਼ਿੰਦਗੀ।